
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
Monthly Atam Marg Magazine
December 2006
ਧੰਨ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ

ਸਾਲ ਬਾਰ੍ਹਵਾਂ ਅੰਕ ਨੌਵਾਂ, ਮਹੀਨਾ ਦਸੰਬਰ 2006
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ
ਫਾਊਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ

**FOREIGN (ਵਿਦੇਸ਼) CONTACT NO.**

**U.S.A. - Baba Satnam Singh ji Atwal**
Phone and Fax : 408-263-1844
**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387
**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Holland - Bhai Amrik Singh ji**
Phone : 624-695-753,
Fax : 765-426-805 /765-715-821
**Australia - Bhai Jiwan Singh ji**
Phone : 03-943-65865, Fax : 03-943-65867

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order & correspondence**

Head Office 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar,
Distt. Ropar-140901 Pb. India.

**Office 'Atam Marg' Ph. No. - 0160-2255002, 2255009**
**Gurdwara Ishar Parkash Ratwara Sahib - 0160-2255001**
**For more information please visit us on internet at:-**
**,Email : atammarg1@yahoo.co.in**
Website: www.ratwarasahib.org
www.atammarguk.com

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

# ਤੱਤਕਰਾ

1. ਬਾਰਾਮਾਹਾ 2
2. ਸੰਪਾਦਕੀ 3
3. ਜੈਸਾ ਸੰਗ ਤੈਸਾ ਰੰਗ 5
4. ਚਉਥੈ ਪਹਿਰ ਸਬਾਹ ਕੇ 16
5. ਅਮਰ ਸ਼ਹੀਦ 19
6. ਪੰਜਵੇਂ ਬਰਸੀ ਸਮਾਗਮ ਦੀ ਪੰਛੀ ਝਾਂਤ 33
7. ਕਰਮ ਬੰਧਨ ਤੋਂ ਮੁਕਤੀ 40
8. ਯੋਗਾ ਉਪਰ ਲੈਕਚਰ 46
7. ਸੰਤ ਬਿਮਲਾ ਸਿੰਘ ਜੀ 52

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

ਪਰਮ ਸਤਿਕਾਰ ਯੋਗ ਬੀਜੀ 9417214381
**'ਆਤਮ ਮਾਰਗ' ਮੈਗਜ਼ੀਨ ਨਾ ਮਿਲਣ ਤੇ ਕਿਸੇ ਵੀ ਟਾਈਮ ਸੰਪਰਕ ਨੰਬਰ** 9417214391,80,79
ਅਖੰਡਪਾਠ ਬੁਕਿੰਗ 9417214386
ਸਕੂਲ ਟਰਾਂਸਪੋਰਟ 9417214384
ਆਈ.ਟੀ. ਕਾਲਜ 9417214382
ਆਡੀਓ ਵੀਡੀਓ ਲਾਇਬ੍ਰੇਰੀ 9417214385

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 926 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਪੋਖਿ

*ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ*
*ੴ ਸਤਿਗੁਰ ਪ੍ਰਸਾਦਿ॥*
*ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥*
*ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥*
*ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ।।*
*ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥*
*ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥*
*ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥*
***ਅੰਗ – 1109***

ਇਸ ਮਹੀਨੇ ਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੋ ਪਾਲਾ ਕੱਕਰ ਇਸ ਮਹੀਨੇ ਪੈਂਦਾ ਹੈ ਉਹ ਜੰਗਲ ਘਾਹ ਬਨਸਪਤੀ ਦੇ ਰਸ ਨੂੰ ਸਕਾ ਕੇ ਰੱਖ ਦਿੰਦਾ ਹੈ। ਜਿਸ ਪ੍ਰਾਣੀ ਦੇ ਅੰਦਰ ਅਗਿਆਨ ਰੂਪੀ ਕੋਰਾਪਨ ਹੈ। ਉਸ ਦਾ ਅੰਦਰਲਾ ਪ੍ਰੇਮ ਰਸ ਖਤਮ ਹੋ ਜਾਂਦਾ ਹੈ। ਮੇਰੇ ਮਨ ਤਨ ਅਤੇ ਮੁੱਖ ਵਿੱਚ ਪ੍ਰਭੂ ਨਾਮ ਕਿਉਂ ਨਹੀਂ ਵਸਦਾ ਹੈ। ਜਦੋਂ ਕਿ ਸਾਰੇ ਸੰਸਾਰ ਵਿਚ ਸਾਰਿਆਂ ਦੇ ਅੰਦਰ ਪ੍ਰਭੂ ਦਾ ਨਾਮ ਰਮਿਆਂ ਹੋਇਆ ਹੈ ਗੁਰੂ ਸ਼ਬਦ ਦੇ ਨਾਲ ਇਹ ਰੰਗ ਮਾਣਿਆਂ ਜਾ ਸਕਦਾ ਹੈ। ਚੌਹਾਂ ਖਾਣੀਆਂ ਵਿਚ ਪ੍ਰਭੂ ਦੀ ਜੋਤ ਸਮਾਈ ਹੋਈ ਹੈ। ਹੇ ਦਿਆਲੂ ਕ੍ਰਿਪਾਲੂ ਦਿਆ ਪਤ ਦਾਤੇ ਆਪਣਾ ਦਰਸ਼ਨ ਦੇ ਤਾਂ ਕਿ ਐਸੀ ਮਤ ਨਾਲ ਗਤੀ ਹੋ ਸਕੇ ਜਿਸ ਵੀ ਮਨੁੱਖ ਦੀ ਪ੍ਰੀਤ ਪ੍ਰਮੇਸ਼ਰ ਨਾਲ ਜੁੜ ਜਾਂਦੀ ਹੈ ਅਤੇ ਪ੍ਰਭੂ ਪਿਆਰ ਵਿੱਚ ਜੁੜ ਕੇ ਆਤਮ ਰਸ ਦੇ ਪਰਮ ਅਨੰਦ ਨੂੰ ਮਾਣਦਾ ਹੋਇਆ ਆਤਮ ਰਸੀਆ ਬਣ ਜਾਂਦਾ ਹੈ। ਜਿਸ ਵਾਰੇ ਗੁਰੂ ਜੀ ਫੁਰਮਾਨ ਕਰਦੇ ਹਨ –

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭੂ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*

**ਸਰਬ ਲੋਹ ਗ੍ਰੰਥ**

ਆਪਣੇ ਆਤਮ ਸਵਰੂਪ ਨੂੰ ਪਛਾਣ ਕੇ ਉਸ ਰਸ ਨੂੰ ਮਾਨਣਾ ਅਤੇ ਆਪਣੀ ਹੋਂਦ ਨੂੰ ਆਤਮ ਹੋਂਦ ਵਿਚ ਲੈ ਕਰਨਾ, ਸੱਚ ਅਚਾਰ ਵਾਲਾ ਜੀਵਨ ਜਿਉਣ ਨੂੰ ਹੀ ਖਾਲਸਾ ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਦੀ ਪਰਮ ਅਵਸਥਾ ਵਾਲੇ ਮਹਾਨ ਪੁਰਸ਼ ਅਤੇ ਪ੍ਰਮੇਸ਼ਰ ਵਿੱਚ ਕੋਈ ਵੀ ਰੰਚਕ ਮਾਤਰ ਫਰਕ ਨਹੀਂ ਹੋਇਆ ਕਰਦਾ ਹੈ। ਇਸ ਲਈ ਗੁਰੂ ਨਾਨਕ ਪਾਤਸ਼ਾਹ ਦਾ ਤੁਖਾਰੀ ਰਾਗ ਵਿਚ ਆਇਆ ਇਸ ਮਹੀਨੇ ਦਾ ਫੁਰਮਾਨ ਅਸੀਂ ਆਪਣੇ ਜੀਵਨ ਵਿਚ ਕਮਾ ਕੇ ਆਤਮ ਰਸ ਨੂੰ ਮਾਣ ਸਕਦੇ ਹਾਂ।

*ਰਾਗੁ ਮਾਝ ਬਾਰਹਮਾਹਾ ਮਹਲਾ ੫*
*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥*
*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ।।*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ।.*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ।।*
*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥*
*ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥*
***ਅੰਗ – 135***

ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿਚ ਇਸ ਮਹੀਨੇ ਪ੍ਰਥਾਇ ਫੁਰਮਾਨ ਕਰਦੇ ਹਨ ਕਿ ਜਿਸ ਜੀਵ ਰੂਪੀ ਇਸਤਰੀ ਦੇ ਗਲ ਨਾਲ ਪ੍ਰਭੂ ਪਤੀ ਲਗਾ ਹੋਇਆ ਹੈ ਉਸ ਦੇ ਨਿੱਘ ਅੰਦਰ ਠੰਢ ਅਤੇ ਕੋਰਾ ਨਹੀਂ ਵਿਆਪਦਾ ਹੈ। ਜਗਿਆਸੂ ਸਦਾ ਹੀ ਗੁਰੂ ਚਰਨ ਕੰਵਲਾਂ ਨਾਲ ਜੁੜਿਆ ਰਹਿੰਦਾ ਹੈ ਜਿਸ ਨੇ ਵੀ ਉਸ ਗੋਬਿੰਦ ਗੋਪਾਲ ਦਾ ਆਸਰਾ ਲੈ ਕੇ ਮਾਲਕ ਦੀ ਸੇਵਾ ਦਾ ਲਾਭ ਪ੍ਰਾਪਤ ਕੀਤਾ ਹੈ, ਉਨ੍ਹਾਂ ਨੂੰ ਮਾਇਆ ਦੀ ਜਹਿਰ ਨਹੀਂ ਚੜ੍ਹਦੀ ਸਾਧੂਆਂ ਨੂੰ ਮਿਲ ਕੇ ਪ੍ਰਮੇਸ਼ਰ ਦੇ ਗੁਣਾਂ ਦਾ ਗਾਇਨ ਕਰਨਾਂ ਚਾਹੀਦਾ ਹੈ। ਆਤਮਾਂ ਤੋਂ ਜੀਵ ਦੇ ਸਬੰਧ ਨਾਲ ਬਣੀ ਜੀਵ ਆਤਮਾ ਪ੍ਰਭੂ ਦੀ ਪ੍ਰੀਤ ਵਿਚ ਸਦਾ ਹੀ ਜੁੜੀ ਰਹਿਣੀ ਚਾਹੀਦੀ ਹੈ। ਜਿਸ ਦੀ ਇਸ ਤਰ੍ਹਾਂ ਦੀ ਅਵਸਥਾ ਹੈ ਉਹ ਕਦੇ ਵੀ ਪ੍ਰਭੂ ਚਰਨਾਂ ਤੋਂ ਨਹੀਂ ਵਿਛੜਿਆ ਕਰਦੇ ਹਨ। ਇਸ ਤਰ੍ਹਾਂ ਦੇ ਪ੍ਰਭੂ ਅਤੇ ਪ੍ਰਭੂ ਪਿਆਰਿਆਂ ਤੋਂ ਲੱਖ ਵਾਰੀ ਕੁਰਬਾਨ ਜਾਂਦੇ ਹਾਂ। ਉਹ ਪ੍ਰਭੂ ਪ੍ਰਮੇਸ਼ਰ ਬਹੁਤ ਹੀ ਦਿਆਲੂ ਕ੍ਰਿਪਾਲੂ ਹੈ। ਉਸ ਨੂੰ ਆਪਣੇ ਬਿਰਦ ਬਾਣੇ ਦੀ ਰਾਖੀ ਕਰਦੇ ਹੋਏ ਆਪਣਿਆਂ ਦੀ ਇਜਤ ਰੱਖਣੀ ਹੀ ਪੈਂਦੀ ਹੈ। ਉਸ ਵੇਪਰਵਾਹ ਮਾਲਕ ਦੀ ਜਿਨ੍ਹਾਂ ਉਪਰ ਵੀ ਮੇਹਰ ਹੈ ਉਨ੍ਹਾਂ ਨੂੰ ਪੋਹ ਦਾ ਮਹੀਨਾ ਬਹੁਤ ਹੀ ਸੁਹਾਵਣਾ ਲਗਦਾ ਹੈ।

ਇਸ ਲਈ ਉਪਰੋਕਤ ਗੁਰੂ ਬਚਨਾਂ ਉਪਰ ਪਹਿਰਾ ਦਿੰਦੇ ਹੋਏ ਸਾਨੂੰ ਪ੍ਰੈਕਟੀਕਲ ਤੌਰ ਦੇ ਉਪਰ ਆਪਣਾ ਅਚਾਰ, ਅਹਾਰ, ਵਿਹਾਰ ਅਤੇ ਵਿਚਾਰ ਸ਼ੁਧ ਰੱਖਦੇ ਹੋਏ ਜੀਵਨ ਦੇ ਅਸਲੀ ਮਨੋਰਥ ਨੂੰ ਪੂਰਾ ਕਰਨਾ ਚਾਹੀਦਾ ਹੈ। ਸੰਗਰਾਂਦ ਤੋਂ ਪੋਹ ਮਹੀਨੇ ਦੀ ਸ਼ੁਰੂਆਤ ਹੋ ਰਹੀ ਹੈ ਇਸ ਲਈ ਸਾਨੂੰ ਗੁਰੂ ਮਹਾਰਾਜ ਜੀ ਦੇ ਉਪਰੋਕਤ ਫੁਰਮਾਨ ਨੂੰ ਮੰਨਦੇ ਹੋਏ ਸੇਵਾ ਅਤੇ ਸਿਮਰਨ ਨਾਲ ਜੁੜਨਾ ਚਾਹੀਦਾ ਹੈ।

# ਸੰਪਾਦਕੀ

ਦਸੰਬਰ ਮਹੀਨੇ ਦਾ ਮੈਗਜ਼ੀਨ ਵੀ ਹਰ ਮਹੀਨੇ ਵਾਗੂੰ ਆਪ ਜੀ ਕੋਲ ਗੁਰੂ ਪਿਆਰ ਵਾਲੀ ਪਤ੍ਰਿਕਾ ਲੈ ਕੇ ਪਹੁੰਚ ਰਿਹਾ ਹੈ। ਇਸ ਆਤਮ ਮਾਰਗ ਪਤ੍ਰਿਕਾ ਅਤੇ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਪੰਜਵੀਂ ਬਰਸੀ ਦੇਸ਼ ਵਿਦੇਸ਼ ਦੇ ਸ਼ਰਧਾਲੂਆਂ ਵੱਲੋਂ 28 ਤੋਂ 31 ਅਕਤੂਬਰ ਤੱਕ ਰਤਵਾੜਾ ਸਾਹਿਬ ਦੀ ਮਹਾਨ ਤਪੋ ਕਰਮ ਭੂਮੀ ਉਪਰ ਬਹੁਤ ਹੀ ਸ਼ਰਧਾ ਪੂਰਵਕ ਮਨਾਉਣਾ ਕੀਤੀ ਗਈ ਹੈ। ਇਸ ਪਤ੍ਰਿਕਾ ਵਿਚ ਜਿਨ੍ਹਾਂ ਵੀ ਸਵਾਮੀ ਸਾਧੂ ਸੰਤਾਂ ਨੇ ਸੰਗਤਾਂ ਦੇ ਦਰਸ਼ਨ ਦਿਦਾਰ ਕੀਤੇ ਹਨ ਉਨਾਂ ਦੇ ਚਿਤਰ ਸਰੂਪ ਦਰਸ਼ਨ ਵੀ ਕਰਾਏ ਜਾ ਰਹੇ ਹਨ। ਸਮਾਗਮ ਸਮੇਂ ਬਹੁਤ ਸਾਰੇ ਪੱਤਰ ਪ੍ਰੇਰਕਾਂ ਵੱਲੋਂ ਕਵਰੇਜ਼ ਕਰਕੇ ਨਾਮੀ ਅਖਬਾਰਾਂ ਅੰਦਰ ਦ੍ਰਿਸ਼ਟਮਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਿਆਰੇ ਦੇ ਪਿਆਰ ਅੰਦਰ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਦੀ ਸੁਪੱਤਨੀ ਵੱਲੋਂ ਵੀ ਬੀਜੀ ਦੀ ਅਸ਼ੀਰਵਾਦ ਪ੍ਰਾਪਤ ਕਰਕੇ ਪ੍ਰਧਾਨ ਮੰਤਰੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਮਾਗਮ ਦੇ ਪਹਿਲੇ ਦਿਨ ਰਤਵਾੜਾ ਸਾਹਿਬ ਆ ਕੇ ਆਪਣੀ ਹਾਜਰੀ ਭਰਦਿਆਂ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਹੈ। ਹੋਰ ਵੀ ਨਾਮੀ ਪੁਰਸ਼ ਜਿਨ੍ਹਾਂ ਨੇ ਪ੍ਰਉਪਕਾਰ ਦੇ ਖੇਤਰਾਂ ਵਿਚ ਨਾਮਣਾ ਖੱਟਿਆ ਹੈ ਉਨ੍ਹਾਂ ਨੇ ਵੀ ਆਪਣੀਆਂ ਸੇਵਾਵਾਂ ਰਤਵਾੜਾ ਸਾਹਿਬ ਟਰਸਟ ਦੇ ਪ੍ਰਉਪਕਾਰੀ ਕਾਰਜਾਂ ਵਾਸਤੇ ਸਮਰਪਿਤ ਕਰਨ ਵਾਰੇ ਕਿਹਾ ਹੈ।

ਬਰਸੀ ਸਮਾਗਮ ਸਮੇਂ ਟਰਸਟ ਵੱਲੋਂ ਸਿਹਤ ਸੰਭਾਲ ਵਾਸਤੇ ਉਚੇਚੇ ਤੌਰ ਤੇ ਮੈਡੀਕਲ ਕੈਂਪਾਂ ਦਾ ਵੱਡੀ ਪੱਧਰ ਉਤੇ ਪ੍ਰਬੰਧ ਕੀਤਾ ਗਿਆ ਸੀ। ਖੂਨ ਦਾਨ ਕਰਕੇ ਵੀ ਬਹੁਤ ਸਾਰੇ ਮਿਸ਼ਨ ਦੇ ਸੇਵਾਦਾਰਾਂ ਨੇ ਆਪਣਾ ਮਹਾਨ ਯੋਗਦਾਨ ਪਾਇਆ ਹੈ। ਅੱਖਾਂ ਦੇ ਕੈਂਪ ਲਾ ਕੇ ਹਜਾਰਾਂ ਹੀ ਲੋੜਵੰਦਾਂ ਨੂੰ ਐਨਕਾਂ, ਦਵਾਈਆਂ ਅਤੇ ਲੈਨਜ ਮੁਹੱਈਆ ਕੀਤੇ ਗਏ ਹਨ।

ਸੰਸਾਰ ਪ੍ਰਸਿੱਧ ਡਾਕਟਰਾਂ ਵੱਲੋਂ ਸੈਂਕੜੇ ਹੀ ਸਫਲ ਅਪਰੇਸ਼ਨ ਕਰਕੇ ਨੇਤਰਾਂ ਨੂੰ ਜੋਤੀ ਪ੍ਰਦਾਨ ਕੀਤੀ ਗਈ ਹੈ। ਬਜੁਰਗਾਂ ਦੀ ਕੀਤੀ ਗਈ ਲਾ ਮਿਸਾਲ ਸੇਵਾ ਤੋਂ ਪ੍ਰਸੰਨ ਹੋ ਕੇ ਅਨੇਕਾਂ ਹੀ ਬਜੁਰਗਾਂ ਨੇ ਨੇਤਰ ਜੋਤੀ ਪ੍ਰਾਪਤ ਕਰਕੇ ਆਪਣੀਆਂ ਅਸ਼ੀਰਵਾਦਾਂ ਸੇਵਕਾਂ ਨੂੰ ਪ੍ਰਦਾਨ ਕੀਤੀਆਂ ਹਨ। ਮਹਾਂਪੁਰਸ਼ਾਂ ਦੇ ਪਿਆਰ ਵਿੱਚ ਸੰਸਾਰ ਪ੍ਰਸਿੱਧ ਮਹਾਨ ਯੋਗੀ ਸਵਾਮੀ ਰਾਮ ਦੇ ਮੈਡੀਕਲ ਸਿਟੀ ਤੋਂ ਆਏ 10 ਡਾਕਟਰਾਂ ਦੀ ਟੀਮ ਵੱਲੋਂ ਕੀਤੀ ਗਈ ਮਹਾਨ ਸੇਵਾ ਆਪਣੀ ਮਿਸਾਲ ਆਪ ਹੈ। ਹਰ ਸਾਲ ਹੀ ਸਵਾਮੀ ਜੀ ਦੇ ਡਾਕਟਰਾਂ ਦੀ ਟੀਮ ਮਰੀਜਾਂ ਦੇ ਮੁਆਇਨੇ ਕਰਕੇ ਲੱਖਾਂ ਹੀ ਰੁਪਏ ਦੀ ਦਵਾਈ ਫਰੀ ਵੰਡ ਕੇ ਜਾਂਦੇ ਹਨ।

ਰਤਵਾੜਾ ਸਾਹਿਬ ਦੇ ਮਹਾਨ ਅਸਥਾਨ ਉਪਰ ਦੋ ਸਕੂਲ ਬਹੁਤ ਹੀ ਚੜ੍ਹਦੀ ਕਲਾ ਵਿਚ ਚਲ ਰਹੇ ਹਨ। ਇਹਨਾਂ ਸਕੂਲਾਂ ਵਿਚ ਸੈਂਕੜੇ ਹੀ ਕਿਲੋ ਮੀਟਰ ਤੋਂ ਵੀ ਬੱਚੇ ਪੜ੍ਹਨ ਵਾਸਤੇ ਆਉਂਦੇ ਹਨ। ਬੱਚਿਆਂ ਦੇ ਸੁਨਿਹਰੀ ਭਵਿਖ ਵਾਸਤੇ ਹੀ ਗੁਰਦੁਆਰਾ ਸਾਹਿਬ ਟਰਸਟ ਵੱਲੋਂ ਯੋਗਦਾਨ ਪਾਇਆ ਜਾ ਰਿਹਾ ਹੈ। ਸੀ.ਬੀ.ਐਸ.ਈ. ਨਾਲ ਸਬੰਧਤ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅੰਦਰ ਅੰਤਰਾਸਟਰੀ ਪੱਧਰ ਦੀ ਦੁਨਿਆਵੀ ਵਿਦਿਆ ਦੇ ਨਾਲ ਨਾਲ ਬੱਚਿਆਂ ਨੂੰ ਰੂਹਾਨੀ ਸੂਝ ਵੀ ਪ੍ਰਦਾਨ ਕੀਤੀ ਜਾਂਦੀ ਹੈ। ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨਾਲ ਸਬੰਧਤ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਇਲਾਕੇ ਦੇ ਆਰਥਿਕ ਤੌਰ ਉਪਰ ਪਛੜੇ ਹੋਏ ਪ੍ਰੇਮੀਆਂ ਵਾਸਤੇ ਇਕ ਵਰਦਾਨ ਸਾਬਤ ਹੋ ਰਿਹਾ ਹੈ। ਦੋਨੋ ਸਕੂਲਾਂ ਵੱਲੋਂ ਆਪਣੇ ਪਿਆਰੇ ਦੀ ਯਾਦ ਅੰਦਰ ਇਕ ਬਹੁਤ ਹੀ ਅਦਭੁੱਤ ਪ੍ਰਦਰਸ਼ਨੀ ਦਾ ਪ੍ਰਦਸ਼ਤ ਕਰਨਾ ਵੀ ਆਪਣੀ ਅਮਿੱਟ ਛਾਪ ਸ਼ਰਧਾਲੂਆਂ ਦੇ ਮਨਾਂ ਉਪਰ ਛੱਡਣ ਦਾ ਮਹਾਨ ਕਾਰਜ ਹੋਇਆ ਹੈ। ਵਿਰਸੇ ਦੀ ਸੰਭਾਲ ਵਾਸਤੇ ਵੀ ਸਕੂਲਾਂ ਦੇ ਬੱਚਿਆਂ ਅਤੇ ਅਧਿਆਪਕਾਂ ਵੱਲੋਂ ਪ੍ਰਦਰਸ਼ਿਤ ਮਾਡਲ ਖਾਸ ਖਿੱਚ ਦਾ ਕਾਰਨ ਬਣੇ ਹਨ।

International Divine College of Education Ratwara Sahib ਵਿਚ ਚੰਗੇ ਅਧਿਆਪਕ ਬਣਾਉਣ ਵਾਸਤੇ ਵਿਦਿਆ ਦੇ ਨਾਲ ਨਾਲ ਸਮਾਜ ਸੇਵਾ ਦੀ ਟਰੇਨਿੰਗ ਵੀ ਦਿਤੀ ਜਾ ਰਹੀ ਹੈ। ਇਸ ਵਾਰ ਮੈਡੀਕਲ ਕੈਂਪਾਂ ਅੰਦਰ ਕਾਲਜ ਦੇ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਮਰੀਜਾਂ ਦੀ ਦੇਖ ਭਾਲ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਗਈ ਹੈ।

ਸਮਾਗਮ ਸਵੇਰੇ ਤਿੰਨ ਵਜੇ ਤੋਂ ਰਾਤ ਦੇ 11.00 ਵਜੇ ਤੱਕ 28 ਅਤੇ 29 ਅਕਤੂਬਰ ਨੂੰ ਹੋਇਆ ਪ੍ਰੰਤੂ 30 ਅਤੇ 31 ਨੂੰ ਲਗਾਤਾਰ ਹੀ ਦਿਨ ਰਾਤ ਸੰਗਤਾਂ ਅਤੇ ਸਾਧੂ ਸੰਤਾਂ ਨੇ ਨਿਰੰਤਰ ਹਾਜਰੀ ਭਰਦੇ ਹੋਏ 1 ਨਵੰਬਰ ਦੀ ਸਵੇਰ ਆਸਾ ਜੀ ਦੇ ਵਾਰ ਦੇ ਕੀਰਤਨ ਨਾਲ ਸਮਾਪਤੀ ਹੋਣੀ ਵੀ ਮਹਾਂਪੁਰਸ਼ਾਂ ਦੇ ਪਿਆਰ ਵਾਲਿਆਂ ਦੀ ਮਿਸਾਲ ਅੱਖਰਾਂ ਦੇ ਵਿਚ ਰੂਪਮਾਨ ਕਰਨੀ ਬਹੁਤ ਹੀ ਮੁਸ਼ਕਲ ਹੈ। ਮਹਾਂਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਗੁਰਦੁਆਰਾ ਸਾਹਿਬ ਨਿੱਤਨੇਮ ਮੁਤਾਬਿਕ ਸੰਗਤਾਂ ਹਰ ਰੋਜ਼ 3.00 ਵਜੇ

ਸਿਮਰਨ ਵਿਚ ਜੁੜਦੀਆਂ ਰਹੀਆਂ ਹਨ। ਜਗਿਆਸੂ ਦੀ ਜਗਿਆਸਾ ਦਾ ਅਨੁਮਾਨ ਅੰਮ੍ਰਿਤਵੇਲੇ ਹੀ ਗੁਰੂ ਮਹਾਰਾਜ ਜੀ ਦੀ ਹਜੂਰੀ ਵਿਚ ਪਹੁੰਚ ਜਾਣ ਨਾਲ ਲਾਇਆ ਜਾ ਸਕਦਾ ਹੈ।

ਗੁਰਮਤਿ ਸਹਿਤ ਸਿਰਜਣਾ ਦੇ ਖੇਤਰ ਅੰਦਰ ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਦਾ ਕਾਰਜ ਨਿਰੰਤਰ ਹੋ ਰਿਹਾ ਹੈ। ਇਸ ਵਾਰ ਨਵੀਂਆਂ 12 ਪੁਸਤਕਾਂ ਪਰਮ ਪੂਜਯ ਸਤਿਕਾਰਯੋਗ ਬੀਜੀ ਵੱਲੋਂ ਆਪਣੇ ਪਿਆਰੇ ਦੇ ਪਿਆਰ ਅੰਦਰ ਰਿਲੀਜ਼ ਕੀਤੀਆਂ ਗਈਆਂ। ਜਿਨ੍ਹਾਂ ਨੂੰ ਸੰਗਤਾਂ ਨੇ ਬਹੁਤ ਹੀ ਪਿਆਰ ਅਤੇ ਸਤਿਕਾਰ ਬਖਸ਼ਿਆ ਹੈ। ਆਤਮ ਮਾਰਗ ਸਟਾਲਾਂ ਉਪਰ ਨਵੀਂਆਂ ਪੁਸਤਕਾਂ ਆਉਣ ਸਾਰ ਹੀ ਸੰਗਤਾਂ ਨੇ ਹੱਥੋ ਹੱਥੀ ਲੈ ਕੇ ਆਪਣੇ ਪਿਆਰ ਦਾ ਨਿਰਾਲਾ ਹੀ ਪ੍ਰਗਟਾਵਾ ਕੀਤਾ ਹੈ। ਆਤਮ ਮਾਰਗ ਅਤੇ ਕਈ ਪੁਸਤਕਾਂ ਵਾਰੇ ਸੰਗਤਾਂ ਦੇ ਉਤਸ਼ਾਹ ਨੂੰ ਵੇਖਦਿਆਂ ਕਈ ਪਿਆਰ ਵਾਲੇ ਨਿਸ਼ਕਾਮ ਪ੍ਰੇਮੀਆਂ ਨੇ ਅੱਧੀ ਭੇਟਾ ਆਪਣੇ ਵੱਲੋਂ ਕਰਨ ਦੀ ਮਹਾਨ ਸੇਵਾ ਨਿਭਾਈ ਹੈ।

ਬਰਸੀ ਸਮਾਗਮ ਸਮੇਂ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਵਿਚ ਬਹੁਤ ਹੀ ਪਿਆਰ ਵਾਲੀਆਂ ਰੂਹਾਂ ਨੇ ਤਾਮਿਲਨਾਡੂ ਤੋਂ ਆ ਕੇ ਵੀ ਸੰਗਤਾਂ ਸੰਤਾਂ ਦੇ ਦਰਸ਼ਨ ਕੀਤੇ ਹਨ। ਹਿਮਾਲਿਆ ਪਰਬਤਾਂ ਦੀਆਂ ਬਰਫਾਨੀ ਗੁਫਾਵਾਂ ਵਿਚੋਂ ਵੀ ਬਹੁਤ ਵੱਡੀਆਂ ਉਮਰਾਂ ਵਾਲੇ ਸਾਧੂਆਂ ਨੇ ਵੀ ਸਮਾਗਮ ਸਮੇਂ ਆਪਣੀ ਹਾਜਰੀ ਲਗਵਾਈ ਹੈ। ਇਸ ਮੈਗਜ਼ੀਨ ਵਿਚ ਵੱਖੋ ਵੱਖਰੀਆਂ ਅਖਬਾਰਾਂ ਦੇ ਪੱਤਰ ਪ੍ਰੇਰਕਾਂ ਵੱਲੋਂ ਕਵਰੇਜ਼ ਕੀਤੀ ਗਈ ਹੈ, ਉਸ ਨੂੰ ਹੀ ਹੂ-ਬੂ-ਹੂ 'ਪੰਜਵੇਂ ਬਰਸੀ ਸਮਾਗਮ ਦੀ ਪੰਛੀ ਝਾਤ' ਸਿਰਲੇਖ ਹੇਠ ਅੰਕਿਤ ਕੀਤਾ ਗਿਆ ਹੈ।

ਮਹਾਂਪੁਰਸ਼ਾਂ ਦੇ ਪਿਆਰੇ ਆਪਣੇ ਪਿਆਰੇ ਦੀ ਯਾਦ ਅੰਦਰ ਜਗ੍ਹਾ ਜਗ੍ਹਾ ਉਪਰ ਸਮਾਗਮ ਕਰਵਾਉਣ ਦੇ ਨਾਲ ਹੀ ਸਮਾਜ ਭਲਾਈ ਦੇ ਪ੍ਰਉਪਕਾਰੀ ਕਾਰਜਾਂ ਵਿੱਚ ਮਹਾਨ ਯੋਗਦਾਨ ਪਾ ਰਹੇ ਹਨ। ਨਵੰਬਰ ਮਹੀਨੇ ਵਿੱਚ ਦੁਆਬੇ ਅੰਦਰ ਜਲੰਧਰ ਨੇੜੇ ਫੁਲੜੀਵਾਲ ਦੇ ਐਨ.ਆਰ.ਆਈ. ਪ੍ਰੇਮੀਆਂ ਵੱਲੋਂ ਸਮਾਗਮ ਕਰਨਾ ਵੀ ਆਪਣੇ ਪਿਆਰੇ ਦੇ ਅਦਭੁੱਤ ਪਿਆਰ ਦਾ ਨਜਾਰਾ ਪੇਸ਼ ਕਰ ਰਿਹਾ ਸੀ। ਰਾਣਾ, ਸੋਢੀ ਮਹਿੰਦਰ ਗਿੱਲ ਅਤੇ ਕੁਲਦੀਪ ਸਿੰਘ ਵੱਲੋਂ ਅਮਰੀਕਾ ਤੋਂ ਆ ਕੇ ਇਨ੍ਹਾਂ ਸਮਾਗਮਾਂ ਦੁਰਾਨ ਮਹਾਨ ਸੇਵਾ ਕੀਤੀ ਗਈ ਹੈ। ਫੁਲੜੀਵਾਲ ਵਿਖੇ ਵੀ ਮੈਡੀਕਲ ਕੈਂਪਾਂ ਅੰਦਰ ਬਿਮਾਰੀਆਂ ਦੀ ਚੈਕਅੱਪ ਦੇ ਨਾਲ ਦਵਾਈਆਂ ਦੀ ਵੀ ਮੁਫਤ ਵਿਤਰਣ ਕੀਤਾ ਗਿਆ ਹੈ। 70 ਬਜੁਰਗਾਂ ਦੀਆਂ ਅੱਖਾਂ ਦੇ ਅਪਰੇਸ਼ਨ ਕਰਕੇ ਨੇਤਰ ਜੋਤੀ ਪ੍ਰਦਾਨ ਕਰਨ ਦੇ ਨਾਲ ਨਾਲ ਸੈਂਕੜੇ ਹੀ ਲੋੜਵੰਦਾਂ ਨੂੰ ਐਨਕਾਂ ਵੀ ਦਿਤੀਆਂ ਗਈਆਂ ਹਨ। ਫਗਵਾੜਾ ਵਿਖੇ ਵੀ ਦੁਆਬੇ ਦੀਆਂ ਸੰਗਤਾਂ ਵੱਲੋਂ ਮਹਾਂਪੁਰਸ਼ਾਂ ਦੀ ਯਾਦ ਮਨਾਈ ਗਈ ਹੈ।

ਮਹੀਨੇ ਦੀ ਕਥਾ ਨਾਲ ਮੈਗਜੀਨ ਦੀ ਸ਼ੁਭ ਅਰੰਭਤਾ ਹੁੰਦੀ ਹੈ। ਗੁਰੂ ਨਾਨਕ ਮਹਾਰਾਜ ਜੀ ਦੇ ਤੁਖਾਰੀ ਰਾਗ ਵਾਲੇ ਬਾਰਾਮਹਾਂ ਵਿਚੋਂ ਆਏ ਪੋਹ ਮਹੀਨੇ ਸਬੰਧੀ ਫੁਰਮਾਨ ਦੀ ਸੰਖੇਪ ਵਿਆਖਿਆ ਕੀਤੀ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਮਾਝ ਰਾਗ ਵਿਚ ਉਚਾਰਨ ਕੀਤੇ ਪੋਹ ਮਹੀਨੇ ਪ੍ਰਥਾਏ ਕੀਤੇ ਫੁਰਮਾਨ ਦਾ ਸੰਖੇਪ ਰੂਪ ਵਿਚ ਵਰਣਨ ਕੀਤਾ ਗਿਆ ਹੈ। ਪੋਹ ਮਹੀਨੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਅਤੇ ਸਿੱਖਾਂ ਸੇਵਕਾਂ ਵੱਲੋਂ ਦਿਤੀ ਗਈ ਮਹਾਨ ਸ਼ਹਾਦਤ ਦਾ ਮਹੀਨਾ ਹੈ। ਅਨੇਕਾਂ ਹੀ ਮਰਜੀਵੜਿਆਂ ਨੇ ਧਰਮ ਹਿਤ ਮਹਾਨ ਸ਼ਹੀਦੀਆਂ ਦਿਤੀਆਂ ਹਨ। 'ਅਮਰ ਸ਼ਹੀਦ' ਸਿਰਲੇਖ ਹੇਠ ਮਹਾਂਪੁਰਸ਼ਾਂ ਦਾ ਮਹਾਨ ਲੇਖ ਸ਼ਹੀਦਾਂ ਦੀਆਂ ਸ਼ਹੀਦੀਆਂ ਉਪਰ ਅਧਾਰਿਤ ਹੈ। ਇਸ ਮਹੀਨੇ ਦੇ ਮੈਗ਼ਜੀਨ ਵਿੱਚ 'ਜੈਸਾ ਸੰਗ ਤੈਸਾ ਰੰਗ' ਸਿਰਲੇਖ ਹੇਠ ਮਹਾਂਪੁਰਸ਼ਾਂ ਨੇ ਸੰਗ ਅਤੇ ਕੁਸੰਗ ਦੇ ਪ੍ਰਭਾਵ ਦਾ ਪ੍ਰਗਟਾਵਾ ਬਹੁਤ ਹੀ ਨਿਰਾਲੇ ਢੰਗ ਨਾਲ ਆਪਣੇ ਅਨੁਭਵ ਤੋਂ ਪ੍ਰਗਟ ਕੀਤਾ ਹੈ। ਆਸਾ ਜੀ ਦੀ ਵਾਰ ਉਪਰੰਤ ਅੰਮ੍ਰਿਤਵੇਲੇ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਉਪਰ ਅਧਾਰਿਤ ਅਨੁਭਵੀ ਪ੍ਰਵਚਨ ਵੀ ਪੜ੍ਹਨ ਯੋਗ ਹਨ। ਇਨ੍ਹਾਂ ਬਚਨਾਂ ਨੂੰ ਪੜ੍ਹ ਕੇ ਜੀਵਨ ਵਿਚ ਕਮਾ ਕੇ ਨਾਮ ਅੰਮ੍ਰਿਤ ਨਾਲ ਜੁੜਿਆ ਜਾ ਸਕਦਾ ਹੈ। ਕਰਮ ਬੰਧਨ ਤੋਂ ਮੁਕਤੀ ਸਿਰਲੇਖ ਹੇਠ ਲੇਖ ਸਵਾਮੀ ਰਾਮ ਦੇ ਅੰਗਰੇਜ਼ੀ ਵਿਚ "Freedom from the Bond of Karma" ਦਾ ਪੰਜਾਬ ਅਨੁਵਾਦ ਹੈ। ਜਿਸ ਵਿਚ ਕਰਮ ਫਿਲਾਸਫੀ ਨੂੰ ਬਹੁਤ ਹੀ ਸਰਲ ਢੰਗ ਨਾਲ ਦਰਸਾਇਆ ਗਿਆ ਹੈ। ਯੋਗਾ ਉਪਰ ਲੈਕਚਰ ਵੀ ਸਵਾਮੀ ਜੀ ਦਾ ਸਰੀਰ ਨੂੰ ਨਿਰੋਗ ਰੱਖਣ ਦਾ ਢੰਗ ਦਰਸਾਉਂਦਾ ਅਦਭੁੱਤ ਲੇਖ ਹੈ। ਇਸ ਵਾਰ ਪ੍ਰਾਣਾਯਾਮ ਬਾਰੇ ਖੋਲ੍ਹ ਕੇ ਦੱਸਿਆ ਗਿਆ ਹੈ। ਗੁਰਮਤਿ ਦੇ ਸਹਿਜ ਜੋਗ ਅੰਦਰ ਵਾਹਿਗੁਰੂ ਗੁਰਮੰਤਰ ਦਾ ਅਭਿਆਸ ਦਾ ਪ੍ਰਾਣਾਯਾਮ ਕੀਤਾ ਜਾਂਦਾ ਹੈ। ਗੁਰਸਿੱਖ ਜਗਿਆਸੂ ਸਵਾਸ ਉਪਰ ਕੰਟਰੌਲ ਕਰਦੇ ਹੋਏ ਸਾਸ-ਗਿਰਾਸ ਨਾਲ ਵਾਹਿਗੁਰੂ ਮੰਤਰ ਦਾ ਅਭਿਆਸ ਕਰਦੇ ਹਨ। ਸੱਤਵੇਂ ਸਮਾਗਮ ਉਪਰ ਰਤਵਾੜਾ ਸਾਹਿਬ ਵਿਖੇ ਪ੍ਰੈਕਟੀਕਲ ਰੂਪ ਦੇ ਵਿੱਚ ਮਹਾਂਪੁਰਸ਼ਾਂ ਨੇ ਬਹੁਤ ਹੀ ਸੁਖੈਨ ਢੰਗ ਤਰੀਕੇ ਨਾਲ ਗੁਰਮਤਿ ਅਭਿਆਸ ਦੀ ਜੁਗਤੀ ਦਰਸਾਈ ਹੈ। ਹੋਰ ਵੀ ਇਸ ਅੰਕ ਵਿਚ ਅੰਕਿਤ ਲੇਖ ਰੂਹਾਨੀ ਸੂਝ ਪ੍ਰਦਾਨ ਕਰਨ ਵਾਲੇ ਹਨ।

# 'ਜੈਸਾ ਸੰਗ ਤੈਸਾ ਰੰਗ'

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ***

ਸ਼ਾਨ--------------।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ*
*ਅਪਨੀ ਭਗਤੀ ਲਾਇ॥ ਅੰਗ - ੨੮੯*

***ਧਾਰਨਾ - ਮੈਨੂੰ ਰੱਖ ਲਓ ਘਰ ਕੇ ਚੇਰੇ***
***ਸਤਿਗੁਰੂ ਸੁਨਹੁ ਬੇਨਤੀ।***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਓਂ। ਮਹਾਰਾਜ ਜੀ ਦੀ ਅਪਾਰ ਕ੍ਰਿਪਾ ਹੈ ਕਿ ਕਲਜੁਗ ਦਾ ਸਮਾਂ ਹੋਵੇ, ਫੇਰ ਸਾਨੂੰ ਏਸ ਜੁਗ ਦੇ ਅੰਦਰ ਸਤਿਸੰਗ ਦੀ ਪ੍ਰਾਪਤੀ ਹੋ ਜਾਵੇ -

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨***

ਸੰਗਤ ਸੁਸਾਇਟੀ ਨੂੰ ਕਹਿੰਦੇ ਨੇ। ਵੈਸੇ ਸੰਗਤ ਉਸਨੂੰ ਵੀ ਕਹਿੰਦੇ ਨੇ ਕਿ ਕਿਸੇ ਚੀਜ਼ ਨਾਲ ਜੁੜ ਜਾਣਾ। ਕਿਸੇ ਖਿਆਲ ਨਾਲ ਜੁੜ ਜਾਣਾ। ਬਹੁਤ ਕਿਸਮ ਦੀ ਹੈ ਲੇਕਿਨ ਦੋ ਵਰਗਾਂ 'ਚ ਇਹ ਬੰਦ ਹੋ ਜਾਂਦੀ ਹੈ। ਇਕ ਤਾਂ ਉਹ ਹੈ ਜਿਸਨੂੰ ਸਤਿਸੰਗ ਕਹਿੰਦੇ ਨੇ, ਜਿਸ ਥਾਂ ਤੇ ਜਾ ਕੇ ਸਤਿ ਨਾਲ ਮਨ ਜੁੜਨ ਲਗ ਜਾਵੇ। ਵਿਖਸ਼ੇਪਤਾ ਨਾ ਆਵੇ, ਦ੍ਵੈਤ ਨਾ ਉਪਜੇ, ਮਨ ਦੇ ਅੰਦਰ ਕੋਈ gilty ਪੈਦਾ ਨਾ ਹੋਵੇ। ਚਿੱਤ ਮੱਲੋਮੱਲੀ ਅੰਦਰ ਨੂੰ ਸੁੰਗੜਦਾ-ਸੁੰਗੜਦਾ, ਇਕੱਠਾ ਹੁੰਦਾ-ਹੁੰਦਾ ਪ੍ਰਮੇਸ਼ਰ ਨਾਲ ਜੁੜ ਜਾਵੇ। ਦੂਸਰਾ ਉਹ ਹੁੰਦਾ ਹੈ ਕਿ ਮਨ ਫੈਲ ਜਾਵੇ, ਖਿੰਡ ਜਾਵੇ ਬਹੁਤ ਦੂਰ ਤੱਕ, ਬੇਅੰਤ ਖਿਆਲਾਂ 'ਚ ਫੈਲ ਜਾਵੇ, ਜੋ ਖਿੰਡਣ ਵਾਲਾ ਵਾਤਾਵਰਣ ਹੈ, ਉਹ ਸਤਿਸੰਗ ਨਹੀਂ ਹੋਇਆ ਕਰਦਾ, ਜੋ ਜੁੜਨ ਵਾਲਾ ਵਾਤਾਵਰਣ ਹੈ ਉਹ ਸੰਗਤ ਹੋਇਆ ਕਰਦੀ ਹੈ। ਉਹਦੇ ਵਿਚ ਦੂਸਰਾ ਜਿਹੜਾ ਵਰਗ ਹੈ, ਉਹਦੇ ਵਿਚ ਵੀ ਕਈ ਕੈਟਾਗਿਰੀਆਂ ਨੇ ਇਕ ਤਾਂ ਉਹ ਹੈ ਕਿ ਵਿਹਾਰ ਦੇ ਵਿਚ ਮਨ ਖਿੰਡ ਜਾਣਾ। ਵਿਹਾਰ ਦੀ ਚਿਤਵਨਾ ਕਰਦਾ ਹੈ ਤੇ ਰਜੋ ਗੁਣ ਪ੍ਰਧਾਨ ਹੋ ਜਾਣਾ ਬਿਰਤੀ ਦੇ ਅੰਦਰ। ਐਸੇ ਪੁਰਸ਼ਾਂ ਦੀ ਸੰਗਤ ਕਰਨੀ ਜਿਨ੍ਹਾਂ ਦੇ ਸੰਗਤ ਕਰਨ ਨਾਲ, ਮਨ ਵਿਚ ਹਰੇਕ ਕਿਸਮ ਦੇ ਖਿਆਲ ਪੈਦਾ ਹੋ ਜਾਣ। ਜੀਵਨ ਦੇ ਨਿਰਬਾਹ ਵਾਸਤੇ, ਪੈਸੇ ਟਕੇ ਕਮਾਉਣ ਵਾਸਤੇ ਜਾਂ ਕੋਈ ਵੱਡੀਆਂ ਪਦਵੀਆਂ ਲੈਣ ਵਾਸਤੇ, ਕੋਈ ਜੋੜ ਤੋੜ; ਇਹ ਸਾਰੀ ਜੋ ਹੈ ਸੁਸਾਇਟੀ ਇਹਦੇ 'ਚ ਭਾਵੇਂ ਅਸੀਂ ਕੋਈ ਪਾਪ ਨਹੀਂ ਕਰਦੇ, ਗੁਨਾਹ ਨਹੀਂ ਕਰਦੇ ਲੇਕਿਨ ਸਾਡਾ ਮਨ ਫੈਲ ਜਾਂਦਾ ਹੈ, ਮਨ ਅਰਬਾਂ ਖਰਬਾਂ ਸਾਲਾਂ ਦਾ ਫੈਲਿਆਂ ਹੋਣ ਕਰਕੇ, ਆਪਣੇ ਘਰ ਵਿਚ ਵਾਪਸ ਨਹੀਂ ਆਉਂਦਾ। ਨਾ ਆਉਣ ਦੇ ਨਾਲ ਇਹਦੇ ਸੰਸਕਾਰ ਬਣ ਜਾਂਦੇ ਨੇ। ਸੰਸਕਾਰ ਪ੍ਰੇਰਨਾ ਦਿੰਦੇ ਨੇ, ਉਹ ਅਸੀਂ ਕਰਮ ਕਰਦੇ ਹਾਂ। ਬਾਰ-ਬਾਰ ਓਹੀ ਕਰਮ ਕਰਨ ਨਾਲ ਸਾਡੀ ਕਿਰਤ ਬਣ ਜਾਂਦੀ ਹੈ ਤੇ ਇਹ ਕਿਰਤ ਕਰਦੀ ਕੀ ਹੈ -

*ਕਿਰਤਿ ਕਰਮ ਕੇ ਵੀਛੁੜੇ*
*ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ*
*ਥਕਿ ਆਏ ਪ੍ਰਭ ਕੀ ਸਾਮ ॥ ਅੰਗ - ੧੩੩*

ਵਿਛੁੜ ਜਾਂਦੇ ਹਾਂ ਅਸੀਂ ਪ੍ਰਮੇਸ਼ਰ ਤੋਂ, ਬਹੁਤ ਔਖੇ ਹੋ ਜਾਂਦੇ ਹਾਂ ਕਿਉਂਕਿ ਮਨ ਫੈਲ ਗਿਆ। ਇਹ ਫੈਲਿਆਂ ਹੋਇਆ ਮਨ ਕਰੋੜਾਂ ਅਰਬਾਂ ਖਰਬਾਂ ਸਾਲਾਂ ਤੋਂ ਵਾਸ਼ਨਾ ਦਾ ਬੰਨ੍ਹਿਆ ਹੋਇਆ, ਤੁਰਿਆ ਫਿਰਦਾ ਹੈ, ਸੋ ਇਹ ਵੀ ਅੱਛੀ ਚੀਜ਼ ਨਹੀਂ ਹੈ ਕਿਉਂਕਿ ਜਿਸ ਕੰਮ ਨੂੰ ਅਸੀਂ ਕਰਨ ਵਾਸਤੇ ਆਏ ਹਾਂ ਉਹ ਕੰਮ ਸਾਡੇ ਤੋਂ ਹੋ ਨਹੀਂ ਰਿਹਾ। ਉਹਦੀ ਥਾਂ ਦੇ ਉਤੇ ਮਨ ਫੈਲ ਰਿਹਾ ਹੈ, ਬੇਅੰਤ grooves ਮਨ ਵਿਚ ਪੈ ਗਏ। ਜਿਵੇਂ ਖੂਹ ਦੇ ਵਿਚੋਂ ਡੋਲ ਕੱਢਦੇ ਹੁੰਦੇ ਪੁਰਾਣੇ ਸਮਿਆਂ 'ਚ ਤੇ ਉਸ ਡੋਲ ਦੇ ਨਾਲ ਮੌਣ ਘਸ ਜਾਂਦੀ ਸੀ। ਘਸੀ ਹੋਈ ਮੌਣ ਦੇ ਵਿਚ ਲੱਜ ਗਿਰ ਪੈਂਦੀ ਸੀ, ਬਾਹਰ ਕੱਢਦੇ ਸੀ ਸਿਆਣੇ ਬੰਦੇ ਕਿ ਮੇਰੀ ਲੱਜ ਨਾ ਘੱਸ ਜਾਵੇ, ਲੇਕਿਨ ਇਕ ਦੋ ਵਾਰੀ ਤਾਂ ਉਨ੍ਹਾਂ ਨੇ ਕਰਨਾ, ਭਾਰ ਜ਼ਿਆਦਾ ਹੁੰਦਾ ਡੋਲ ਵਿਚ, ਮੁੜ ਕੇ ਫੇਰ ਉਹਦੇ ਨਾਲ ਹੀ ਲਗ ਜਾਣੀ, ਐਸੇ ਤਰ੍ਹਾਂ ਮਨ ਦੇ ਅੰਦਰ ਬੇਅੰਤ ਖਿਆਲਾਂ ਦੇ groove ਪਏ ਹੋਏ ਨੇ, ਘਾਸਾਂ ਪਈਆਂ ਹੋਈਆਂ ਨੇ। ਮਹਾਰਾਜ ਕਹਿੰਦੇ ਐਨੇ ਫੈਲ ਗਏ ਨਾ ਕਿ ਇਹਦੇ ਵਿਚੋਂ ਮਨ ਨਿਕਲਦਾ ਨਹੀਂ ਹੈ-ਕਿਸੇ ਵੀ ਤਰੀਕੇ ਨਾਲ।

*ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥*
*ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥*
*ਅੰਗ - ੧੪੯*

ਕਹਿੰਦੇ, ਮਨ ਗੋਤੇ ਖਾਂਦਾ ਹੈ, ਫੇਰ ਚਲਿਆ ਜਾਂਦਾ ਹੈ, ਫੇਰ ਚਲਿਆ ਜਾਂਦਾ ਹੈ। ਫੈਲਿਆਂ ਹੋਇਆ ਮਨ ਹਰੀ ਦਾ ਜਸ ਨਹੀਂ ਸੁਣ ਸਕਦਾ, ਨਾ ਵਿਚਾਰ ਸੁਣ ਸਕਦਾ ਹੈ। ਉਹਨੇ ਦੌੜਨਾ ਹੀ ਦੌੜਨਾ ਹੈ, ਕਿਉਂਕਿ ਉਹ ਜਿਹੜੇ ਘਾਸੇ ਪਏ ਹੋਏ ਨੇ ਖਿਆਲਾਂ ਦੇ, ਉਹਦੇ ਵਿਚੋਂ ਕਿਸੇ ਨਾ ਕਿਸੇ ਲੀਹ ਵਿਚ ਉਹਨੇ ਗਿਰ ਹੀ ਪੈਣਾ ਹੈ। ਭਾਵੇਂ ਇਹਦੇ ਵਿਚ ਦੋਸ਼ ਨਹੀਂ ਹੈ ਕੋਈ ਵੀ, ਕੋਈ ਚੀਜ਼ ਨਹੀਂ ਹੈ ਜਿਹੜੀ ਤੁਹਾਨੂੰ ਨਰਕਾਂ ਵਿਚ ਲੈ ਜਾਵੇ, ਪਰ ਸਾਡਾ ਸਮਾਂ ਬਰਬਾਦ ਹੋ ਗਿਆ। ਉਹਦੇ ਨਾਲ ਕੀ ਹੋਏਗਾ, ਸਾਡੇ ਖਾਸ ਖਿਆਲ ਸਾਡੇ ਉਤੇ ਹਾਵੀ ਹੋ ਜਾਣਗੇ, ਉਹ ਸਾਡੇ ਮਨ ਨੂੰ ਫੜ ਲੈਣਗੇ। ਫੜੇ ਹੋਏ ਮਨ ਦੇ ਵਿਚ ਤਾਕਤ ਨਹੀਂ ਹੈ ਕਿ ਇਹ ਆਪਣੇ ਆਪ ਨਿਕਲ ਜਾਵੇ। ਉਹ ਉਸੇ ਖਿਆਲ ਵਿਚ ਚਲਿਆ ਜਾਂਦਾ ਹੈ। ਪੜ੍ਹਨ ਲਿਖਣ ਵਾਲੇ ਦਾ, ਬੇਅੰਤ ਕਿਤਾਬਾਂ ਪੜ੍ਹਨ ਵਾਲੇ ਦਾ, ਚਾਹੇ ਮਾੜੀ ਗੱਲ ਨਹੀਂ ਕਿਤਾਬਾਂ ਪੜ੍ਹਨੀਆਂ ਪਰ ਮਨ ਉਥੇ ਹੀ ਪੈ ਜਾਂਦਾ ਹੈ। ਕਾਰੋਬਾਰ ਕਰਦਾ ਹੈ ਆਦਮੀ, ਇੰਡਸਟਰੀਆਂ ਚਲਾਉਂਦਾ ਹੈ, ਜਾਂ ਹੋਰ ਕੰਮ ਕਰਦਾ ਹੈ, ਖੇਤੀ-ਬਾੜੀ ਕਰਦਾ ਹੈ, ਉਹਦਾ ਮਨ ਉਹਦੇ ਵਿਚ ਹੀ ਗਿਰਿਆ ਰਹਿੰਦਾ ਹੈ। ਨਤੀਜਾ ਕੀ ਹੁੰਦਾ ਹੈ ਕਿ ਜਿਹੜੇ ਸਵਾਸ ਸਾਨੂੰ ਵਾਹਿਗੁਰੂ ਨੇ ਗਿਣਤੀ ਦੇ ਦਿਤੇ ਨੇ, ਉਹ ਏਸੇ ਉਧੇੜ ਬੁਣ ਦੇ ਵਿਚ ਲੰਘ ਜਾਂਦੇ ਨੇ। ਉਹਦੇ ਨਾਲ ਵਾਸ਼ਨਾਵਾਂ ਪੱਕ ਜਾਂਦੀਆਂ ਹਨ, ਵਾਸ਼ਨਾਵਾਂ ਪੱਕਣ ਦੇ ਨਾਲ, ਜਿਹੜੀ ਵਾਸ਼ਨਾ ਸਾਨੂੰ ਅੰਤ ਦੇ ਸਮੇਂ ਪ੍ਰਬਲ ਹੋ ਕੇ, ਅਸਰ ਪਾਏਗੀ ਸਾਡੇ ਉਤੇ ਉਸ ਵਾਸ਼ਨਾ ਦੇ ਮੁਤਾਬਿਕ ਸਾਡਾ ਜਨਮ ਹੋ ਜਾਣਾ ਹੈ। ਇਸ ਕਰਕੇ ਉਹ ਵਾਸ਼ਨਾ ਜੋ ਬਣ ਜਾਣੀ, ਉਹਦੇ ਮੁਤਾਬਿਕ ਜਨਮ ਹੋ ਜਾਣਾ, ਇਹ ਗੱਲ ਗਲਤ ਹੈ।

ਏਸ ਗੱਲ ਨੂੰ ਸਮਝਣ ਦਾ ਯਤਨ ਕਰੋ। ਪਾਪ ਅਸੀਂ ਕੋਈ ਨਹੀਂ ਕਰਿਆ, ਕਿਸੇ ਨੂੰ ਦੁਖ ਨਹੀਂ ਦਿਤਾ। ਕਿਸੇ ਦਾ ਗਲ ਨਹੀਂ ਵੱਢਿਆਂ, ਕੋਈ ਨਸ਼ੇ ਨਹੀਂ ਅਸੀਂ ਕੀਤੇ, ਲੇਕਿਨ ਸਾਡਾ ਮਨ ਜਿਹੜਾ ਹੈ ਉਹ ਵਾਸ਼ਨਾ 'ਚ ਪੈ ਗਿਆ। ਵਾਸ਼ਨਾ ਨੇ ਤਾਂ ਫਲ ਦੇਣਾ ਹੀ ਦੇਣਾ ਹੈ।

ਕ੍ਰਿਸ਼ਨ ਮਹਾਰਾਜ ਕਹਿੰਦੇ ਨੇ ਹੇ ਅਰਜਨ! ਜਨਮ ਦੀ ਹੇਤੂ ਜੋ ਹੈ ਉਹ ਵਾਸ਼ਨਾ ਹੈ। ਬਹੁਤ ਸਿਆਣੇ ਲੋਕ ਜਿਹੜੇ ਨੇ ਉਹ ਵਾਸ਼ਨਾ ਦੇ ਉਤੇ ਕਾਬੂ ਪਾ ਲੈਂਦੇ ਨੇ। ਉਹ ਐਉਂ ਸਮਝ ਲਓ ਜਿਵੇਂ ਗਲ ਕੱਟ ਦਰਖਤ ਹੁੰਦੇ ਨੇ, ਉਤੋਂ ਵੱਢ ਦਿੰਦੇ ਹਾਂ, ਵੱਡਾ ਬੋਝ ਤਾਂ ਲਹਿ ਗਿਆ ਉਸਦਾ, ਦਰਖਤ ਵੱਢ ਦਿਤਾ, ਲੇਕਿਨ ਜੜ੍ਹ ਨਹੀਂ ਓਹਦੀ ਪੁੱਟੀ। ਜਦੋਂ ਬਾਰਸ਼ਾਂ ਹੋਣਗੀਆਂ, ਸਮਾਂ ਆਏਗਾ ਉਸ ਵੇਲੇ ਉਸ ਵਿਚੋਂ ਫੇਰ ਦੁਬਾਰਾ ਕਰੁਬਲਾਂ ਨਿਕਲ ਆਉਣਗੀਆਂ, ਸ਼ਾਖਾ ਨਿਕਲ ਆਉਣਗੀਆਂ। ਮੁੜ ਕੇ ਓਡਾ ਹੀ ਦਰਖਤ ਬਣ ਜਾਏਗਾ। ਕਿਉਂਕਿ ਜੜ੍ਹ ਦਾ ਨਾਸ਼ ਨਹੀਂ ਹੋਇਆ, ਉਪਰੋਂ ਨਾਸ਼ ਕਰ ਦਿਤਾ ਗਿਆਨ ਦੇ ਨਾਲ। ਪੜ੍ਹਨ ਲਿਖਣ ਦੇ ਨਾਲ ਥੋੜ੍ਹੀ ਮਿਹਨਤ ਕਰਕੇ। ਲੇਕਿਨ ਅੰਦਰੋਂ ਵਾਸ਼ਨਾ ਚਲ ਰਹੀ ਹੈ। ਵਾਸ਼ਨਾ ਕਿਸੇ ਕਿਸਮ ਦੀ ਹੀ ਹੈ ਚਾਹੇ।

**ਪਰਉਪਕਾਰ ਦੀ ਵਾਸ਼ਨਾ** - ਪਰਉਪਕਾਰ ਮਾੜੀ ਚੀਜ਼ ਨਹੀਂ, ਚੰਗੀ ਚੀਜ਼ ਗਿਣੀ ਗਈ ਹੈ। ਲੇਕਿਨ ਪਰਉਪਕਾਰ ਦੀ ਜੋ ਵਾਸ਼ਨਾ ਕਰਦਾ ਹੈ ਕਿ ਮੈਂ ਆਹ ਕੰਮ ਕਰਨਾ ਹੈ, ਆਹ ਕਰਨਾ ਹੈ, ਆਹ ਨੇਕੀ ਕਰਨੀ ਸੀ, ਕਾਲਜ ਬਣਾਉਣੇ ਸੀ, ਸਕੂਲ ਬਣਾਉਣੇ ਸੀ, ਮੈਂ ਹਸਪਤਾਲ ਬਣਾਉਣੇ ਸੀ, ਬੜੀ ਚੰਗੀ ਨੇਕ ਗੱਲ ਹੈ, ਪਰ ਉਹ ਵਾਸ਼ਨਾ ਬਣ ਗਈ। ਲੇਕਿਨ ਉਹ ਆਦਮੀ ਨੂੰ ਉਪਰ ਨਹੀਂ ਜਾਣ ਦਿੰਦੀ। ਐਸੇ ਮੰਡਲ ਵਿਚ ਰੱਖੇਗੀ, ਇਥੋਂ ਬਾਹਰ ਨਹੀਂ ਨਿਕਲਣ ਦਿੰਦੀ। ਸੋ ਇਹ ਗੱਲ ਸਮਝੋ ਸਾਰੇ।

ਉਸੇ ਵਾਸ਼ਨਾ ਨੇ ਸਮੇਂ ਸਿਰ, ਕਿਉਂਕਿ ਅੰਤ ਦੇ ਸਮੇਂ ਉਹੀ ਚੀਜ਼ ਆ ਜਾਣੀ ਹੈ।

*ਸਾਈ ਵਸਤੁ ਪਰਾਪਤਿ ਹੋਈ*
*ਜਿਸੁ ਸਿਉ ਲਾਇਆ ਹੇਤੁ ॥*
*ਕਹੁ ਨਾਨਕ ਪ੍ਰਾਣੀ ਚਉਥੈ ਪਹਰੈ*
*ਲਾਵੀ ਲੁਣਿਆ ਖੇਤੁ ॥* *ਅੰਗ - ੭੫*

ਜਿਹੜੀ ਚੀਜ਼ ਨਾਲ ਜ਼ਿੰਦਗੀ ਭਰ ਚਿੱਤ ਲਾਇਐ, ਉਹੀ ਹੋ ਜਾਂਦੀ ਹੈ।

ਇੰਗਲੈਂਡ ਦੇ ਅੰਦਰ ਇਕ ਐਸਾ ਵਰਗ ਹੈ, ਉਹ ਰੂਹਾਂ ਨਾਲ ਗੱਲ ਕਰਦਾ ਹੈ। ਸੈਕਸਪੀਅਰ ਦੀ ਰੂਹ ਨੂੰ ਉਨ੍ਹਾਂ ਨੇ ਬੁਲਾਇਆ, ਉਨ੍ਹਾਂ ਦਾ ਤਰੀਕਾ ਇਹ ਹੈ ਕਿ ਪਹਿਲਾਂ ਗੱਲ ਪੁੱਛਦੇ ਨੇ, ਫੇਰ ਪੁੱਛ-ਤਾਛ ਕਰਦੇ ਨੇ ਫੇਰ ਉਹਨੂੰ ਦੁਬਾਰਾ ਬੁਲਾਉਂਦੇ ਨੇ। ਉਸ ਨੂੰ ਮੀਡੀਆ ਦੇ ਰਾਹੀਂ ਦੁਬਾਰਾ ਬੁਲਾਇਆ। ਤਾਂ ਉਸ ਨੇ ਦੱਸਿਆ ਕਿ ਮੈਂ ਸੈਕਸ਼ਪੀਅਰ ਹਾਂ।

ਕਹਿੰਦੇ, ਤੂੰ ਕੰਮ ਕੀ ਕਰਦਾ ਹੈਂ ਇਥੇ?

ਕਹਿੰਦਾ, ਮੈਂ ਕਿਤਾਬਾਂ ਲਿਖਦਾ ਹਾਂ।

ਹਾਲਾਂਕਿ ਉਥੇ ਕਾਗਜ਼ ਕੋਈ ਨਹੀਂ, ਪ੍ਰੈਸ ਕੋਈ ਨਹੀਂ, ਉਸ ਵਾਸ਼ਨਾ ਨੇ ਪਸਾਰਾ ਪਸਾਰ ਦਿਤਾ ਉਥੇ ਸਾਰਾ ਹੀ। ਜਿਹੋ ਜਿਹੀ ਵਾਸ਼ਨਾ ਉਹੋ ਜਿਹਾ ਉਹਦਾ ਚੌਗਿਰਦਾ ਹੋ ਗਿਆ।

ਕਹਿੰਦਾ, ਹੁਣ ਮੈਨੂੰ ਇਹ ਕਹਿੰਦੇ ਨੇ ਕਿ ਦੁਬਾਰਾ ਸੰਸਾਰ ਉੱਤੇ ਜਾਹ, ਉਥੇ ਜਾ ਕੇ ਆਪਣੀ ਅਧੂਰੀ ਵਾਸ਼ਨਾ ਪੂਰੀ ਕਰ। ਪੂਰੀ ਕਰਨ ਦੇ ਨਾਲ, ਫੇਰ ਤੂੰ ਵਾਸ਼ਨਾ ਦਾ ਖਾਤਮਾ ਕਰੇਂਗਾ ਤਾਂ ਏਸ ਮੰਡਲ ਤੋਂ ਉਤੇ ਜਾ ਸਕੇਂਗਾ ਨਹੀਂ ਤਾਂ ਇਥੋਂ ਧਰਤੀ ਤੇ, ਧਰਤੀ ਤੋਂ ਇਥੇ। ਕਿਉਂਕਿ ਨਰਕਾਂ 'ਚ ਤਾਂ ਜਾਂਦਾ ਨਹੀਂ। ਨੇਕ ਬੰਦਾ ਨਰਕਾਂ ਵਿਚ ਜਾਂਦਾ ਨਹੀਂ ਹੈ। ਪਰ ਉਹ ਫਸ ਤਾਂ ਗਿਆ ਨਾ ਦੋ ਚੀਜ਼ਾਂ ਦੇ ਅੰਦਰ।

ਸੋ ਵਾਸ਼ਨਾ ਜਿਹੜੀ ਹੈ, ਜਦੋਂ ਤਕ ਵਾਸ਼ਨਾ ਦਾ ਖਾਤਮਾਂ ਨਹੀਂ ਹੁੰਦਾ, ਓਨੀ ਦੇਰ ਤਕ ਸਾਡਾ ਜਨਮ ਮਰਨ ਹਟਦਾ ਨਹੀਂ ਹੈ। ਕਿਉਂਕਿ ਵਾਸ਼ਨਾ ਹਉਮੈ ਦਾ ਹੀ ਇਕ ਵਿਭਾਗ department ਹੈ। ਹਉਮੈਂ ਦੇ ਇਕ ਵੱਡੇ ਵਿਭਾਗ department ਦੀ ਸਬ ਬਰਾਂਚ ਹੈ ਵਾਸ਼ਨਾ। ਵਾਸ਼ਨਾ ਮਾੜੇ ਤੋਂ ਮਾੜੇ ਥਾਉਂ ਵੀ ਲੈ ਜਾਂਦੀ ਹੈ, ਚੰਗੇ ਤੋਂ ਚੰਗਾ ਵੀ ਲੈ ਜਾਂਦੀ ਹੈ। ਪੈਸਾ ਆਦਮੀ ਦੇ ਨਿਰਬਾਹ ਵਾਸਤੇ ਬੜਾ ਜ਼ਰੂਰੀ ਹੈ। ਕੁਲੀ, ਜੁਲੀ, ਗੁਲੀ। ਉਹਨੇ ਆਪਣੇ ਆਪ ਨੂੰ maintan ਕਰਨਾ ਹੈ। ਜੇ ਕੋਈ ਬੰਦਾ ਸੋਹਣਾ ਰਹਿੰਦਾ ਹੈ। ਉਹਦੇ ਵਿਚ ਕੋਈ ਹਰਜ਼ ਨਹੀਂ ਹੈ, ਉਹਦੀ ਪਰਾਲਬਧ ਐਸੀ ਹੈ ਕਿ ਉਹਨੂੰ ਸੋਹਣਾ ਰਹਿਣਾ ਮਿਲਣਾ ਹੀ ਮਿਲਣਾ ਹੈ। ਸਵਾਰੀਆਂ ਨੇ ਜੇ ਉਹਦੇ ਕੋਲ, ਨੇਕ ਕਮਾਈ ਦੇ ਵਿਚੋਂ ਜੇ ਸਵਾਰੀਆਂ ਲੈਂਦਾ ਹੈ ਕੋਈ, ਉਹਦਾ ਫਰਕ ਨਹੀਂ ਪੈਂਦਾ। ਪਰ ਜੇ ਉਹ ਵਾਸ਼ਨਾ ਦੇ ਵਿਚ ਫਸ ਗਿਆ ਤਾਂ ਉਹਦਾ ਬੜਾ ਭਾਰਾ ਫਰਕ ਹੈ। ਕਿਉਂਕਿ ਵਾਸ਼ਨਾ ਦੇ ਨਾਲ –

***ਅੰਤਿ ਕਾਲਿ ਜੋ ਮੰਦਰ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ – ੩੭੫*

ਕੋਠੀਆਂ ਬਣਾਉਂਦਾ ਰਿਹਾ, ਇਹ ਸੋਚ ਕੇ ਮੇਰੀ ਐਨੀ ਜਾਇਦਾਦ ਬਣ ਜਾਏ, ਪਰ ਮਰਨ ਵੇਲੇ ਸੁਰਤ ਉਹਦੇ ਵਿਚ ਰਹਿ ਗਈ। ਉਹਦਾ ਨਤੀਜਾ ਕੀ ਹੋਇਆ, ਉਹਨੂੰ ਪ੍ਰੇਤ ਬਣਨਾ ਪੈਣਾ ਹੈ। ਪੈਸੇ, ਟਕੇ ਦੇ ਵਿਚ ਵਾਸ਼ਨਾ ਰਹਿ ਜਾਏ, ਮਹਾਰਾਜ ਕਹਿੰਦੇ ਉਸਨੂੰ ਸੱਪ ਬਣਨਾ ਪੈਣਾ ਹੈ। ਸੋ ਇਸ ਤਰ੍ਹਾਂ ਸਾਨੂੰ ਕੁਛ ਕਰਮਾਂ ਦੇ ਨਾਲ ਜੂਨੀਆਂ ਮਿਲਦੀਆਂ ਨੇ, ਕੁਛ ਵਾਸ਼ਨਾ ਨਾਲ ਮਿਲਦੀਆਂ ਨੇ। ਕਰਮ ਅਸੀਂ ਕਰਦੇ ਹਾਂ –

***ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥***
*ਅੰਗ – ੨੭੯*

ਸੰਤਾਂ ਦੀ ਨਿੰਦਿਆ ਕਰਦਾ ਹੈ, ਮਾੜੀਆਂ ਗੱਲਾਂ ਕਰਦਾ ਹੈ, ਸੰਤਾਂ ਦੇ ਨਾਲ ਵੈਰ ਕਰਦਾ ਹੈ, ਕਹਿੰਦੇ ਕੁੱਤਿਆਂ ਦੇ ਸਿਰ ਵਿਚ ਜਿਹੜੇ ਕੀੜੇ ਪੈਂਦੇ ਨੇ, ਗਿੱਦੜਾਂ ਦੇ ਉਹ ਕੀੜਾ ਬਣਨਾ ਪੈਂਦਾ ਹੈ। ਕਿਥੇ ਲੈ ਗਿਆ ਕੀਤਾ ਹੋਇਆ ਕਰਮ।

***ਜਿਸ ਕੈ ਅੰਤਰਿ ਰਾਜ ਅਭਿਮਾਨੁ ॥***
*ਅੰਗ – ੨੭੮*

ਅਥਾਰਟੀ ਮਿਲ ਗਈ ਕੋਈ, ਕਿਸੇ ਮਹਿਕਮੇ ਦੀ ਮਿਲ ਗਈ, ਵੱਡਾ ਹੋ ਗਿਆ, ਆਫੀਸਰ ਬਣ ਗਿਆ, ਉਸ ਅਥਾਰਟੀ ਦੇ ਨਾਲ ਉਹਦਾ ਦਿਮਾਗ pollute ਹੋ ਗਿਆ, ਅਭਿਮਾਨ ਆ ਗਿਆ ਉਹਦੇ ਅੰਦਰ ਕਿ ਮੈਂ ਵੱਡਾ ਅਫਸਰ ਹਾਂ, ਮੇਰੇ ਅਖਤਿਆਰ ਵਿਚ ਨੇ ਸਭ ਗੱਲਾਂ। ਮੈਂ ਐਉਂ ਕਰ ਸਕਦਾ ਹਾਂ, ਆਹ ਕਰ ਸਕਦਾ ਹਾਂ। ਮਹਾਰਾਜ ਕਹਿੰਦੇ ਦੇਖੋ, ਨਿੱਕੀ ਜਿਹੀ ਗਲਤੀ ਹੁੰਦੀ ਹੈ –

***ਸੋ ਨਰਕਪਾਤੀ ਹੋਵਤ ਸੁਆਨੁ ॥*** *ਅੰਗ – ੨੭੮*

ਨਰਕ ਦੇ ਵਿਚ ਉਹਨੂੰ ਜਾਣਾ ਪੈਂਦਾ ਹੈ, ਜਦੋਂ ਦੁਬਾਰਾ ਧਰਤੀ ਤੇ ਆਉਂਦਾ ਹੈ, ਕੁੱਤੇ ਦਾ ਸਰੀਰ ਮਿਲਦਾ ਹੈ ਉਸਨੂੰ। ਸੋ ਇਹ ਵਾਸ਼ਨਾਵਾਂ ਦਾ ਅਸਰ ਹੁੰਦਾ ਹੈ ਸਾਡੇ ਉਤੇ। ਵਾਸ਼ਨਾ ਬਣਦੀ ਹੈ ਸੰਗਤ ਦੇ ਨਾਲ। ਹੁਣ ਮਹਾਰਾਜ ਇਹ ਕਹਿੰਦੇ ਨੇ ਕਿ ਤੂੰ ਸਤਿਸੰਗ ਕਰ, ਬਾਕੀ ਜਿਹੜੀਆਂ ਚੀਜ਼ਾਂ ਨੇ ਉਹ ਤੈਨੂੰ ਧੋਖੇ ਵਿਚ ਰਖਦੀਆਂ ਨੇ। ਲੈ ਜਾਂਦੀਆਂ ਨੇ ਨਰਕਾਂ ਵਿਚ। ਹੁਣ ਇਹਦੇ ਵਿਚ ਇਕ ਸੰਗਤ ਉਹ ਹੁੰਦੀ ਹੈ ਜਿਹਨੂੰ ਕੁਸੰਗ ਕਹਿੰਦੇ ਨੇ। ਆਦਮੀ ਗਲਤ ਖਿਆਲਾਂ ਵਿਚ ਪੈ ਗਿਆ, ਗਲਤ ਗੱਲਾਂ ਵਿਚ ਪੈ ਗਿਆ, ਚੋਰੀ ਕਰਨ ਲੱਗ ਗਿਆ, ਜੂਆ ਖੇਲ੍ਹਣ ਲਗ ਗਿਆ। ਸ਼ਰਾਬ ਪੀਣ ਲਗ ਗਿਆ, ਮਾਸ ਖਾਣ ਲਗ ਗਿਆ, ਡਾਕੇ ਮਾਰਨ ਲਗ ਗਿਆ, ਹੋਰ ਮਾੜੀਆਂ ਗੱਲਾਂ ਦੇ ਵਿਚ ਪੈ ਗਿਆ, ਨਿੰਦਿਆ ਕਰਦਾ ਹੈ, ਚੁਗਲੀਆਂ ਕਰਦਾ ਹੈ, ਈਰਖਾ ਕਰਦਾ ਹੈ ਤੇ ਕਪਟ ਕਰਦਾ ਹੈ, ਆਸਾ 'ਚ ਰਹਿੰਦਾ ਹੈ, ਤ੍ਰਿਸ਼ਨਾ 'ਚ ਰਹਿੰਦਾ ਹੈ। ਕਹਿੰਦੇ, ਇਹ ਜਿਹੜੇ ਕੁਸੰਗ ਨੇ ਇਹ ਕੁਸੰਗ ਆਦਮੀ ਨੂੰ ਮਾਰ ਲੈਂਦੇ ਨੇ। ਜਿਹੜਾ ਸੁਨਿਹਰੀ ਮੌਕਾ ਇਸ ਨੂੰ ਮਿਲਿਆ ਹੈ ਵਾਹਿਗੁਰੂ ਨੂੰ ਮਿਲਣ ਦਾ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ – ੧੨***

ਇਹ ਇਹਦੇ ਹੱਥੋਂ ਲੰਘ ਜਾਂਦਾ ਹੈ। ਦੂਜਾ ਕੀ ਹੈ ਕੁਸੰਗ ਦੇ ਵਿਚ ਅਸੀਂ ਬੀਜ ਬੀਜਦੇ ਹਾਂ, ਉਹ ਬੀਜ ਸਾਨੂੰ ਵੱਢਣੇ ਪੈਂਦੇ ਨੇ। ਔਖਾ ਹੋ ਜਾਂਦਾ ਹੈ, ਬੀਜ ਨਿੱਕਾ ਜਿਹਾ ਹੈ, ਚਾਰ ਉਂਗਲ ਦੀ ਜੁਬਾਨ ਹੈ। ਚਾਰ ਉਂਗਲ ਦੀ ਜੁਬਾਨ ਦੇ ਨਾਲ ਜੇ ਅਸੀਂ ਨਿੰਦਿਆ ਕਰਦੇ ਹਾਂ ਕਿਸੇ ਦੀ, ਨਾ

ਕੋਈ ਵਾਹ ਨਾ ਕਿਸੇ ਨੂੰ ਜਾਣੀਏ, ਈਰਖਾ ਪਹਿਲਾਂ ਪੈਦਾ ਹੁੰਦੀ ਹੈ, ਨਿੰਦਿਆ ਬਾਅਦ ਵਿਚ ਆਉਂਦੀ ਹੈ। ਪਹਿਲਾਂ ਤਾਂ ਈਰਖਾ ਆਈ ਸਾਡੇ ਮਨ ਵਿਚ, ਕਿ ਫਲਾਣੇ ਦੀ ਬੜੀ ਮਹਿਮਾ ਹੈ, ਆਪ ਦੀ ਹੋ ਨਾ ਸਕੀ, ਮਨ 'ਚ ਈਰਖਾ ਆ ਗਈ। ਈਰਖਾ ਤੋਂ ਬਾਅਦ ਅਸੀਂ ਨਿੰਦਿਆ ਕਰਦੇ ਹਾਂ ਉਸਦੀ। ਨਿੰਦਿਆ ਕਰਨ ਦੇ ਨਾਲ ਕੀ ਹੁੰਦਾ ਹੈ ਕਿ ਚਾਰ ਉਂਗਲ ਦੀ ਜ਼ੁਬਾਨ ਨੇ ਚਾਰ ਅੱਖਰ ਤਾਂ ਕਹਿ ਦਿਤੇ। ਚਾਰ ਅੱਖਰ ਕਹਿਣ ਨਾਲ ਅਸੀਂ ਫਸ ਗਏ, ਇਹੀ ਜੇ ਚਾਰ ਅੱਖਰ ਸ਼ੁੱਭ ਕਹਿ ਦਿਤੇ ਜਾਣ ਉਹਦੇ ਨਾਲ ਛੁਟ ਜਾਂਦੇ ਹਾਂ। ਦੋ ਹੀ ਤਰੀਕੇ ਨੇ ਉਹ extreem ਤੇ ਏਧਰ ਨੇ ਉਹ ਐਧਰ ਨੇ। ਮਹਾਰਾਜ ਕਹਿੰਦੇ –

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*

*ਅੰਗ – ੭੫੫*

ਮਹਾਂਮੂਰਖ ਬੰਦੇ ਨਿੰਦਿਆ ਕਰਦੇ ਨੇ, ਨਰਕ ਦੇ ਵਿਚ ਜਾਂਦਾ ਹੈ। ਇਥੇ ਹੀ ਨਹੀਂ ਹੈ ਜੇ ਉਹਨੂੰ ਹਾਂ, ਹੂੰ ਕਰਨ ਵਾਲਾ ਵੀ ਲੱਭ ਜਾਵੇ, ਹੁੰਗਾਰਾ ਭਰਨ ਵਾਲਾ, ਉਹਦੇ ਤੇ ਵੀ ਅਸਰ ਹੋ ਜਾਂਦਾ ਹੈ। ਕੋਈ ਮਹਾਂਪੁਰਸ਼ ਹੈ, ਨਾ ਅਸੀਂ ਜਾਣਦੇ ਹਾਂ, ਨਾ ਕੁਛ ਪਤਾ ਹੈ, ਉਹ ਸੰਸਾਰ ਦਾ ਭਲਾ ਕਰਦਾ ਹੈ। ਉਹਦੀ ਨਿੰਦਿਆ ਕਰ ਦਿਤੀ, ਉਹ ਬੀਜ ਪੈ ਗਿਆ ਨਿੰਦਿਆ ਦਾ, ਸੰਸਾ ਪੈ ਗਿਆ, ਉਹ ਕੱਢਣ ਦਾ ਕੋਈ ਵੀ ਯਤਨ ਨਹੀਂ, ਉਹਨੂੰ ਦਰਖਤ ਬਣ ਜਾਣਾ ਹੈ। ਜਦੋਂ ਵੀ ਕੋਈ ਗੱਲ ਕਰਦਾ ਹੈ ਕਿ ਫਲਾਣੇ ਮਹਾਤਮਾ ਦਾ ਐਉਂ ਸੁਣਿਆ ਹੈ। ਓ ਸੁਣਿਆ ਵਾਲੀ ਗੱਲ ਜਿਹੜੀ ਹੈ ਮਹਾਰਾਜ ਕਹਿੰਦੇ ਜਿਹੜੀ ਹੈ ਨਾ –

*ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ॥*
*ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ*
*ਅਗਨੀ ਮਾਹਿ ਜਲਾਵੈ ॥ ਅੰਗ – ੩੭੩*

ਜੇ ਨਰਕ ਨੂੰ ਆਪ ਜਾਂਦਾ ਹੈ ਤੇ ਨਾਲ ਜਿਹੜਾ ਹਾਂ ਹੂੰ ਕਰਨ ਵਾਲਾ ਹੈ, ਉਹ ਨੂੰ ਵੀ ਨਰਕ ਵਿਚ ਲੈ ਜਾਂਦਾ ਹੈ। ਕਿਉਂਕਿ ਕੁਸੰਗ ਹੋਇਆ ਤੇ ਕੁਸੰਗ ਦਾ ਅਸਰ ਹੋਇਆ। ਸੋ ਏਸ ਕਰਕੇ ਮਹਾਰਾਜ ਜੀ ਦਾ ਐਸਾ ਫੁਰਮਾਨ ਹੈ –

***ਧਾਰਨਾ – ਪਿਆਰੇ ਜੀ ਸਾਕਤਾਂ ਦਾ ਸੰਗ ਨਾ ਕਰੀਂ।***

*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥*

*ਅੰਗ – ੧੩੬੯*

*ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥*

*ਅੰਗ – ੧੩੭੧*

ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਮਿਸਾਲ ਦੇ ਕੇ ਦੱਸਿਆ ਹੈ ਕਿ ਚਾਵਲ ਦਾ ਸੰਗ ਉਹਦੇ ਛਿਲਕੇ ਨੇ ਕਰਿਆ, ਪਹਿਲਾਂ ਮੋਲ੍ਹੇ ਮਾਰ–ਮਾਰ ਕੇ ਇਹਨੂੰ ਕੱਢਦੇ ਸੀ ਤੇ ਉਹਦੇ ਉਤੇ ਮੋਲ੍ਹੇ ਪੈਂਦੇ ਨੇ ਤੇ ਨਿਕਲਦਾ ਵਿਚੋਂ ਚਾਵਲ ਹੈ। ਉਹਦੇ ਉਤੇ ਮੋਲ੍ਹੇ ਤਾਂ ਪਏ ਕਿਉਂਕਿ ਉਹਨੇ ਸੰਗਤ ਕੀਤੀ ਉਸਦੀ। ਇਕ ਹੋਰ ਮਿਸਾਲ ਦਿੰਦੇ ਨੇ ਕਿ ਕੇਲਾ ਖੜ੍ਹਾ ਹੈ ਬੇਰੀ ਦੇ ਨੇੜੇ, ਬੇਰੀ ਹਵਾ ਦੇ ਨਾਲ ਝੂਲਦੀ ਹੈ ਤੇ ਉਹਦੇ ਪੱਤੇ ਫੱਟ ਜਾਂਦੇ ਨੇ। ਅਖੀਰ ਦੇ ਉਤੇ ਫੁਰਮਾਨ ਕਰਦੇ ਨੇ ਕਿ ਕੁਸੰਗ ਕਰੋ ਹੀ ਨਾ। ਨੱਠ ਜਾਓ, ਕਿਉਂਕਿ ਦਾਗ ਲਗ ਜਾਏਗਾ ਜੀਵਨ ਤੇ। ਚਿੱਟੇ ਕੱਪੜੇ ਪਾ ਕੇ ਕਾਲੀ ਕੋਠੜੀ 'ਚ ਚਲੇ ਜਾਓ, ਉਡ ਕੇ ਹੀ ਦਾਗ ਲਗ ਜਾਂਦਾ ਹੈ ਚਿੱਟੇ ਕੱਪੜਿਆਂ ਤੇ। ਸੋ ਇਸ ਕਰਕੇ ਮਹਾਰਾਜ ਜੀ ਨੇ ਕੁਸੰਗ ਬਾਰੇ ਤਾਂ ਮਹਾਰਾਜ ਜੀ ਨੇ ਬਹੁਤ ਕਿਹਾ ਹੈ। ਬਹੁਤ ਸਾਰੇ ਪ੍ਰੇਮੀ ਇਹ ਖਿਆਲ ਕਰ ਲੈਂਦੇ ਨੇ ਕਿ ਮੇਰੇ ਤੇ ਅਸਰ ਨਹੀਂ ਹੁੰਦਾ ਕੁਸੰਗ ਦਾ। ਦਰਅਸਲ ਇਹ ਸੁਭਾਅ ਹੀ ਹੁੰਦਾ ਹੈ ਕਿ ਪਹਿਲਾਂ ਤਾਂ ਖਿਆਲ ਦ੍ਰਿੜ ਰਹਿੰਦੇ ਨੇ, ਹੌਲੀ ਹੌਲੀ ਅਸਰ ਹੋ ਜਾਂਦਾ ਹੈ। ਕਈਆਂ ਗੱਲਾਂ ਦਾ ਅਸਰ ਹੋ ਜਾਂਦਾ ਹੈ ਮਨ ਤੇ, ਕੁਝ ਸੰਸੇ ਵਿਆਪ ਜਾਂਦੇ ਨੇ, ਅਖੀਰ ਉਸੇ ਥਾਂ ਦੇ ਉਤੇ ਗਿਰ ਜਾਂਦਾ ਹੈ। ਵੱਡੇ–ਵੱਡੇ ਗਿਰੇ ਨੇ ਇਕ ਦੋ ਚਾਰ ਨਹੀਂ, ਬੇਅੰਤ ਮਿਸਾਲਾਂ ਨੇ। ਜਿਥੇ ਬੰਦਾ ਗਿਰ ਜਾਂਦਾ ਹੈ ਫੇਰ ਨਹੀਂ ਉਸ ਤੋਂ ਉਠ ਹੁੰਦਾ। ਸੋ ਜੋ ਕੁਸੰਗੀ ਹੈ ਉਹਦੇ ਬਚਨ ਇਹ ਹੁੰਦੇ ਨੇ 'ਨਾਮ' ਕੀ ਹੁੰਦਾ ਹੈ? ਇਹ ਐਵੇਂ ਫਜ਼ੂਲ ਗੱਲਾਂ ਨੇ ਕਿਉਂਕਿ ਆਪ ਸਮਝਿਆ ਨਹੀਂ ਹੁੰਦਾ, ਦੂਸਰੇ ਨੂੰ ਸਮਝਣ ਤੋਂ ਹਟਾਉਂਦੇ ਨੇ। ਮਹਾਰਾਜ ਕਹਿੰਦੇ ਉਨ੍ਹਾਂ ਦੀ ਮਿਸਾਲ ਇਹ ਹੈ ਕਿ ਅੰਮ੍ਰਿਤ ਹੈ ਤਾਂ ਮਿੱਠਾ ਪਰ ਉਨ੍ਹਾਂ ਨੇ ਚੱਖਿਆ ਨਹੀਂ ਉਹਨੂੰ ਕੌੜੀ ਕਹਿੰਦੇ ਨੇ, ਸ਼ਰਾਬ ਨੂੰ ਮਿੱਠਾ ਕਹਿੰਦੇ ਨੇ। ਕਹਿੰਦੇ ਨੇ ਇਨ੍ਹਾਂ ਨੂੰ ਕੀ ਪਤਾ।

ਇਥੇ ਇਕ ਪ੍ਰੇਮੀ ਆਉਂਦਾ ਸੀ ਮਟੌਰ ਦਾ, ਰੇੜਾ ਚਲਾਉਂਦਾ ਸੀ, ਉਹ ਸਿਗਰਟਾਂ ਪੀਈ ਜਾਂਦਾ ਹੁੰਦਾ, ਇਥੇ ਜਦੋਂ ਆਉਣਾ, ਮਜ਼ਦੂਰ ਲੱਗੇ ਹੋਏ ਸੀ ਇਥੇ ਕੰਮ ਕਰਨ ਨੂੰ, ਜਿਹੜਾ ਵੀ ਇਥੇ ਕੰਮ ਕਰਨ ਲੱਗੇ, ਉਹ ਅੰਮ੍ਰਿਤ ਛਕ ਲਵੇ। ਇਕ ਤਰ੍ਹਾਂ ਮਾਹੌਲ ਹੀ ਬਣ ਗਿਆ ਅੰਮ੍ਰਿਤਧਾਰੀਆਂ ਦਾ, ਮਜ਼ੂਦਰ ਵੀ ਆ ਗਏ। ਸਾਰੇ ਉਹਨੂੰ ਕਹਿਣ ਲੱਗ ਗਏ ਕਿ ਤੂੰ ਵੀ ਅੰਮ੍ਰਿਤ ਛਕ ਲੈ। ਕਹਿੰਦਾ ਵਾਹ ਬਈ ਵਾਹ। ਕਹਿੰਦਾ 'ਹੁਕਾ ਹਜਾਮਤ ਦਹੀਂ ਔਰ ਜਨਮ ਮੇਂ ਨਹੀਂ' ਕਹਿੰਦਾ ਨਾ ਤਾਂ ਡੰਗਰ ਹੁੱਕਾ ਪੀ ਸਕਦੇ ਨੇ, ਨਾ ਹਜ਼ਾਮਤ ਕਰਾ ਸਕਦੇ ਨੇ, ਇਹ ਚੀਜ਼ਾਂ ਤਾਂ ਮਾਨਸ ਜਨਮ ਵਿਚ ਹੀ ਮਿਲਦੀਆਂ ਨੇ।

ਜਦੋਂ ਚਾਰ-ਪੰਜ ਦਿਨ ਉਹਨੇ ਦੀਵਾਨ ਸੁਣੇ, ਸੁਣਦਾ ਰਿਹਾ ਜਿਸ ਦਿਨ ਅੰਮ੍ਰਿਤ ਛਕਾਉਣਾ ਸੀ। ਉਥੇ ਖੜ੍ਹਾ। ਮੈਂ ਪੁਛਿਆ ਕਿ ਤੂੰ ਕਿਵੇਂ ਖੜ੍ਹਾ ਹੈਂ, ਪੈਸੇ ਲੈਣੇ ਨੇ? ਕਹਿੰਦਾ, ਨਹੀਂ ਜੀ, ਮੈਂ ਸਾਰੇ ਬੱਚੇ ਲੈ ਕੇ ਆਇਆ ਹਾਂ, ਉਹ ਖੜ੍ਹੇ ਨੇ। ਮੈਨੂੰ ਦੱਸੋ ਕਿ ਕਕਾਰ ਕਿੱਥੋਂ ਮਿਲਦੇ ਨੇ? ਮੈਂ ਕਿਹਾ ਅਸੀਂ ਤੈਨੂੰ ਮੁਫਤ ਦੇਵਾਂਗੇ, ਤੇਰੇ ਤੋਂ ਨਹੀਂ ਅਸੀਂ ਪੈਸੇ ਲੈਣੇ। ਮੈਂ ਕਿਹਾ, ਤੇਰਾ ਮਨ ਬਣ ਗਿਆ? ਕਹਿੰਦਾ ਮੈਂ ਤਾਂ ਬੜੀ ਭੁੱਲ ਵਿਚ ਸੀਗਾ, ਮੈਨੂੰ ਤਾਂ ਪਤਾ ਹੀ ਨਹੀਂ ਸੀ ਏਸ ਗੱਲ ਦਾ ਕਿ ਇਹ ਜਨਮ ਜਿਹੜਾ ਹੈ ਇਹ ਕੌਡੀਆਂ ਦੇ ਭਾਅ ਜਾਂਦਾ ਹੈ। ਇਹ ਮੇਰੇ ਦਿਲ ਵਿਚ ਬਹਿ ਗਈ, ਹੁਣ ਮੈਂ ਅੰਮ੍ਰਿਤ ਛਕਣਾ ਹੈ।

ਅਸਰ ਤਾਂ ਸੰਗਤ ਦਾ ਹੁੰਦਾ ਹੈ, ਕੁਸੰਗੀ ਬੰਦੇ ਅੰਮ੍ਰਿਤ ਨੂੰ ਕੌੜਾ ਕਹਿੰਦੇ ਨੇ -

***ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥***
***ਸਾਕਤ ਕੀ ਬਿਧਿ ਨੈਨਹੁ ਡੀਠੀ ॥ ਅੰਗ - ੮੯੨***

ਕੂੜ, ਕਪਟ ਅਤੇ ਅਹੰਕਾਰ। ਝੂਠ ਦੀ ਜ਼ਿੰਦਗੀ, ਕਪਟ ਦੀ ਜ਼ਿੰਦਗੀ ਤੇ ਅਭਿਮਾਨ ਦੀ ਜ਼ਿੰਦਗੀ ਇਹਦੇ ਵਿਚ ਰੁਝਿਆ ਰਹਿੰਦਾ ਹੈ।

***ਕੂੜਿ ਕਪਟਿ ਅਹੰਕਾਰਿ ਰੀਝਾਨਾ ॥***
***ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥ ਅੰਗ - ੮੯੨***

ਜਦੋਂ ਨਾਮ ਦੀ ਗੱਲ ਕਰੋ, ਉਠ ਕੇ ਚਲਿਆ ਜਾਏਗਾ। ਜਾਂ ਇਹਨੂੰ ਐਉਂ ਲੱਗੇਗਾ ਜਿਵੇਂ ਬਿੱਛੂ ਡੰਗ ਮਾਰਦਾ ਹੁੰਦਾ ਹੈ। ਜਿਹੜੀ ਭਲੇ ਦੀ ਗੱਲ ਕਹਿੰਦੇ ਨੇ ਮਹਾਂਪੁਰਸ਼ ਉਹ ਇਹਨੂੰ ਬੁਰੀ ਲਗਦੀ ਹੈ। ਕਹਿੰਦਾ ਹੈ ਕਿ ਜੇ ਰਿਸ਼ਵਤ ਨਾ ਲਈ ਤਾਂ ਗੁਜ਼ਾਰਾ ਕਿਵੇਂ ਹੋ ਜਾਏਗਾ? ਸੰਤ ਕਹਿੰਦੇ ਨੇ ਕਿ ਤੂੰ ਨੇਕ ਜੀਵਨ ਜਿਉਂ ਐਉਂ ਗੁਜ਼ਾਰਾ ਨਾ ਕਰ। ਇਹ ਥੋੜ੍ਹੇ ਦਿਨ ਦਾ ਕੰਮ ਤਾਂ ਹੈਗਾ ਚੰਗਾ ਜਦੋਂ ਤੈਨੂੰ ਪ੍ਰਮੇਸ਼ਰ ਦੇ ਨਾਲ ਮਿਲਾਪ ਹੋਣਾ ਉਸ ਵੇਲੇ ਇਹਨੇ ਬਹੁਤ ਵੱਡੀ ਰੁਕਾਵਟ ਬਣ ਕੇ ਖੜ੍ਹ ਜਾਣਾ ਹੈ। ਕਿਉਂਕਿ ਤੂੰ ਚਰਿੱਤਰ ਨੂੰ ਰੱਖ ਨਾ ਸਕਿਆ, ਭਾਵੇਂ ਇਹ ਗੱਲਾਂ ਅੱਜ ਦੇ ਜ਼ਮਾਨੇ ਦੇ ਅੰਦਰ ਬੜੀਆਂ ਪੁਰਾਣੀਆਂ ਲਗਦੀਆਂ ਨੇ, ਪਰ ਸਚਾਈ ਸਚਾਈ ਹੁੰਦੀ ਹੈ। ਉਹਨੂੰ ਕਿੰਨਾ ਹੀ ਰੂਪ-ਰੰਗ ਦੇ ਲਓ, ਲੇਕਿਨ ਜੋ ਸੱਚ ਹੈ ਉਹ ਸੱਚ ਰਹਿੰਦਾ ਹੈ, ਬਦਲਿਆ ਨਹੀਂ ਕਰਦਾ। ਕੋਈ ਵੀ ਸਮਾਂ ਦੁਨੀਆਂ 'ਚ ਐਸਾ ਨਹੀਂ ਆਇਆ ਜਦੋਂ ਅਸੀਂ ਬੁਰਿਆਈ ਨੂੰ ਚੰਗਿਆਈ ਬਣਾ ਲਈਏ।

ਜੇ ਸੱਚ ਦੀ ਗੱਲ ਕਹਿ ਦਓ ਤਾਂ ਕਹਿੰਦੇ ਨੇ ਕਿ ਲਾ-ਲਾ ਕਹਿੰਦੇ ਨੇ। ਕਿਉਂਕਿ ਗੁਰੂ ਨੇ ਤਾਂ ਬਾਣੀ ਦੇਈ ਜਾਣੀ ਹੈ, ਬਚਨ ਦੇਈ ਜਾਣੇ ਨੇ, ਜਿਹੜੇ ਬੰਦੇ ਦੇ ਐਹੋ ਜਿਹੇ ਕਰਤੱਬ ਨੇ ਉਹਨੂੰ ਇਹ ਲੱਗਣੇ ਸ਼ੁਰੂ ਹੋ ਜਾਂਦੇ ਨੇ। ਫੇਰ ਕਹਿੰਦਾ ਹੈ ਕਿ ਇਹ ਤਾਂ ਮੈਨੂੰ ਕਹਿ ਰਹੇ ਨੇ।

ਸੰਸਾਰ ਵਿਚ ਜਿੱਤ ਨੂੰ ਜਿੱਤ ਮੰਨਦਾ ਹੈ, ਲੇਕਿਨ ਦਰਗਾਹ ਦੇ ਵਿਚ ਹਾਰ ਜਾਂਦਾ ਹੈ। ਇਹਨੂੰ ਨਹੀਂ ਪਤਾ ਕਿ ਦਰਗਾਹ ਦੀ ਜਿੱਤ ਅਸਲੀ ਜਿੱਤ ਹੈ -

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥***
***ਅੰਗ - ੯੧੮***

ਕਿਉਂਕਿ ਅੰਤ ਵਾਲੀ ਗੱਲ ਜਿਹੜੀ ਹੈ ਉਹ ਸਹੀ ਹੋਣੀ ਚਾਹੀਦੀ ਹੈ। ਜੇ ਅੰਤ ਵਿਚ ਪਛਤਾਵਾ ਗਲ ਪੈ ਗਿਆ, ਫੇਰ ਕੀ ਹੁੰਦਾ ਹੈ, ਹੁਣ ਤਾਂ ਸਮਾਂ ਲੰਘ ਗਿਆ ਜਿਹੜਾ ਲੰਘਣਾ ਸੀ, ਉਹ ਤਾਂ ਹੱਥ ਨਹੀਂ ਆਉਂਦਾ ਮੁੜ ਕੇ-

***ਇਹੁ ਵਲੇਵਾ ਸਾਕਤ ਸੰਸਾਰ ॥ ਅੰਗ -੧੯੦***

ਕਹਿੰਦੇ, ਜਿਨ੍ਹਾਂ ਦਾ ਨਿਹਚਾ ਨਹੀਂ ਨਾ ਵਾਹਿਗੁਰੂ ਤੇ, ਇਹ ਉਨ੍ਹਾਂ ਦੀ ਵਰਤੋਂ ਹੈ, ਇਹ ਉਨ੍ਹਾਂ ਦੀ ਗੱਲ ਹੈ।

***ਜੋ ਹਲਾਹਲ ਸੋ ਪੀਵੈ ਬਉਰਾ ॥***
***ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥***
***ਸਾਧਸੰਗ ਕੈ ਨਾਹੀ ਨੇਰਿ ॥***
***ਲਖ ਚਉਰਾਸੀਹ ਭ੍ਰਮਤਾ ਫੇਰਿ ॥ ਅੰਗ -੧੯੦***

ਜਿਹੜੀਆਂ ਜ਼ਹਿਰੀਆਂ ਚੀਜ਼ਾਂ ਨੇ ਉਨ੍ਹਾਂ ਨੂੰ ਪੀਂਦਾ ਹੈ, ਸ਼ਰਾਬਾਂ-ਕਬਾਬਾਂ, ਨਸ਼ੇ ਕਰਦਾ ਹੈ, ਜਰਦਾ ਖਾਂਦਾ ਹੈ।

ਸਾਧੂ ਦੀ ਸੰਗਤ ਦੇ ਨੇੜੇ ਆਉਣਾ ਪਸੰਦ ਨਹੀਂ ਕਰਦਾ। ਨਤੀਜਾ ਕੀ ਹੁੰਦਾ ਹੈ? ਮਹਾਰਾਜ ਕਹਿੰਦੇ, ਪਿਆਰਿਓ! ਉਹਨੂੰ 84 ਲੱਖ ਜੂਨਾਂ ਦਾ ਚੱਕਰ ਖਾਣਾ ਹੀ ਪੈਂਦਾ ਹੈ। ਐਨੀ ਕੁ ਗੱਲ ਹੈ, ਪਰ ਜਿੱਤ ਕੇ ਹਾਰ ਗਿਆ। ਜਿੱਤਿਆ ਏਸ ਲਈ ਸੀ ਕਿ 83 ਲੱਖ, 99 ਹਜ਼ਾਰ, 999 ਕਈ ਮਹਾਂਪੁਰਸ਼ ਕਹਿੰਦੇ ਨੇ ਕਿ ਇਹਨੂੰ ਇਸ ਤਰ੍ਹਾਂ ਕਹੋ ਕਿ 84 ਲੱਖ ਜੂਨਾਂ ਦੇ ਚੱਕਰ ਤੋਂ ਬਾਅਦ ਉਹਨੂੰ ਮਨੁੱਖ ਦਾ ਜਾਮਾਂ ਪ੍ਰਾਪਤ ਹੋਇਆ। ਇਹ ਮਿਲਿਆ ਸੀ ਏਸ ਕਰਕੇ ਕਿ ਹੁਣ ਮੈਂ ਜਿੱਤ ਜਾਣਾ ਹੈ, ਲੇਕਿਨ ਇਹ ਕੁਸੰਗ 'ਚ ਪੈ ਕੇ ਇਸਨੂੰ ਹਾਰ ਕੇ ਚਲਿਆ ਗਿਆ। ਸੋ ਇਸ ਤਰ੍ਹਾਂ ਸੰਗਤ ਦਾ ਬਹੁਤ ਅਸਰ ਹੁੰਦਾ ਹੈ। ਮਹਾਰਾਜ ਕਹਿੰਦੇ ਇਕ ਤਾਂ ਕੁਸੰਗ ਹੈ, ਇਹਦੇ 'ਚ ਆਦਮੀ ਚਾਹੇ ਮਾੜੀ ਗੱਲ ਕਹਿੰਦਾ ਹੈ, ਚਾਹੇ ਨਹੀਂ ਕਹਿੰਦਾ, 'ਅਗਰ ਆਗ ਕੇ ਪਾਸ ਬੈਠੋਗੇ ਜਾ ਕੇ, ਉਠੋਗੇ ਇਕ ਦਿਨ ਕਪੜੇ ਜਲਾ ਕੇ' ਜਦੋਂ ਅਸੀਂ ਛੋਟੇ ਸੀ ਪਹਿਲੀ ਦੂਜੀ 'ਚ ਪੜ੍ਹਦੇ ਹੁੰਦੇ, ਉਥੇ ਲਿਖੀ ਹੋਈ ਸੀ ਇਹ ਗੱਲ। ਬੜੀ ਸੋਹਣੀ ਲਗਦੀ ਸੀ, ਪਰ ਅਸਰ ਕਰਦੀ ਸੀ, ਮੰਨ ਲੈਂਦੇ ਸੀ ਅਸੀਂ। ਹੁਣ ਵਾਂਗ ਨਹੀਂ

ਸੀ ਕਹਿੰਦੇ ਕਿ ਅੱਗ ਦੇ ਨੇੜੇ ਜਾਓ ਹੀ ਨਾ ਕਿਵੇਂ ਕੱਪੜੇ ਜਲ ਜਾਣਗੇ। ਸੋ ਏਸ ਤਰ੍ਹਾਂ ਦੇ ਨਾਲ ਅਸਰ ਹੁੰਦਾ ਹੈ, ਕਸੁੰਗ ਦਾ, ਦੂਸਰਾ ਮਹਾਰਾਜ ਕਹਿੰਦੇ ਜੇ ਤੁਸੀਂ ਸਾਧੂਆਂ ਦੀ ਸੰਗਤ ਕਰ ਲਓ ਨਾ, ਕੇਵਲ ਸੰਗਤ ਕਰਨ ਨਾਲ ਕੋਈ ਬਚਨ ਹਿਰਦੇ 'ਚ ਵਸ ਜਾਵੇ, ਇਹ ਵੀ ਤੁਹਾਨੂੰ ਪਾਰ ਲੰਘਾਉਣ ਦੇ ਸਮਰਥ ਹੋ ਜਾਂਦਾ ਹੈ। ਐਸਾ ਫੁਰਮਾਨ ਹੈ –

***ਧਾਰਨਾ – ਤੇਰੀ ਦਰਗਹ 'ਚ ਸਹਾਇਤਾ ਕਰਨੀ,***
***ਸੰਗਤ ਕਰ ਲੈ ਸਾਧੂਆਂ ਦੀ।***

***ਕਬੀਰ ਸੰਗਤਿ ਕਰੀਐ ਸਾਧ ਕੀ***
***ਅੰਤਿ ਕਰੈ ਨਿਰਬਾਹੁ ॥***
***ਸਾਕਤ ਸੰਗੁ ਨ ਕੀਜੀਐ***
***ਜਾ ਤੇ ਹੋਇ ਬਿਨਾਹੁ॥ ਅੰਗ – ੧੩੬੯***

ਦੋਹਾਂ ਦਾ ਮਹਾਰਾਜ ਜੀ ਨੇ ਨਿਰਣਾ ਕਰਕੇ ਦੱਸਿਆ ਹੈ ਕਿ ਸਾਧਨਾ ਸੰਪੰਨ ਜੋ ਪੁਰਸ਼ ਨੇ ਜਿਨ੍ਹਾਂ ਨੂੰ ਸਾਧੂ ਸੰਤ ਕਹਿੰਦੇ ਨੇ ਉਨ੍ਹਾਂ ਦੀ ਰਹਿਤ ਲਿਖੀ ਹੋਈ ਹੈ, ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕਿ ਕੌਣ ਹੁੰਦੇ ਨੇ। ਮਹਾਰਾਜ ਕਹਿੰਦੇ ਉਹ ਹੁੰਦੇ ਨੇ ਜਿਨ੍ਹਾਂ ਦੀ ਦ੍ਰਿਸ਼ਟੀ ਖੁਲ੍ਹ ਗਈ ਤੇ ਦੂਜਾ ਨਜ਼ਰ ਨਹੀਂ ਆਉਂਦਾ। ਦ੍ਵੈਤ ਖਤਮ ਹੋ ਗਈ ਤੇ ਇਕੋ ਹੀ ਪਾਰਬ੍ਰਹਮ ਪ੍ਰਮੇਸ਼ਰ ਨਜ਼ਰ ਆਉਂਦਾ ਹੈ। ਉਹ ਕਿਸੇ ਝਗੜੇ ਝਾਟਿਆਂ 'ਚ ਨਹੀਂ ਫਸਦੇ, ਕਿਉਂਕਿ ਉਨ੍ਹਾਂ ਦੀ ਨਿਗ੍ਹਾ ਪਾਰਬ੍ਰਹਮ ਪ੍ਰਮੇਸ਼ਰ ਤੇ ਹੁੰਦੀ ਹੈ। ਉਹ ਹੈ ਸਾਰਿਆਂ ਵਿਚ। ਉਹ ਭੁੱਲਦਾ ਨਹੀਂ, ਅਗਿਆਨ ਨਹੀਂ ਉਹਦੇ ਵਿਚੋਂ, ਅਗਿਆਨ ਸਾਰਾ ਖਤਮ ਹੋ ਗਿਆ। ਗਿਆਨ ਦਾ ਦੀਵਾ ਬਲ ਪਿਆ, ਚਾਨਣਾ ਹੋ ਗਿਆ ਅੰਦਰ। ਚਾਨਣੇ ਦੇ ਵਿਚ ਜਿਹੜਾ ਹਰ ਵਕਤ ਰਹਿੰਦਾ ਹੈ –

***ਜਿਨਾ ਸਾਸਿ ਗਿਰਾਸਿ ਨ ਵਿਸਰੈ***
***ਹਰਿ ਨਾਮਾਂ ਮਨਿ ਮੰਤੁ ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥***
***ਅੰਗ – ੩੧੯***

ਪ੍ਰਸ਼ਾਦਾ ਛਕਦੇ, ਕਪੜੇ ਪਾਉਂਦੇ, ਕਾਰੋਬਾਰ ਕਰਦੇ, ਜਿਨ੍ਹਾਂ ਨੂੰ ਕਿਸੇ ਸਮੇਂ ਵਾਹਿਗੁਰੂ ਨਹੀਂ ਭੁਲਦਾ ਉਹ ਸੰਤ ਹੋਇਆ ਕਰਦੇ ਨੇ। ਹੋਰ ਸੰਤ ਨਾ ਤਾਂ ਕਿਸੇ ਭੇਖ ਨੂੰ ਕਹਿੰਦੇ ਨੇ, ਨਾ ਕਿਸੇ ਡੇਰੇ 'ਚ ਰਹਿਣ ਵਾਲੇ ਨੂੰ ਕਹਿੰਦੇ ਨੇ, ਨਾ ਕਿਸੇ ਪਹਾੜਾਂ 'ਚ, ਬਰਫਾਂ 'ਚ ਬੈਠਣ ਵਾਲੇ ਨੂੰ ਕਹਿੰਦੇ ਨੇ। ਸੰਤ ਤਾਂ ਉਹੀ ਹੈ ਜਿਸਨੂੰ ਹਰ ਵਕਤ ਵਾਹਿਗੁਰੂ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ। ਚਾਹੇ ਉਹ ਕੋਈ ਕੰਮ ਕਰ ਰਿਹਾ ਹੈ, ਚਾਹੇ ਉਹ ਦੁਕਾਨ ਕਰ ਰਿਹਾ ਹੈ, ਚਾਹੇ ਫੌਜ ਵਿਚ ਨੌਕਰ ਹੈ, ਚਾਹੇ ਕੋਈ ਹੋਰ ਨੌਕਰੀ ਕਰ ਰਿਹਾ ਹੈ, ਕਿਸੇ ਥਾਂ ਵੀ ਹੈ, ਉਹ ਸਾਧੂ ਦੀ ਕੈਟਾਗਿਰੀ 'ਚ ਆ ਜਾਂਦਾ ਹੈ। ਉਹਦੀ ਸੰਗਤ ਨਿਰਬਾਹ ਕਰ ਦਿੰਦੀ ਹੈ, ਉਹਦੇ ਬਚਨਾਂ 'ਚ ਐਸੀ ਤਾਸੀਰ ਹੁੰਦੀ ਹੈ ਕਿ ਬੰਦੇ ਦਾ ਪਾਰ ਉਤਾਰਾ ਹੋ ਜਾਂਦਾ ਹੈ – ਦੋ ਚਾਰ ਬਚਨਾਂ 'ਚ ਹੀ। ਕਿਉਂਕਿ ਮਹਾਰਾਜ ਫੁਰਮਾਨ ਕਰਦੇ ਨੇ ਕਿ –

***ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥***
***ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ – ੨੬੯***

ਜਿਹਦੇ ਅੰਦਰ ਨਿਰੰਕਾਰ ਦਾ ਵਾਸਾ ਹੋ ਗਿਆ, ਉਹਦੀ ਸਿਖਿਆ ਹੀ ਐਸੀ ਹੁੰਦੀ ਹੈ ਕਿ ਸੰਸਾਰ ਤਰ ਜਾਂਦਾ ਹੈ, ਇਕ ਦੋ ਚਾਰ ਨਹੀਂ।

ਜਨਮਸਾਖੀ ਵਿਚ ਬਹੁਤ ਸੋਹਣੀ ਸਾਖੀ ਆਉਂਦੀ ਹੈ ਜੋ ਸਾਡੀਆਂ ਅੱਖਾਂ ਖੋਲ੍ਹ ਦਿੰਦੀ ਹੈ ਕਿਉਂਕਿ ਉਹ ਬੜੇ ਪਰਉਪਕਾਰੀ ਸੀ ਜਿਹੜੇ ਪ੍ਰੇਮੀਆਂ ਨੇ ਗੁਰੂ ਨਾਨਕ ਪਾਤਸ਼ਾਹ ਦੇ ਕੁਛ ਬਚਨ ਸਾਡੇ ਤਕ ਪੁਚਾ ਦਿਤੇ, ਭਾਵੇਂ ਅੱਜ ਦੇ ਲਿਖਾਰੀ, ਜਾਂ ਪ੍ਰੋਫੈਸਰ, 400-500 ਸਾਲ ਤੋਂ ਬਾਅਦ ਆਹ ਗੱਲਾਂ ਕਹਿੰਦੇ ਨੇ ਕਿ ਨਹੀਂ ਜੀ ਆਹ ਤਾਂ ਸਾਨੂੰ ਲੱਭੀ ਨਹੀਂ ਜੀ ਕਿਤੋਂ। ਲੱਭਣ ਨੂੰ ਪੰਜ ਸੌ ਸਾਲ ਦੀ ਗੱਲ ਕਿੱਥੋਂ ਲੱਭ ਲਓਂਗੇ? ਆਪਣੇ ਘਰ ਵਿਚ ਗੁਆਚਿਆ ਕਾਗਜ਼ ਲੱਭੋ ਉਹ ਨਹੀਂ ਲੱਭਦਾ। ਉਹ ਗੱਲਾਂ ਕਿੱਥੋਂ ਲੱਭ ਲਓਂਗੇ? ਉਹ ਸੀਨੇ-ਬ-ਸੀਨੇ ਚਲੀਆਂ ਆ ਰਹੀਆਂ ਨੇ। ਲੇਕਿਨ ਬਹੁਤੀ ਮਿਲਾਵਟ ਨਹੀਂ ਹੁੰਦੀ, ਠੀਕ ਹੈ ਸਭ। ਗੁਰਬਾਣੀ ਦੇ ਮੁਤਾਬਿਕ ਹੀ ਹੈ ਸਭ ਕੁਝ।

ਸੋ ਇਕ ਗੁਰਸਿੱਖ ਦੇ ਪਾਸ ਗੁਰੂ ਨਾਨਕ ਪਾਤਸ਼ਾਹ ਠਹਿਰਦੇ ਨੇ ਜਾ ਕੇ। ਪੰਜ ਸੱਤ ਦਿਨ ਆਪ ਰਹੇ ਉਥੇ। ਬੜੀ ਸੰਗਤ ਇਕੱਠੀ ਹੋਣ ਲੱਗ ਗਈ ਤੇ ਉਹ ਬੜਾ ਧਨੀ ਹੈ ਇਲਾਕੇ ਦਾ ਗਿਣਿਆ ਹੋਇਆ। ਉਹਨੇ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕਿ ਪਾਤਸ਼ਾਹ! ਮੇਰਾ ਪਾਰ ਉਤਾਰਾ ਹੋਣ ਦੀ ਵੀ ਕੋਈ ਵਿਉਂਤ ਬਣ ਸਕਦੀ ਹੈ?

ਮਹਾਰਾਜ ਕਹਿੰਦੇ, ਸੇਠ ਜੀ! ਤੇਰੇ ਪਾਰ ਉਤਾਰੇ 'ਚ ਤੇਰਾ ਧਨ ਬਾਧਕ ਹੈ। ਏਸ ਧਨ ਦਾ ਐਨਾ ਫੈਲਾਓ ਹੋ ਚੁੱਕਿਆ ਹੈ ਕਿ ਤੂੰ ਨਾਮ ਜਪਣਾ ਤੇਰੇ ਵਾਸਤੇ ਬੜਾ ਔਖਾ ਹੈ, ਬਾਕੀ ਹੈ ਤੂੰ ਸੂਦ ਵਿਆਜ ਦਾ ਕੰਮ ਕਰਦਾ ਹੈਂ, ਗਰੀਬਾਂ ਤੋਂ ਜੋੜ-ਜੋੜ ਕੇ ਧਨ ਇਕੱਠਾ ਕਰਿਆ ਹੈ। ਇਸ ਤੋਂ ਛੁਟਕਾਰਾ ਕਰਾ ਲੈ, ਤੂੰ ਤਰ ਜਾਏਂਗਾ। ਪੂਰਨ ਸੀਗੇ, ਉਸਨੇ ਉਨ੍ਹਾਂ ਦਾ ਬਚਨ ਮੰਨਿਆ ਤੇ ਉਸੇ ਵੇਲੇ ਧਨ ਜਿਹੜਾ ਸੀ ਉਹ ਗਰੀਬਾਂ ਦੇ ਵਾਸਤੇ, ਦੁਖੀਆਂ ਦੇ ਵਾਸਤੇ ਵੰਡਣਾ ਸ਼ੁਰੂ ਕਰ ਦਿਤਾ। ਛੇਤੀ-ਛੇਤੀ ਵੰਡਿਆ, ਐਨਾ ਵੰਡਿਆ ਕਿ ਨਾ ਘਰ ਰੱਖਿਆ ਕੋਲ, ਨਾ ਕੋਈ ਵਸਤਰ

ਰੱਖਿਆ, ਸਾਰਿਆਂ ਤੋਂ ਛੁੱਟੀ ਪਾ ਕੇ, ਘਰ ਵਾਲੀ ਵੀ ਵਿਚਾਰੀ ਚੰਗੀ ਸੀ, ਇਕ ਥਾਂ ਤੇ ਚਲੇ ਗਏ।

ਉਹ ਕਹਿਣ ਲੱਗੀ ਕਿ ਹੁਣ ਆਪਾਂ ਕੀ ਕਰਾਂਗੇ, ਐਡੀ ਸ਼ਾਹੀਆਨਾ ਜ਼ਿੰਦਗੀ ਗੁਜ਼ਾਰ ਕੇ, ਹੁਣ ਤਾਂ ਆਪਣੇ ਕੋਲ ਕੱਲ੍ਹ ਨੂੰ ਰੋਟੀ ਖਾਣ ਲਈ ਜ਼ਿੰਦਗੀ ਨਹੀਂ ਹੈ। ਉਹ ਕਹਿੰਦਾ ਦੇਖ, ਮੈਨੂੰ ਵਾਹਿਗੁਰੂ ਨੇ ਹੱਥ ਪੈਰ ਦਿਤੇ ਨੇ। ਹੁਣ ਮੈਂ ਕਿਰਤ ਕਰਾਂਗਾ, ਮੇਰਾ ਜੀਵਨ ਜਿਹੜਾ ਹੈ ਉਹ ਨਹੀਂ ਰਿਹਾ। ਮੇਰੇ ਅੰਦਰ ਕੋਈ ਐਸੀ ਸ਼ਕਤੀ ਆ ਗਈ ਹੈ, ਕੋਈ ਐਸਾ ਖੇੜਾ ਆ ਗਿਆ, ਜਿਹਦਾ ਦੇਣ ਮੈਂ ਦੇ ਨਹੀਂ ਸਕਦਾ, ਜੋ ਕਿਸੇ ਕੀਮਤ ਤੇ ਮੈਨੂੰ ਮਿਲ ਹੀ ਨਹੀਂ ਸੀ ਸਕਦਾ। ਉਹ ਮੈਨੂੰ ਚੀਜ਼ ਪ੍ਰਾਪਤ ਹੋ ਗਈ, ਹਰ ਵਕਤ ਖੁਮਾਰੀ ਰਹਿੰਦੀ ਹੈ ਤੇ ਮੈਨੂੰ ਚਿੰਤਾ ਨਹੀਂ ਵਾਪਰਦੀ। ਮੈਂ ਮਿਹਨਤ ਕਰਾਂਗਾ, ਮਜ਼ਦੂਰੀ ਕਰਾਂਗਾ। ਤਿੰਨ ਚੀਜ਼ਾਂ ਦੀ ਲੋੜ ਹੈ, ਕੁੱਲੀ, ਗੁੱਲੀ, ਜੁੱਲੀ। ਆਪਾਂ ਕੁੱਲੀ ਪਾ ਲੈਣੀ ਹੈ, ਕਪੜਾ ਲੀੜਾ ਬਣ ਜਾਏਗਾ ਤੇ ਮੈਂ ਮਿਹਨਤ ਕਰਾਂਗਾ ਦਿਲ ਭਰ ਕੇ ਤੇ ਭਜਨ ਕਰਾਂਗੇ ਆਪਾਂ ਵਿਹਲੇ ਹੋ ਕੇ। ਨੇੜੇ ਕਿਉਂਕਿ ਸਾਰੇ ਜਾਣਦੇ ਸੀ ਉਹਨੂੰ, ਕਿਤੇ ਦੂਰ ਆ ਕੇ ਕਿਸੇ ਹੋਰ ਨਗਰ ਵਿਚ ਆ ਕੇ ਰਹਿਣਾ ਸ਼ੁਰੂ ਕਰ ਦਿਤਾ ਉਸਨੇ। ਆਪਣਾ ਜੀਵਨ ਜੋ ਸੀ ਗੁਰਸਿੱਖਾਂ ਵਾਲਾ, ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ ਤੇ ਉਸ ਤੋਂ ਬਾਅਦ ਫੇਰ ਢਾਈ ਘੰਟੇ ਬਾਅਦ ਫੇਰ ਸੁਰਤੀ ਨੂੰ ਇਕਾਗਰ ਕਰਕੇ, ਸ਼ਬਦ ਸੁਰਤ ਦੇ ਮਾਰਗ ਦੇ ਨਾਲ ਆਪਣੀ ਬਿਰਤੀ ਨੂੰ ਅੰਦਰ ਲੈ ਕੇ ਜਾਣਾ। ਇਸ ਤਰ੍ਹਾਂ ਕਰਦਿਆਂ ਬਿਰਤੀ ਪ੍ਰਪੱਕ ਹੋ ਗਈ। ਮਹਾਰਾਜ ਦੀ ਕ੍ਰਿਪਾ ਸੀ, ਤੇ ਗਿਆਨ ਵਿਚ ਰਹਿੰਦਾ ਹੈ ਹਰ ਵਕਤ। ਹਰ ਵਕਤ ਜੁੜਿਆ ਰਹਿੰਦਾ ਹੈ, ਗੁਰੂ ਨਾਨਕ ਪਾਤਸ਼ਾਹ ਦੇ ਨਾਲ। ਬਾਦਸ਼ਾਹਾਂ ਦਾ ਬਾਦਸ਼ਾਹ ਲਗਦਾ ਹੈ, ਉਹਦੇ ਅੰਦਰ ਨਹੀਂ ਹੀਣਤਾ ਆਉਂਦੀ ਕਿਉਂਕਿ ਮਹਾਰਾਜ ਕਹਿੰਦੇ, ਹੀਣਤਾ ਤਾਂ ਜਿਹੜੇ ਪ੍ਰਮੇਸ਼ਰ ਤੋਂ ਟੁੱਟੇ ਹੋਏ ਹੁੰਦੇ ਨੇ ਉਨ੍ਹਾਂ 'ਚ ਆਇਆ ਕਰਦੀ ਹੈ, ਜਿਹੜੀ ਰੱਬ ਨਾਲ ਜੁੜੇ ਹੁੰਦੇ ਨੇ, ਉਨ੍ਹਾਂ ਦੇ ਅੰਦਰ ਤਾਂ ਇਕ ਨਵੀਂ ਬਾਦਸ਼ਾਹੀ ਹਰ ਵਕਤ ਰਹਿੰਦੀ ਹੈ, ਖਿੜੇ ਰਹਿੰਦੇ ਨੇ, ਉਹ ਸੁੱਖ ਬਾਦਸ਼ਾਹਾਂ ਨੂੰ ਨਹੀਂ ਹੈ, ਜਿਹੜਾ ਬੰਦਗੀ ਕਰਨ ਵਾਲਿਆਂ ਨੂੰ ਹੋਇਆ ਕਰਦਾ ਹੈ। ਇਕ ਫਕੀਰ ਰਾਜਾ ਕੋਲ ਹੈ, ਝਰੋਖੇ 'ਚੋਂ ਕੀ ਦੇਖਦਾ ਹੈ, ਪੋਹ ਦਾ ਮਹੀਨਾ ਹੈ। ਫਕੀਰ ਦੇ ਕੋਲ ਕੱਪੜਾ ਕੋਈ ਨਹੀਂ, ਮਾਮੂਲੀ ਕੱਪੜੇ ਨੇ ਤੇ ਆਪ ਕਪੜੇ ਲਪੇਟੀ ਬੈਠਾ ਹੈ, ਝਰੋਖੇ 'ਚੋਂ ਦੇਖ ਰਿਹਾ ਹੈ। ਦੇਖਦੇ-ਦੇਖਦੇ ਕੀ ਦੇਖਿਆ ਕਿ ਜਿਸ ਭੱਠ ਦੇ ਕੋਲ ਬੈਠਾ ਹੈ, ਉਸ ਭੱਠ ਵਿਚ ਵੜੀ ਜਾਂਦਾ ਹੈ, ਭੱਠ ਵੱਡਾ ਸੀ, ਜਦੋਂ ਅੰਮ੍ਰਿਤ ਵੇਲਾ ਹੋਇਆ, ਰਾਜੇ ਦੀ ਜਾਗ ਖੁਲ੍ਹੀ ਤਾਂ ਕਹਿਣ ਲੱਗਿਆ ਕਿ ਆਹ ਜਿਹੜਾ ਫਕੀਰ ਹੈ ਮੇਰੇ ਕੋਲ ਲੈ ਕੇ ਆਓ ਉਹਨੂੰ। ਰਾਜੇ ਦੇ ਕੋਲ ਲੈ ਆਂਦਾ। ਰਾਜਾ ਕਹਿਣ ਲੱਗਿਆ, ਕਿਉਂ ਸੰਤ ਜੀ! ਐਉਂ ਦੱਸ ਰਾਤ ਕਿਹੋ ਜਿਹੀ ਲੰਘੀ? ਕਹਿੰਦੇ, ਕੁਛ ਤੇਰੇ ਵਰਗੀ, ਕੁਛ ਤੇਰੇ ਤੋਂ ਬਹੁਤ ਵਧੀਆ।

ਕਿੰਨੀ ਕੁ ਵਧੀਆ?

ਕਹਿਣ ਲੱਗਿਆ, ਲੱਖਾਂ ਕਹਾਂ ਉਹ ਵੀ ਥੋੜ੍ਹਾ ਹੈ, ਕਰੋੜਾਂ ਕਹਾਂ ਉਹ ਵੀ ਥੋੜ੍ਹਾ ਹੈ।

ਉਹ ਕਿਵੇਂ? ਮੈਂ ਤਾਂ ਇਥੇ ਬਿਸਤਰਿਆਂ ਤੇ ਪਿਆਂ? ਗਦੈਲੇ ਮੇਰੇ ਕਿੰਨੇ ਨਰਮ ਨੇ, ਰਜਾਈਆਂ ਨੇ, ਠੰਢ ਮੇਰੇ ਅੰਦਰ ਆ ਨਹੀਂ ਸਕਦੀ, ਮੈਂ ਖਿੜਕੀਆਂ ਸਭ ਬੰਦ ਕਰ ਦਿਤੀਆਂ ਤੇ ਤੂੰ ਉਥੇ ਭੱਠ ਤੇ ਪਿਐਂ? ਸੁਆਹ ਕੱਢ ਕੇ, ਸੁਆਹ ਤੇ ਲਿਟਿਆ ਹੈਂ ਤੂੰ?

ਕਹਿਣ ਲੱਗਿਆ, ਰਾਜਨ! ਦੇਖ ਜਾਗਦਿਆਂ ਦੇ ਵੇਲੇ ਤੂੰ ਵੀ ਜਾਗਦਾ ਸੀ, ਮੈਂ ਵੀ ਜਾਗਦਾ ਸੀ। ਮੇਰੀ ਬਿਰਤੀ ਪ੍ਰਮੇਸ਼ਰ ਦੇ ਨਾਮ ਵਿਚ ਲੱਗੀ ਹੋਈ ਤੇ ਮੈਂ ਰਸ ਦੀਆਂ ਖੁਮਾਰੀਆਂ ਵਿਚ ਸੀ। ਝੂੰਮਣੀਆਂ ਲੈਂਦਾ ਸੀ। ਉਸ ਵੇਲੇ ਮੇਰੇ ਸਾਰੇ ਅਰਮਾਨਾਂ ਤੇ ਬਾਦਸ਼ਾਹਤ ਸੀ। ਤੂੰ ਫਿਕਰਾਂ 'ਚ ਪਿਆ ਹੋਇਆ ਸੀ ਕਿ ਔਹ ਵਜ਼ੀਰ ਆਹ ਕਰਦਾ ਹੈ, ਉਹ ਅਹਿਲਕਾਰ ਐਉਂ ਕਰਦਾ ਹੈ, ਉਹਨੂੰ ਐਉਂ ਕਰਾਂ, ਇਹ ਕਰਾਂ। ਤੂੰ ਤਾਂ ਵਿਉਂਤਾਂ ਬਣਾਉਂਦਾ ਸੀ। ਚਿੰਤਾ ਵਿਚ ਪਿਆ ਹੋਇਆ ਸੀ। ਚਿੰਤਾ ਚਿਖਾ ਇਕ ਬਰਾਬਰ ਹੈ। ਤੂੰ ਤਾਂ ਚਿਖਾ ਉਪਰ ਸੀ ਉਸ ਵੇਲੇ। ਹਾਂ, ਜਦੋਂ ਤੂੰ ਸੌਂ ਗਿਆ, 10-20 ਮਿੰਟ ਜੇ ਤੈਨੂੰ ਘੂਕ ਨੀਂਦ ਆ ਵੀ ਗਈ ਨਾ, ਦਵਾਈ ਵਗੈਰਾ ਖਾ ਕੇ, ਉਹ ਤੇਰੀ ਤੇ ਮੇਰੀ ਬਰਾਬਰ ਸੀ, ਮੈਂ ਸੌਂ ਗਿਆ ਗਰਮ ਸੁਆਹ ਤੇ, ਤੂੰ ਸੌਂ ਗਿਆ ਗਦੈਲਿਆਂ ਤੇ। ਸੁੱਤੇ ਪਏ ਨੂੰ ਨਾ ਤੈਨੂੰ ਗਦੈਲਿਆਂ ਦਾ ਪਤਾ ਹੈ, ਨਾ ਮੈਂ ਸੁਆਹ ਦਾ ਪਤਾ ਹੈ। ਸੋ ਜਾਗ ਕੇ ਉਠ ਕੇ ਮੈਂ ਇਸ਼ਨਾਨ ਕਰਿਆ, ਮੈਂ ਪ੍ਰਭੂ ਦਾ ਸਿਮਰਨ ਕਰਿਆ, ਤੂੰ ਸੁਪਨੇ ਲੈਂਦਾ ਰਿਹਾ। ਸੋ ਇਸ ਕਰਕੇ ਤੇਰੇ ਨਾਲੋਂ ਮੇਰੀ ਰਾਤ ਵਧੀਆ ਲੰਘੀ ਹੈ।

ਸੋ ਬੰਦਗੀ ਕਰਨ ਵਾਲੇ ਦਾ ਜੋ ਜੀਵਨ ਹੁੰਦਾ ਹੈ ਉਹਦੇ ਅੰਦਰ ਇਕ ਐਸਾ ਨਸ਼ਾ ਹੁੰਦਾ ਹੈ, ਜਿਸ ਦੇ ਬਾਰੇ ਦੱਸਿਆ ਨਹੀਂ ਜਾ ਸਕਦਾ ਕਿਸੇ ਤੋਂ। ਮਾਨਸਿਕ ਅਵਸਥਾ ਕਿਹੋ ਜਿਹੀ ਹੁੰਦੀ ਹੈ? ਉਹਦੇ ਬਾਰੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ।

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,***
***ਰਾਜਾ ਸਾਰੀ ਦੁਨੀਆਂ ਦਾ।***

*ਬਸਤ੍ਰਾ ਤੂਟੀ ਝੂੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ*
*ਕਿਛੁ ਸਾਕੁ ਨ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*
*ਅੰਗ - ੭੦੭*

ਦੁਨੀਆਂਦਾਰੀ ਦੀ ਨਜ਼ਰ 'ਚ ਪਰਖਿਆਂ, ਉਹ ਬੰਦਾ ਭਿਖਾਰੀ ਹੈ ਜਿਸਦੀ ਇਹ ਹਾਲਤ ਹੋ ਗਈ ਹੋਵੇ, ਉਹਨੂੰ ਪਸੰਦ ਨਹੀਂ ਕੋਈ ਕਰਦਾ।

ਰਾਜਾ ਹੈ ਉਹ ਸਾਰੀ ਸ੍ਰਿਸ਼ਟੀ ਦਾ ਜਿਸ ਦਾ ਮਨ ਰੰਗਿਆ ਪਿਆ ਹੈ ਨਾਮ ਦੇ ਨਾਲ।

ਬਾਬਾ ਜੱਸਾ ਸਿੰਘ ਜੀ ਪਟਿਆਲੇ ਹੋਏ ਨੇ, ਹੁਣ ਤਾਂ ਭੁੱਲਦੇ ਜਾਂਦੇ ਨੇ ਲੋਕ ਇਨ੍ਹਾਂ ਬਚਨਾਂ ਨੂੰ। ਕੋਈ-ਕੋਈ ਮਹਾਤਮਾ ਹੈ ਜਿਹੜਾ ਪੁਰਾਣੇ ਬਚਨਾਂ ਨੂੰ ਸਾਂਭ ਕੇ ਅਜੇ ਵੀ ਅਗਾਹਾਂ ਤੋਰੀ ਜਾਂਦਾ ਹੈ।

ਆਪ ਦੇ ਪਾਸ ਰਾਜੇ ਮਹਾਰਾਜੇ ਆਇਆ ਕਰਦੇ ਸੀ। ਬੀਬੀ ਦਾ ਸਰੀਰ ਸੀ, ਲੇਕਿਨ ਨਾਮ ਜੱਸਾ ਸਿੰਘ ਸੀ। ਉਨ੍ਹਾਂ ਨੇ ਕਿਰਿਆ ਇਹ ਰੱਖੀ ਹੋਈ ਸੀ ਕਿ ਅੱਠ ਫੁੱਟ ਦਾ ਮਨ੍ਹਾ ਸੀ ਉਨ੍ਹਾਂ ਦਾ, ਜਿੱਥੇ ਆਸਣ ਲਾਉਂਦੇ ਸੀ। ਇਕ ਤਾਂ ਇਹ ਸੀ ਕਿ ਉਨ੍ਹਾਂ ਦੇ ਚਰਨਾਂ ਤੇ ਹੱਥ ਲਾਈ ਜਾਣਾ ਬਹੁਤਿਆਂ ਨੇ, ਇਕ ਵਾਧੂ ਦੀਆਂ ਗੱਲਾਂ ਕਰੀ ਜਾਂਦੇ ਸੀ। ਇਸ ਕਰਕੇ ਉਹ ਉਚਾ ਬੈਠਦੇ ਸੀ। ਸਾਰਾ ਜ਼ੋਰ ਲਾ ਕੇ ਅਗਲਾ ਬੋਲੇ ਤਾਂ ਪਹੁੰਚਦੀ ਸੀ ਗੱਲ। ਆਪਣੀ ਮਸਤੀ 'ਚ ਰਹਿੰਦੇ ਸੀ।

ਮਹਾਰਾਜਾ ਭੁਪਿੰਦਰ ਸਿੰਘ ਪਟਿਆਲੇ ਵਾਲੇ ਜਿਸ ਵਕਤ ਵਲਾਇਤ ਗਏ। ਉਥੋਂ ਉਨ੍ਹਾਂ ਨੇ ਬਹੁਤ ਸੋਹਣੇ ਦੁਸ਼ਾਲੇ ਵਗੈਰਾ ਲਏ, ਰੇਸ਼ਮ ਦੇ ਵਸਤਰ ਤੇ ਹੋਰ ਚੀਜ਼ਾਂ ਲਈਆਂ ਕਿ ਬਾਬਾ ਜੀ ਨੂੰ ਇਹ ਜਾ ਕੇ ਭੇਟਾ ਕਰਾਂਗੇ। ਸਮੁੰਦਰੀ ਜਹਾਜ਼ ਵਿਚ ਲੈ ਆਏ, ਉਨ੍ਹਾਂ ਦਿਨਾਂ ਵਿਚ ਹਵਾਈ ਜਹਾਜ਼ ਤਾਂ ਹੁੰਦੇ ਨਹੀਂ ਸੀ, ਸਮੁੰਦਰੀ ਜਹਾਜ਼ ਜਾਂਦਾ ਹੁੰਦਾ, ਕਾਫੀ ਦਿਨ ਲਗ ਜਾਂਦੇ ਸੀ। ਇਥੇ ਆਏ ਤਾਂ ਮਹਾਰਾਜੇ ਦੇ ਮਨ ਵਿਚ ਬੜੀ ਖੁਸ਼ੀ ਹੋਈ ਕਿ ਮੈਂ ਜਾ ਕੇ ਮਹਾਂਪੁਰਸ਼ਾਂ ਨੂੰ ਵਲਾਇਤ ਤੋਂ ਲਿਆਂਦੀਆਂ ਹੋਈਆਂ ਚੀਜ਼ਾਂ ਭੇਟਾਂ ਕਰਾਂਗਾ ਤੇ ਉਹ ਬੜੇ ਪ੍ਰਸੰਨ ਹੋਣਗੇ ਤੇ ਨਾਲੇ ਇਹ ਖਿਆਲ ਆ ਗਿਆ ਕਿ ਆਹ ਚੀਜ਼ਾਂ ਮੈਂ ਹੀ ਲਿਆ ਸਕਦਾ ਹਾਂ, ਹੋਰ ਨਹੀਂ ਕੋਈ ਲਿਆ ਸਕਦਾ। ਨਾ ਕੋਈ ਇੰਗਲੈਂਡ ਜਾਵੇ, ਨਾ ਕਿਸੇ ਕੋਲ ਐਨਾ ਧਨ, ਨਾ ਕੋਈ ਸੰਤਾਂ ਨੂੰ ਲਿਆ ਕੇ ਦੇਵੇ, ਮੈਂ ਹੀ ਜਿਹੜਾ ਲਿਆ ਸਕਦਾ ਹਾਂ। ਜਿਸ ਵਕਤ ਬਾਬਿਆਂ ਕੋਲ ਆਉਂਦਾ ਹੈ, ਆ ਕੇ ਦੱਸਿਆ ਕਿ ਬਾਬਾ ਜੀ ਇਹ ਬਹੁਤ ਹੀ ਨਾਯਾਬ ਚੀਜ਼ ਹੈ ਇੰਗਲੈਂਡ ਦੀ। ਵੱਡੇ ਸਟੋਰਾਂ 'ਚੋਂ ਮੈਂ ਲੈ ਕੇ ਆਇਆ ਹਾਂ। ਇਹ ਤੁਹਾਨੂੰ ਬਹੁਤ ਵਧੀਆ ਲੱਗਣਗੇ, ਦੇਖੋ ਕਿੰਨੇ ਨਰਮ ਨੇ, ਉਤੇ ਲਵੋਗੇ।

ਬਾਬਾ ਜੀ ਹਾਂ-ਹਾਂ ਕਰੀ ਗਏ ਤੇ ਨਾਲ ਦੀ ਨਾਲ ਜਾਣ ਗਏ ਕਿ ਇਹਦੇ ਮਨ ਵਿਚ ਦਾਤਾਪੁਣ ਦਾ ਅਭਿਮਾਨ ਆਇਆ ਹੋਇਆ ਹੈ।

ਸੰਤਾਂ ਦੀ ਜਿਹੜੀ ਕਿਰਿਆ ਹੁੰਦੀ ਹੈ, ਸਾਧਸੰਗਤ ਜੀ, ਬਹੁਤ ਹੋਰ ਤਰ੍ਹਾਂ ਦੀ ਹੁੰਦੀ ਹੈ। ਸੰਸਾਰ ਦੀ ਸਮਝ ਤੋਂ ਬਾਹਰ ਹੁੰਦੀ ਹੈ, ਉਹ ਨਾ ਤਾਂ ਕਿਸੇ ਦੀ ਖੁਸ਼ਾਮਤ ਕਰਦੇ ਨੇ, ਨਾ ਕਿਸੇ ਤੇ ਆਸ ਰਖਦੇ ਨੇ, ਕਿਉਂਕਿ ਉਨ੍ਹਾਂ ਦਾ ਫੁਰਨਾ ਹੀ ਕੋਈ ਨਹੀਂ ਹੁੰਦਾ, ਆਸ ਕੀ ਰੱਖਣੀ ਹੈ, ਪ੍ਰਸ਼ਾਦਾ ਪਾਣੀ ਪਰਾਲਬਧ ਅਨੁਸਾਰ ਆਪਣੇ ਆਪ ਹੀ ਆਈ ਜਾਂਦਾ ਹੈ, ਉਹ ਆਪ ਹੀ ਨਹੀਂ ਖਾਂਦੇ, ਲੱਖਾਂ ਬੰਦਿਆਂ ਨੂੰ ਰਜਾਉਂਦੇ ਨੇ। ਮਹਾਰਾਜ ਕਹਿੰਦੇ ਗਿਣਤੀ ਮਿਣਤੀ ਤੋਂ ਬਾਹਰ ਹੈ ਜਿੱਥੇ ਪੂਰਨ ਪੁਰਸ਼ ਬੈਠਾ ਹੋਵੇ, ਲੰਗਰ ਚਲਦੇ ਨੇ, ਲੱਖਾਂ ਕਰੋੜਾਂ ਵੀ ਖਾਈ ਜਾਣ ਉਥੇ ਤਾਂ ਨਹੀਂ ਮੁਕਦਾ, ਨਾਮ ਦਾ ਪ੍ਰਤਾਪ ਹੁੰਦਾ ਹੈ। ਉਨ੍ਹਾਂ ਨੂੰ ਜਾ ਕੇ ਕੋਈ ਆਪਣੀ ਅਮੀਰੀ ਦਾ ਦਿਖਾਵਾ ਕਰੇ, ਇਹਦਾ ਤਾਂ ਕੋਈ ਫਾਇਦਾ ਨਹੀਂ। ਜਦੋਂ ਉਹ ਚਾਹੁੰਦੇ ਹੀ ਕੁਛ ਨਹੀਂ ਹਨ।

ਸਿਕੰਦਰ ਜਾਂਦਾ ਹੈ ਮਹਾਤਮਾ ਦੇ ਕੋਲ, ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਮੇਰੇ ਤੋਂ ਲੈ ਲਓ ਕੁਛ। ਪੋਰਸ ਨਾਲ ਹੈ। ਉਹ ਕਹਿੰਦੇ ਮੈਨੂੰ ਨਹੀਂ ਲੋੜ। ਕਹਿੰਦਾ, ਮੈਂ ਇਥੇ ਪਾਰਕ ਬਣਾ ਦਿੰਦਾ ਹਾਂ, ਫੁਹਾਰੇ ਲੁਆ ਦਿੰਦਾ ਹਾਂ, ਫੁੱਲ ਲਵਾ ਦਿੰਦਾ ਹਾਂ। ਮਹਾਤਮਾ ਕਹਿੰਦੇ, ਮੈਂ ਲੈਣਾ ਕੀ ਹੈ, ਮੱਖੀਆਂ ਵੱਧ ਜਾਣਗੀਆਂ। ਆਰਾਮ ਨਾਲ ਰਹਿੰਦੇ ਹਾਂ ਅਸੀਂ।

***ਬੁੱਲਿਆ ਉਥੇ ਵਸੀਏ, ਜਿਥੇ ਸਾਰੇ ਹੀ ਅੰਨ੍ਹੇ।***
***ਨਾ ਕੋਈ ਸਾਨੂੰ ਜਾਣੇ ਤੇ ਨਾ ਕੋਈ ਮੰਨੇ।***

ਮੰਨਣ ਦੀ ਵੀ ਬੜੀ ਤਕਲੀਫ ਹੁੰਦੀ ਹੈ। ਕਿਉਂਕਿ ਦੁਨੀਆਂ ਗਰਜਾਂ ਦੀ ਹੈ, ਗਰਜ ਨਾਲ ਮੰਗਦੀ ਹੈ। ਸਤਿ ਦੀ ਪ੍ਰਾਪਤੀ ਵਾਸਤੇ ਤਾਂ ਥੋੜ੍ਹੇ ਹੁੰਦੇ ਨੇ ਤੇ ਦੁਨੀਆਂ ਵਾਸਤੇ ਬੇਅੰਤ ਤੁਰੇ ਆਉਂਦੇ ਨੇ। ਸੋ ਮਹਾਤਮਾ ਨੇ ਇਹ ਕਹਿ ਦਿਤਾ ਕਿ ਜਿੱਥੇ ਸਾਨੂੰ ਕੋਈ ਜਾਣਦਾ ਨਾ ਹੋਵੇ, ਉਥੇ ਚੱਲੀਏ, ਆਰਾਮ ਨਾਲ ਰਹਾਂਗੇ, ਉਥੇ ਭਜਨ ਬੰਦਗੀ

ਕਰੀਏ। ਪਰ ਇਹ ਬਾਰ-ਬਾਰ ਕਹਿੰਦਾ ਹੈ ਕਿ ਮੈਂ ਨੌਕਰ ਚਾਕਰ ਰਖਾ ਦਿੰਦਾ ਹਾਂ, ਮੈਂ ਸਟੇਟ ਵਲੋਂ ਖਰਚ ਦੇਵਾਂਗਾ ਸਾਰਾ। ਮੈਂ ਤਾਂ ਅੱਜ ਦੇ ਕੇ ਹੀ ਜਾਣਾ ਹੈ, ਮੈਂ ਅੱਜ ਪ੍ਰਣ ਕਰਿਆ ਹੋਇਆ ਹੈ। ਮਹਾਤਮਾ ਕਹਿੰਦੇ ਕਿ ਜੇ ਦੇ ਕੇ ਜਾਣਾ ਹੈ ਨਾ, ਪੋਹ ਦਾ ਮਹੀਨਾ ਸੀ। ਕਹਿੰਦੇ, ਆਹ ਧੁੱਪ ਦੇ ਦੇ ਮੈਨੂੰ, ਏਧਰ ਹੋ ਜਾ, ਪਾਸੇ ਹਟ ਜਾ, ਮੇਰੇ ਤੇ ਪਰਛਾਵਾਂ ਪੈ ਰਿਹਾ ਹੈ। ਸੋ ਉਹ ਬੇਪਰਵਾਹ ਹੋਇਆ ਕਰਦੇ ਨੇ।

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥***

***ਅੰਗ - ੧੩੭੩***

ਮਹਾਤਮਾ ਨੂੰ ਜਦੋਂ ਕੋਈ ਚੀਜ਼ ਬੰਨ੍ਹਦੀ ਹੈ ਤਾਂ ਉਹਨੂੰ ਪਸਾਰਾ ਬੰਨ੍ਹਦਾ ਹੈ। ਜੇ ਤਾਂ ਪਸਾਰੇ ਤੋਂ ਰਹੇ ਨਿਆਰਾ ਫੇਰ ਮਹਾਤਮਾ ਜਾਂਦਾ ਹੈ ਬਚ, ਜੇ ਪਸਾਰੇ 'ਚ ਪੈ ਜਾਵੇ ਕਿ ਜੀ ਇਹ ਤਾਂ, ਤਾਂ ਹੋਏਗਾ ਜੇ ਫਲਾਣੇ ਮਨਿਸਟਰ ਨੂੰ ਬੁਲਾਵਾਂਗੇ। ਫੇਰ ਸੜਕ ਬਣੇਗੀ।

ਸੜਕ ਤੋਂ ਲੈਣਾ ਕੀ ਹੈ, ਬਣੇ ਜਾਂ ਨਾ ਬਣੇ। ਉਹ ਤਾਂ ਪਬਲਿਕ ਵਾਸਤੇ ਹੁੰਦੀ ਹੈ, ਮਹਾਤਮਾ ਨੂੰ ਤਾਂ ਲੋੜ ਨਹੀਂ।

ਮਹਾਤਮਤਾਈ ਹੁੰਦੀ ਹੀ ਬੇਪਰਵਾਹੀ ਨਾਲ ਹੈ। ਜਿਹੜਾ ਪਰਵਾਹ ਵਿਚ ਹੈ, ਗਰਜ ਵਿਚ ਹੈ ਉਹ ਕੁਛ ਨਹੀਂ ਹੈ।

ਸੋ ਬਾਬਾ ਜੀ ਦੇ ਕੋਲ ਰਾਜਾ ਜਦੋਂ ਜਾ ਕੇ ਤਾਰੀਫ ਕਰਨ ਲੱਗਿਆ, ਨਾਲ ਇਕ ਦੋ ਗੱਲਾਂ ਐਸੀਆਂ ਕਹਿ ਦਿਤੀਆਂ ਕਿ ਹਰ ਬੰਦਾ ਨਹੀਂ ਲਿਆ ਸਕਦਾ, ਉਹਦਾ ਨਿਸ਼ਾਨਾ ਕਿੱਧਰ ਸੀ, ਫੁਲਕੀਆਂ ਦੀਆਂ ਰਿਆਸਤਾਂ ਵਲ ਕਿ ਨਾਭੇ ਵਾਲੇ ਨਹੀਂ ਲਿਆ ਸਕਦੇ। ਇਹ ਤਾਂ ਮੈਂ ਹੀ ਲੈ ਕੇ ਆਇਆ ਹਾਂ।

ਉਹ ਰਾਤ ਨੂੰ ਉਥੇ ਹੀ ਪਏ ਰਹੇ। ਬਾਬਾ ਜੀ ਨੂੰ ਪੁਛਿਆ ਸੇਵਾਦਾਰਾਂ ਨੇ ਕਿ ਇਹ ਗਲੀਚੇ ਵਗੈਰਾ ਜੋ ਪਏ ਨੇ ਇਨ੍ਹਾਂ ਬਾਰੇ ਕੀ ਹੁਕਮ ਹੈ? ਬਾਬਾ ਜੀ ਨੇ ਕਿਹਾ, ਇਥੇ ਹੀ ਰਹਿਣ ਦਿਓ। ਬਾਬਾ ਜੀ ਡੇਰੇ ਚਾਰ-ਪੰਜ ਸੌ ਕੁੱਤਾ ਰਹਿੰਦਾ ਸੀ। ਜਿਉਂ ਰਾਤ ਨੂੰ ਕੁੱਤੇ ਚਾਮਲੇ ਇਕ ਨੇ ਏਧਰੋਂ ਫੜ, ਇਕ ਨੇ ਇਧਰੋਂ, ਸਾਰੇ ਹੀ ਥਾਨ ਫਾੜ ਦਿਤੇ, ਲੀਰ-ਲੀਰ ਕਰ ਦਿਤੇ। ਹਵਾ ਚੱਲੀ ਪੱਛਮ ਦੀ, ਉਡ ਕੇ ਵਾੜ ਸੀ ਸਾਮ੍ਹਣੇ ਆਲੇ ਦੁਆਲੇ, ਨਾਲੇ ਦੇ ਕੰਢੇ ਰਹਿੰਦੇ ਸੀ ਉਹ, ਜਿਥੇ ਹੁਣ ਗੁਰਮਤਿ ਕਾਲਜ ਬਣਿਆ ਹੋਇਆ ਹੈ, ਸਾਰਾ ਇਲਾਕਾ ਸੁੰਨਾ ਹੁੰਦਾ ਸੀ, ਦੂਰ ਤਕ ਹਵਾ ਲੈ ਗਈ।

ਦੂਜੇ ਦਿਨ ਰਾਜਾ ਆਇਆ ਕਿ ਮੈਂ ਦੇਖ ਕੇ ਆਉਂਦਾ ਹਾਂ ਕਿ ਬਾਬਿਆਂ ਨੇ ਵਿਛਾ ਲਏ ਹੋਣੇ ਨੇ ਤੇ ਬਹੁਤ ਵਧੀਆ ਲਗਦੇ ਹੋਣੇ ਨੇ। ਜਦੋਂ ਰਾਹ ਵਿਚ ਆਉਂਦਾ ਹੈ, ਘੋੜੀ ਤੇ ਚੜ੍ਹਿਆ ਹੋਇਆ। ਨੇੜੇ ਆ ਕੇ ਰਾਜੇ ਵੀ ਉਤਰ ਜਾਇਆ ਕਰਦੇ ਸੀ, ਘੋੜਿਆਂ ਦੇ ਚੜ੍ਹ ਕੇ ਨਹੀਂ ਸੀ ਜਾਂਦੇ। ਉਹ ਪੈਦਲ ਜਾਂਦੇ ਦੇਖਦੇ ਨੇ ਕਿ ਆਹ ਤਾਂ ਉਹ ਗਲੀਚਿਆਂ ਦੀਆਂ ਲੀਰਾਂ ਉਡਦੀਆਂ ਫਿਰਦੀਆਂ ਨੇ। ਜਿਸ ਵਕਤ ਲੈ ਕੇ ਬਾਬਾ ਜੀ ਕੋਲ ਆਇਆ ਤਾਂ ਕਹਿਣ ਲੱਗਿਆ ਕਿ ਬਾਬਾ ਜੀ! ਨਮਸਕਾਰ। ਕਹਿੰਦੇ, ਬਈ ਬੱਲੇ-ਬੱਲੇ ਤੂੰ ਤਾਂ ਬਹੁਤ ਵਧੀਆ ਚੀਜ਼ਾਂ ਲਿਆਇਆ, ਐਨੀਆਂ ਪੱਕੀਆਂ ਸੀ ਕਿ ਸਾਡੇ ਕੂਕਰਾਂ ਦਾ ਸਾਰਾ ਹੀ ਜ਼ੋਰ ਲੱਗ ਗਿਆ ਰਾਤ। ਹੁਣ ਤੂੰ ਇਨ੍ਹਾਂ ਵਾਸਤੇ ਪ੍ਰਸ਼ਾਦ ਦੇ ਕੜਾਹੇ ਬਣਾ ਇਨ੍ਹਾਂ ਵਾਸਤੇ।

ਸਾਧਸੰਗਤ ਜੀ! ਦੇਖੋ ਕਿੰਨੀ ਬੇਪਰਵਾਹੀ ਹੈ ਮਹਾਤਮਾ ਵਿਚ।

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***

***ਅੰਗ - ੧੮੬***

ਜਿਹਦਾ ਕਿਹਾ ਹੋਇਆ ਇੰਦਰ ਵੀ ਮੰਨਦਾ ਹੈ, ਵਿਹੁ ਮਾਤਾ ਨੂੰ ਵੀ ਲਿਖਣਾ ਪੈਂਦਾ ਹੈ ਲੇਖ।

ਸੰਤ ਮਹਾਰਾਜ ਜੀ ਈਸ਼ਰ ਸਿੰਘ ਜੀ ਯੂ.ਪੀ. ਨੂੰ ਜਾ ਰਹੇ ਸੀ ਮੇਰੇ ਕੋਲੋਂ, ਭੀਮਤਾਲ ਨੂੰ ਜਾ ਰਹੇ ਸੀ। ਜਾਂਦੇ-ਜਾਂਦੇ ਮੁਰਾਦਾਬਾਦ ਠਹਿਰ ਗਏ ਉਥੇ ਸਿੰਘ ਜਿਹੜੇ ਸੀ ਚੰਨਣ ਸਿੰਘ ਵਗੈਰਾ, ਹੁਣ ਤਾਂ ਸਾਰੇ ਹੀ ਚੜ੍ਹਾਈ ਕਰ ਗਏ। ਉਨ੍ਹਾਂ ਨੇ ਮਹਾਰਾਜ ਜੀ ਨੂੰ ਠਹਿਰਾ ਲਿਆ, ਦੁਪਹਿਰ ਵੇਲੇ ਪ੍ਰਸ਼ਾਦ ਪਾਣੀ ਛਕਾਇਆ ਤੇ ਜਦੋਂ ਚਾਰ-ਪੰਜ ਵੱਜਣ ਵਾਲੇ ਹੋ ਗਏ। ਮਹਾਰਾਜ ਕਹਿੰਦੇ, ਭਾਈ ਅਸੀਂ ਹੁਣ ਚੱਲੀਏ।

ਐਨੇ ਨੂੰ ਜਿਹੜਾ ਕੋਠੀ ਵਾਲੀ ਸੀ, ਉਹ ਕੋਟਦਵਾਰ ਦਾ, ਦੋ ਤਿੰਨ ਨਗਰਾਂ ਦਾ ਰਾਜਾ ਸੀ। ਨਿੱਕੇ-ਨਿੱਕੇ ਰਾਜੇ ਸੀ ਯੂ.ਪੀ. 'ਚ। ਉਹ ਕਹਿਣ ਲੱਗਿਆ ਸੁਰਜੀਤ ਸਿੰਘ ਨੂੰ ਕਿ ਜਿਹੜੇ ਮਹਾਤਮਾ ਆਏ ਨੇ ਕਿਹੋ ਜਿਹੇ ਨੇ। ਉਸਨੇ ਕਿਹੋ ਜਿਹੇ? ਜਿਹੜਾ ਕੁਛ ਮੰਗ ਲਏਂਗਾ ਉਹ ਕੁਛ ਮਿਲ ਜਾਏਗਾ ਤੈਨੂੰ। ਕਹਿੰਦਾ, ਸੱਚਮੁੱਚ? ਕਹਿੰਦਾ ਹਾਂ। ਆਜਾ, ਜਾਣਾ ਹੈ ਫੇਰ ਉਨ੍ਹਾਂ ਨੇ। ਉਸੇ ਵੇਲੇ ਰਾਣੀ ਨੂੰ ਬੁਲਾਇਆ, ਇਸ਼ਨਾਨ ਕਰਕੇ, ਸਫੈਦ ਵਸਤਰ ਪਹਿਨੇ, ਬਾਗ 'ਚੋਂ ਮਾਲੀ ਨੂੰ ਕਿਹਾ ਘਾਹ ਲੈ ਕੇ ਆ, ਕਿਉਂਕਿ ਮਹਾਤਮਾ ਕੋਲ ਜਾਣ ਦਾ ਵੀ ਤਰੀਕਾ ਹੁੰਦਾ ਹੈ। ਨਿਮਰਤਾ ਦੀ ਝੋਲੀ ਲੈ ਕੇ

ਆਵੇ ਕੁਛ ਖਟ ਲਿਆਉਂਦਾ ਹੈ, ਅਭਿਮਾਨ ਲੈ ਕੇ ਆਵੇ, ਕੁਛ ਨਹੀਂ ਮਿਲਦਾ ਸੰਤਾਂ ਤੋਂ। ਖਾਲੀ ਆਉਂਦੇ ਨੇ, ਕਿਉਂਕਿ ਸ਼ਰਧਾ ਦੀ ਝੋਲੀ ਹੀ ਨਹੀਂ ਸੀ ਕੋਲ। ਸੋ ਪੂਰੀ ਵਿਧੀ ਨਾਲ, ਮਹਾਤਮਾਵਾਂ ਨਾਲ ਮਿਲਦਾ ਜੁਲਦਾ ਸੀ, ਪਤਾ ਸੀ ਕਿ ਵਿਧੀ ਆਹ ਹੁੰਦੀ ਹੈ, ਮਹਾਤਮਾ ਕੋਲ ਜਾਣ ਦੀ। ਗਲ ਵਿਚ ਪੱਲੇ ਪਾ ਲਏ ਦੋਹਾਂ ਨੇ।

ਜਿਹੜਾ ਪਰਨਾ ਪਾਉਂਦੇ ਨੇ ਸੰਤ ਗਲ ਵਿਚ ਇਹ ਨਿਮਰਤਾ ਦਾ ਸੂਚਕ ਹੁੰਦਾ ਹੈ ਕਿ ਮੈਂ ਬਹੁਤ ਗਰੀਬ ਤੇਰੇ ਚਰਨਾਂ ਵਿਚ ਆਇਆ ਹਾਂ। ਅਰਦਾਸ ਕਰਨ ਵਾਲਾ ਵੀ ਗਲ 'ਚ ਪੱਲਾ ਪਾਉਂਦਾ ਹੈ।

ਸੋ ਜਦੋਂ ਉਹ ਗਲ ਵਿਚ ਪੱਲੇ ਪਾ ਕੇ ਮਹਾਰਾਜ ਜੀ ਦੇ ਕੋਲ ਪਹੁੰਚੇ, ਹੱਥਾਂ ਦੇ ਵਿਚ ਘਾਹ ਲਿਆ ਹੋਇਆ ਹੈ ਤੇ ਮਹਾਰਾਜ ਜੀ ਦੇਖ ਰਹੇ ਨੇ, ਦੇਖਦੇ-ਦੇਖਦੇ ਇਨ੍ਹਾਂ ਨੇ ਘਾਹ ਦੇ ਦੋ-ਦੋ ਡਾਲ ਮੂੰਹ ਵਿਚ ਪਾ ਲਏ। ਮਹਾਰਾਜ ਜੀ ਸਮਝ ਗਏ ਕਿ ਇਹ ਤਾਂ ਜਾਣਦੇ ਨੇ ਕਿ ਸਾਧੂ ਕੋਲ ਕਿਵੇਂ ਆਈਦਾ ਹੈ, ਸਾਧੂ ਨੂੰ ਕਿਵੇਂ ਪ੍ਰਸੰਨ ਕਰੀਦਾ ਹੈ, ਜੁਗਤ ਦਾ ਪਤਾ ਹੈ ਇਨ੍ਹਾਂ ਨੂੰ। ਕਿਉਂਕਿ ਇਨ੍ਹਾਂ ਕੋਲ ਹਿੰਦੂ ਮਤ ਦੇ ਬੇਅੰਤ ਸੰਤ ਆਉਂਦੇ ਸੀ।

ਉਨ੍ਹਾਂ ਦੀ ਸਰਧਾ ਦੇਖ ਕੇ ਮਹਾਰਾਜ ਜੀ ਕਹਿਣ ਲੱਗੇ, ਕਿ ਕੌਣ ਨੇ ਇਹ? ਤਾਂ ਸੇਵਾਦਾਰ ਨੇ ਦੱਸਿਆ ਕਿ ਕੋਠੀ ਵਾਲੇ, ਰਾਜਾ ਹੈ ਇਥੇ ਦਾ, ਰਾਮੇਸ਼ ਕੁਮਾਰ ਸਾਹੂ ਕਹਿੰਦੇ ਨੇ।

ਮਹਾਰਾਜ ਜੀ ਪੁਛਿਆ ਕਿ ਕਿਵੇਂ ਆਏ ਹੋ?

ਕਹਿਣ ਲੱਗਿਆ, ਮਹਾਰਾਜ! 25 ਸਾਲ ਪਹਿਲਾਂ ਪ੍ਰਭੂ ਨੇ ਇਕ ਉਲਾਦ ਬਖਸ਼ੀ ਸੀ ਪ੍ਰਭੂ ਨੇ, ਉਹ 25 ਸਾਲ ਦੀ ਹੋ ਗਈ ਹੈ, ਘਰ ਦੀ ਸਾਰੀ ਜਾਇਦਾਦ, ਲੜਕੇ ਤੋਂ ਬਗੈਰ ਸੁੰਨੀ ਲਗਦੀ ਹੈ ਸਾਨੂੰ। 50 ਸਾਲ ਉਮਰ ਸੀ ਉਨ੍ਹਾਂ ਦੀ ਉਸ ਵੇਲੇ। ਕਹਿਣ ਲੱਗੇ, ਕ੍ਰਿਪਾ ਕਰੋ, ਸਾਡੇ ਉਤੇ ਇਕ ਦਾਤ ਝੋਲੀ ਵਿਚ ਪਾਓ ਸਾਡੀ।

ਮਹਾਰਾਜ ਜੀ ਨੇ ਅੰਤਰ ਧਿਆਨ ਹੋ ਕੇ ਦੇਖਿਆ, ਕਹਿਣ ਲੱਗੇ, ਸਾਹੂ ਸਾਹਿਬ! ਕੀ ਕਰਦੇ ਹੁੰਦੇ ਹੋ ਤੁਸੀਂ ਪ੍ਰਾਪਤੀ ਵਾਸਤੇ। ਕਹਿਣ ਲੱਗਿਆ, ਮਹਾਰਾਜ! ਮੈਂ 68 ਤੀਰਥਾਂ ਦਾ ਇਸ਼ਨਾਨ ਮੈਂ ਵਿਧੀਪੂਰਵਕ ਕਰਿਆ ਤੇ ਜਗਰਾਤੇ ਕਰੇ ਨੇ, ਦਾਨ ਦਿਤੇ ਨੇ, ਜਿਵੇਂ ਮੈਨੂੰ ਦੱਸਿਆ ਕਿ ਐਉਂ ਦਾਨ ਕਰ, ਆਹ ਦਾਨ ਕਰ। ਪਰ ਕੁਛ ਨਹੀਂ ਮੈਨੂੰ ਮਿਲਿਆ। ਜਿਥੇ ਸਾਧੂ ਸੰਤ ਸੁਣਦਾ ਸੀ ਘਰ ਲੈ ਆਉਂਦਾ ਸੀ। ਸੇਵਾ ਕਰਦਾ ਸੀ। ਉਹ ਵੀ ਇਹੀ ਕਹਿੰਦੇ ਸੀ ਕਿ ਤੂੰ ਸੰਤਾਂ ਦੀ ਸੰਗਤ ਕਰੀ ਜਾਹ, ਕੋਈ ਆ ਜਾਏਗਾ ਤੇ ਮੈਨੂੰ ਦੱਸਿਆ ਕਿ ਇਕ ਰਾਜੇ ਨੂੰ ਐਸੀ ਲੋੜ ਪੈ ਗਈ ਸੀ, ਸੰਤਾਂ ਨੇ ਦੱਸਿਆ ਕਿ ਮਹਾਤਮਾ ਆ ਜਾਂਦੇ ਨੇ ਜੇ ਮਹਾਂਪੁਰਸ਼ਾਂ ਦਾ ਆਦਰ ਹੋਣ ਲਗ ਜਾਵੇ। ਦੂਰ ਤਕ ਜਸ ਫੈਲ ਜਾਂਦਾ ਹੈ ਫੇਰ ਬੀਤਰਾਗ ਬ੍ਰਹਮਗਿਆਨੀ ਮਹਾਂਪੁਰਸ਼ ਪੂਰਨ ਵੀ ਕਦੇ-ਕਦੇ ਆ ਜਾਂਦੇ ਨੇ। ਜਿਸ ਤਰ੍ਹਾਂ ਦੇ ਨਾਲ ਪੰਛੀਆਂ ਨੂੰ ਤੁਸੀਂ ਚੋਗਾ ਪਾਉਣ ਲਗ ਜਾਓ, ਜਲ ਦਾ ਪ੍ਰਬੰਧ ਕਰ ਦਿਓ, ਇਸ਼ਨਾਨ ਦਾ ਪ੍ਰਬੰਧ ਕਰ ਦਿਓ, ਐਸਾ ਕਰ ਦਿਓ ਕਿ ਉਨ੍ਹਾਂ ਨੂੰ ਖਤਰਾ ਨਾ ਰਹੇ, ਨਾ ਉਪਰਲਾ ਖਤਰਾ ਬਾਰਿਸ਼ ਵਗੈਰਾ ਦਾ, ਬਾਜ਼ ਵਗੈਰਾ ਦਾ, ਨਾ ਹੇਠਾਂ ਬਿੱਲੀਆਂ, ਕੁੱਤਿਆਂ ਵਗੈਰਾ ਦਾ। ਫੇਰ ਪੰਛੀ ਉਥੇ ਆਉਣ ਲਗ ਜਾਂਦੇ ਨੇ, ਪੰਛੀਆਂ ਦੀ ਬੋਲੀ ਹੁੰਦੀ ਹੈ, ਦੂਜਿਆਂ ਨੂੰ ਦੱਸਦੇ ਨੇ, ਤੀਜਿਆਂ ਨੂੰ ਦੱਸਦੇ ਨੇ, ਹੁੰਦੇ-ਹੁੰਦੇ ਗੱਲ ਹੰਸ ਤੱਕ ਪਹੁੰਚ ਜਾਂਦੀ ਹੈ ਤੇ ਕਦੇ ਹੰਸ ਵੀ ਆ ਜਾਂਦੇ ਨੇ। ਹੰਸ ਦੇ ਕੋਲ ਲਾਲ ਹੋਇਆ ਕਰਦਾ ਹੈ, ਨਿਗਲਦਾ ਹੈ ਉਹ ਲਾਗ, ਮੂੰਹ ਰਾਹੀਂ ਤੇ ਉਹ ਲਾਲਾ ਮਿਲ ਜਾਂਦਾ ਹੈ ਜੋ ਬੇਅੰਤ ਕੀਮਤੀ ਹੁੰਦਾ ਹੈ।

ਕਹਿੰਦੇ, ਰਾਜਨ! ਇਸ ਤਰ੍ਹਾਂ ਕਰਿਆ ਕਰੋ ਤੇ ਕਦੇ-ਕਦੇ ਪੂਰਨ ਮਹਾਤਮਾ ਵੀ ਆ ਜਾਂਦੇ ਨੇ, ਜਦੋਂ ਤੁਸੀਂ ਮਹਾਤਮਾਵਾਂ ਵਾਸਤੇ ਸੁਵਿਧਾਵਾਂ ਪੈਦਾ ਕਰੋ।

ਸੋ ਉਸ ਰਾਜੇ ਨੇ ਬਚਨ ਮੰਨ ਕੇ ਇਸੇ ਤਰ੍ਹਾਂ ਨਾਲ ਕਰਿਆ, ਕਮਰੇ ਬਣਾ ਦਿਤੇ, ਆਸ਼ਰਮ ਬਣਾ ਦਿਤਾ, ਸਾਧੂ ਸੰਤਾਂ ਦੀ ਰਿਹਾਇਸ਼ ਵਾਸਤੇ ਸੋਹਣੇ ਥਾਂ ਬਣਾ ਦਿੱਤੇ, ਮਹਾਤਮਾ ਦੇ ਵਿਚ ਗੱਲ ਚੱਲ ਪਈ ਕਿ ਫਲਾਣੇ ਥਾਂ ਜੋ ਰਾਜਾ ਹੈ ਉਹ ਬਹੁਤ ਸੰਤ ਸੇਵੀ ਹੈ, ਉਥੇ ਸਾਧੂ ਆਉਣ ਲਗ ਗਏ। ਇਕ ਦਿਨ ਪੂਰਨ ਬ੍ਰਹਮਗਿਆਨੀ ਮਹਾਤਮਾ ਆ ਗਏ, ਉਨ੍ਹਾਂ ਦੇ ਕੋਲ ਸਵਾਲ ਕਰਿਆ, ਕਹਿਣ ਲੱਗੇ ਕੋਈ ਨਾ ਤੇਰੇ ਦੋ ਪੁੱਤਰ ਹੋ ਜਾਣਗੇ। ਤੇਰੀ ਕਿਸਮਤ ਵਿਚ ਤਾਂ ਹੈ ਨਹੀਂ ਸੀ ਪਰ ਤੂੰ ਜਿਹੜੀ ਸਾਧੂਆਂ ਦੀ ਸੇਵਾ ਕਰੀ ਹੈ, ਉਹਦੇ ਕਰਕੇ ਤੇਰੇ ਦੋ ਪੁੱਤਰ ਹੋ ਜਾਣਗੇ। ਕਹਿਣ ਲੱਗਿਆ, ਮਹਾਰਾਜ! ਪੁੱਤਰ ਤਾਂ ਤੁਸੀਂ ਦੇ ਦਿੱਤੇ, ਮੇਰੀ ਹੁਣ ਮੁਕਤੀ ਵੀ ਹੋ ਜਾਏਗੀ, ਮੈਨੂੰ ਗਿਆਨ ਵੀ ਹੋ ਜਾਏਗਾ? ਉਹ ਕਹਿਣ ਲੱਗੇ ਕਿ ਇਹ ਸਾਡੇ ਵਸ ਤੋਂ ਬਾਹਰ ਦੀ ਗੱਲ ਹੈ, ਉਹ ਪੂਰਨ ਮਹਾਤਮਾ ਆਏਗਾ, ਉਹਦਾ ਨਾਉਂ ਜੜ੍ਹ ਭਰਤ ਹੈ, ਤੂੰ ਸੰਤਾਂ ਦੀ ਸੇਵਾ ਕਰੀ ਜਾਹ, ਕਦੇ ਨਾ ਕਦੇ ਉਨ੍ਹਾਂ ਨੇ ਵੀ ਆ ਜਾਣਾ ਹੈ ਜਿਵੇਂ ਹੰਸ ਆ ਜਾਂਦੇ ਨੇ। ਕਹਿੰਦੇ, ਮਹਾਤਮਾ 'ਚ ਤਿੰਨ-ਚਾਰ ਚੀਜ਼ਾਂ ਹੁੰਦੀਆਂ ਨੇ, ਇਕ ਤਾਂ ਹੱਠ ਨਹੀਂ ਹੋਇਆ ਕਰਦਾ, ਬਾਰ-ਬਾਰ ਕਹੀ ਜਾਓ, ਮੰਨ ਜਾਂਦੇ ਨੇ। ਇਕ ਉਹ ਬਚਨ ਦੇ ਨਾਲ ਛੁਟਕਾਰਾ ਕਰਾ ਦਿੰਦੇ ਨੇ, ਇਕੋ ਬਚਨ ਨਾਲ। ਦੂਸਰਾ ਹੈ ਕਿ ਗੱਲ ਕਹੀ ਜਾਓ ਸਹਿਮਤ ਹੀ ਹੋ ਜਾਂਦੇ ਨੇ ਨਾਲ। ਇਹ ਗੱਲਾਂ ਦੀ ਨਿਸ਼ਾਨੀ ਹੋਇਆ ਕਰਦੀ ਹੈ ਮਹਾਤਮਾ ਵਿਚ। ਸੋ ਇਹ ਪਰਖ ਕਰਨ ਵਾਸਤੇ ਇਕ ਤੋਤਾ

ਰੱਖ ਦਿਤਾ ਡਿਊਡੀ ਵਿਚ। ਉਹ ਤੋਤਾ ਆਉਂਦਿਆਂ ਨੂੰ ਜੈ ਬੁਲਾਉਂਦਾ ਸੀ, ਫੇਰ ਉਸ ਨੇ ਬਚਨ ਕਰਨੇ, ਬਚਨ ਕਰਨ ਤੋਂ ਬਾਅਦ ਮਹਾਤਮਾ ਦੇ ਬਚਨ ਸੁਣਨੇ, ਫੇਰ ਇਕ ਗੱਲ ਕਹਿਣੀ ਕਿ ਮਹਾਰਾਜ ਮੇਰਾ ਛੁਟਕਾਰਾ ਕਿਸੇ ਤਰ੍ਹਾਂ ਨਾਲ ਕਰੋ ਕਿਉਂਕਿ ਮੈਂ ਰਾਮ ਦੇ ਨਾਮ ਦੀ ਮਹਿਮਾ ਸੁਣਦਾ ਹਾਂ ਕਿ ਰਾਮ ਦਾ ਨਾਮ ਜੋ ਹੈ ਉਹ ਭਵਜਲ 'ਚੋਂ ਕੱਢ ਦਿੰਦਾ ਹੈ, ਬੰਧਨ ਕੱਟ ਦਿੰਦਾ ਹੈ ਤੇ ਮੁਕਤੀ ਹੋ ਜਾਂਦੀ ਹੈ। ਮਹਾਰਾਜ ਮੈਂ ਦਿਨ ਰਾਤ ਰਾਮ-ਰਾਮ ਕਰਦਾ ਰਹਿੰਦਾ ਹਾਂ ਤੇ ਮੇਰਾ ਤਾਂ ਪਿੰਜਰੇ 'ਚੋਂ ਹੀ ਛੁਟਕਾਰਾ ਨਹੀਂ ਹੋਇਆ, ਅੱਗੇ ਕਿੱਥੇ ਛੁਟਕਾਰਾ ਹੋਏਗਾ? ਮਹਾਤਮਾ ਨੇ ਹੱਸ ਪੈਣਾ ਕਿ ਪਿੰਜਰੇ 'ਚੋਂ ਕਿਵੇਂ ਛੁਟਕਾਰਾ ਕਰਾਈਏ? ਅੱਗੇ ਜਾਣਾ ਤਾਂ ਰਾਜੇ ਨੇ ਸੇਵਾ ਕਰਨੀ ਤੇ ਨਾਲ ਨਿੰਮ ਦਾ ਦਰਖਤ ਸੀ, ਉਤੇ ਨੂੰ ਦੇਖਣਾ ਕਿ ਮਹਾਰਾਜ ਇਹਨੂੰ ਦੋ-ਦੋ ਸੇਰ ਦੇ ਅੰਬ ਲਗਦੇ ਨੇ, ਛੇ ਮਹੀਨੇ ਨੂੰ ਲੱਗਣਗੇ, ਤੁਸੀਂ ਇਥੇ ਠਹਿਰੋ। ਉਹਨੇ ਕਹਿਣਾ ਰਾਜਨ! ਇਹ ਤਾਂ ਨਿੰਮ ਹੈ, ਅੰਬ ਨੂੰ ਅੰਬ ਲਗਦੇ ਨੇ, ਨਿੰਮ ਨੂੰ ਨਹੀਂ।

ਹੁੰਦੇ-ਹੁੰਦੇ ਜੜ੍ਹ ਭਰਤ ਆ ਗਿਆ, ਜੜ੍ਹ ਭਰਤ ਆਇਆ ਹੋਇਆ, ਜਦੋਂ ਉਸ ਤੋਤੇ ਨੇ ਗੱਲ ਕਰੀ, ਮਹਾਤਮਾ ਨੇ ਹੱਥ ਰੱਖ ਲਿਆ ਕੰਨ ਦੇ ਕੋਲ, ਐਉਂ ਲੰਮੇ ਪੈ ਗਏ ਸਾਹ ਖਿੱਚ ਕੇ, ਉਹਨੇ ਦੇਖ ਲਿਆ। ਨਾਲ ਇਸ਼ਾਰਾ ਕਰ ਦਿਤਾ ਕਿ ਤੇਰਾ ਐਉਂ ਛੁਟਕਾਰਾ ਹੋ ਜਾਊ।

ਉਸ ਤੋਤੇ ਨੇ ਉਵੇਂ ਜਿਵੇਂ ਕਰ ਲਿਆ, ਸਾਹ ਖਿੱਚ ਲਿਆ, ਰਾਜੇ ਨੂੰ ਦੱਸਿਆ ਕਿ ਜੀ ਤੋਤਾ ਨਹੀਂ ਬੋਲਦਾ, ਮਹਾਤਮਾ ਆਏ ਨੇ। ਰਾਜਾ ਕਹਿਣ ਲੱਗਿਆ ਕਿ ਕੀ ਗੱਲ? ਕਹਿਣ ਲੱਗੇ, ਕਿ ਜੀ ਪਤਾ ਨਹੀਂ ਉਹ ਤਾਂ ਅੱਖ ਹੀ ਨਹੀਂ ਖੋਲ੍ਹਦਾ, ਪਤਾ ਨਹੀਂ ਤਾਂ ਬਿਮਾਰ ਹੈ। ਉਹ ਰਾਜੇ ਦੇ ਕੋਲ ਲੈ ਗਏ, ਕਹਿੰਦੇ ਜੀ ਜੀਉਂਦਾ ਤਾਂ ਹੈਗਾ ਜੀ ਇਹ, ਪਰ ਅੱਖ ਨਹੀਂ ਖੋਲ੍ਹਦਾ। ਰਾਜਾ ਕਹਿਣ ਲੱਗਿਆ ਕਿ ਇਹਨੂੰ ਬਾਹਰ ਬਿਠਾ ਦਿਓ ਜ਼ਰਾ, ਅੱਖ ਖੋਲ੍ਹੇਗਾ, ਫੇਰ ਚੂਰੀ ਵਗੈਰਾ ਪਾ ਦੇਣਾ। ਇਹਨੂੰ ਜਦੋਂ ਬਾਹਰ ਬਿਠਾਇਆ, ਜਦੋਂ ਦੇਖਿਆ ਇਸ ਨੇ ਕਿ ਹਟ ਗਏ ਪਰ੍ਹੇ, ਉਡਾਰੀ ਮਾਰ ਕੇ ਉਚੇ ਦਰਖਤ ਤੇ ਜਾ ਬੈਠਿਆ। ਕਹਿਣ ਲੱਗਿਆ, ਧੰਨ ਹੋ ਮਹਾਰਾਜ! ਇਕੋ ਬਚਨ ਨਾਲ ਤੁਸੀਂ ਮੇਰਾ ਪਾਰ ਉਤਾਰਾ ਕਰ ਦਿਤਾ। ਕਹਿਣ ਲੱਗੇ, ਰਾਜਨ! ਉਹ ਸੰਤ ਆ ਗਿਆ ਜਿਹਦਾ ਤੂੰ ਇੰਤਜ਼ਾਰ ਕਰਦਾ ਸੀ। ਉਸਨੇ ਫੇਰ ਦੂਜੀ ਗੱਲ ਕਹੀ। ਉਨ੍ਹਾਂ ਨੇ ਕਿਹਾ ਹੀ ਨਾ ਕਿ ਨਿੰਬੋਲੀਆਂ ਲਗਦੀਆਂ ਨੇ ਜਾਂ ਅੰਬ ਲਗਦੇ ਨੇ, ਚੁੱਪ ਕਰ ਰਿਹਾ। ਉਹ ਬਾਰ-ਬਾਰ ਕਹਿੰਦੇ ਨੇ, ਪਰ ਰਾਜਾ ਚੁੱਪ ਹੀ ਰਿਹਾ। ਕਹਿੰਦੇ ਕਿ ਰਾਜਨ! ਜੋ ਤੇਰੀ ਰਜ਼ਾ ਹੈ ਠੀਕ ਹੈ। ਸਮਝ ਲਿਆ ਉਸਨੇ। ਫੇਰ ਉਨ੍ਹਾਂ ਨੇ ਉਸਨੂੰ ਬ੍ਰਹਮਗਿਆਨ ਕਰਾਇਆ।

ਸੋ ਐਉਂ ਚਲਦੇ-ਚਲਦੇ ਕਿਤੇ ਨਾ ਕਿਤੇ ਮਹਾਤਮਾ ਪੂਰੇ ਆ ਜਾਂਦੇ ਨੇ, ਜਿਨ੍ਹਾਂ ਦੀ ਕਮਾਈ ਬਹੁਤ ਵੱਡੀ ਹੋਇਆ ਕਰਦੀ ਹੈ। ਸੋ ਰਾਮੇਸ਼ ਕੁਮਾਰ ਕਹਿਣ ਲੱਗਿਆ ਕਿ ਮਹਾਰਾਜ! ਮੈਂ ਬਹੁਤ ਮਹਾਤਮਾ ਬੁਲਾਏ, ਮੇਰਾ ਘਰ ਜਿਹੜਾ ਹੈ ਮਹਾਤਮਾ ਦੇ ਆਦਰ ਸਤਿਕਾਰ ਵਾਸਤੇ ਸਾਰਾ ਸ਼ਹਿਰ ਹੀ ਵਰਤੋਂ 'ਚ ਲਿਆਉਂਦਾ ਹੈ ਤੇ ਅੱਜ ਤੁਹਾਡੇ ਚਰਨ ਪਏ ਨੇ ਆਪ ਕ੍ਰਿਪਾ ਕਰੋ। ਮਹਾਰਾਜ ਕਹਿਣ ਲੱਗੇ, ਰਾਮੇਸ਼ ਕੁਮਾਰ ਕੋਈ ਪੂਜਾ ਪਾਠ ਵੀ ਕਰਦਾ ਹੁੰਦਾ ਹੈਂ। ਕਹਿਣ ਲੱਗਿਆ, ਹਾਂ ਮਹਾਰਾਜ ਜੀ ਮੈਨੂੰ ਇਕ ਮਹਾਤਮਾ ਨੇ ਉਪਾਸਨਾ ਕਰਨ ਦੀ ਜੁਗਤ ਦੱਸ ਦਿਤੀ ਸੀ ਤੇ ਮੈਂ ਵਿਸ਼ਨੂੰ ਜੀ ਦੀ ਪ੍ਰਿਤਮਾ ਅੱਗੇ ਰਖਦਾ ਹਾਂ, ਭੋਗ ਲਵਾਉਂਦਾ ਹਾਂ। ਮਹਾਰਾਜ ਕਹਿੰਦੇ ਐਉਂ ਕਰ ਅਸੀਂ ਤੈਨੂੰ ਬਹੁਤਾ ਤਾਂ ਨਹੀਂ ਕਹਿੰਦੇ ਇਹ ਗੱਲ ਕਰ, ਐਸ ਵੇਲੇ ਗੁਰੂ ਨਾਨਕ ਸਾਹਿਬ ਸਤਿਗੁਰੂ ਦਾ ਸਾਰੇ ਬ੍ਰਹਿਮੰਡਾਂ 'ਚ ਰਾਜ ਹੈ, ਐਨਾ ਹੀ ਕਰ ਲੈ, ਬਾਕੀ ਉਵੇਂ ਜਿਵੇਂ ਭੋਗ ਲਵਾਂ, ਗੁਰੂ ਨਾਨਕ ਸਾਹਿਬ ਦੀ ਤਸਵੀਰ ਸਾਮ੍ਹਣੇ ਰੱਖ ਲੈ।

ਕਈ ਪ੍ਰੇਮੀ ਕਹਿਣਗੇ ਜੀ ਤਸਵੀਰ ਪੂਜਣ ਲਾ ਦਿਤਾ। ਜਿਹੜਾ ਕੁਛ ਵੀ ਨਹੀਂ ਪੂਜਦਾ ਉਹਨੂੰ ਤਸਵੀਰ ਪੂਜਣ ਤਾਂ ਲਾਓ, ਉਹਨੂੰ ਅੱਗੇ ਦੀ ਗੱਲ ਤਾਂ ਫੇਰ ਸਮਝ ਆਊ। ਅਸੀਂ ਵੀ ਤਸਵੀਰਾਂ ਹੀ ਪੂਜਦੇ ਹਾਂ, ਬੱਚੇ ਕੀ ਨੇ ਤਸਵੀਰਾਂ, ਦੋਸਤ ਮਿਤਰ ਕੀ ਨੇ, ਇਸਤਰੀਆਂ ਕੀ ਨੇ ਸਭ ਤਸਵੀਰਾਂ ਹੀ ਨੇ। ਉਹ ਤੁਰਦੀਆਂ ਫਿਰਦੀਆਂ ਨੇ, ਉਹ ਨਹੀਂ ਤੁਰਦੀ ਫਿਰਦੀ।

ਗੁਰੂ ਦਸਵੇਂ ਪਾਤਸ਼ਾਹ ਨੂੰ ਬਹਾਦਰਸ਼ਾਹ ਨੇ ਇਹ ਤਰਕ ਕਰੀ ਸੀ ਕਿ ਹਿੰਦੂ ਲੋਕ ਆਪੇ ਹੀ ਮੂਰਤੀ ਬਣਾ ਲੈਂਦੇ ਨੇ, ਆਪੇ ਤਸਵੀਰ ਬਣਾ ਲੈਂਦੇ ਨੇ ਤੇ ਆਪੇ ਹੀ ਭੋਗ ਲਵਾ ਲੈਂਦੇ ਨੇ। ਮਹਾਰਾਜ ਕਹਿੰਦੇ, ਬਹਾਦਰਸ਼ਾਹ ਇਹ ਭਾਵਨਾ ਦੀ ਗੱਲ ਹੈ, ਧੰਨੇ ਭਗਤ ਨੇ ਭੋਗ ਲਵਾਇਆ ਹੀ ਹੈ। ਉਹ ਭਾਵਨਾ ਪ੍ਰਬਲ ਹੁੰਦੀ ਹੈ, ਲੇਖੇ ਪੱਤੇ ਹੋਰ ਚੀਜ਼ ਹੈ, ਭਾਵਨਾ ਹੋਰ ਚੀਜ਼ ਹੈ। ਭਾਵਨਾ ਵਾਲਾ ਤਾਂ ਜਿੱਥੇ ਜੀਅ ਕਰਦਾ ਹੈ, ਪ੍ਰਮੇਸ਼ਰ ਨੂੰ ਪ੍ਰਗਟ ਕਰ ਲੈਂਦਾ ਹੈ, ਕੋਈ ਔਖੀ ਗੱਲ ਨਹੀਂ ਹੁੰਦੀ।

ਸੋ ਮਹਾਰਾਜ ਨੇ ਇਹ ਬਚਨ ਕਰ ਦਿਤਾ ਤੇ ਕਿਹਾ ਕਿ ਸਾਡੀ ਤਾਂ ਦੁਆ ਹੁੰਦੀ ਹੈ, ਅਰਦਾਸ ਹੁੰਦੀ ਹੈ, ਫਕੀਰ ਦੀ ਮੰਨਣ ਵਾਲਾ ਵਾਹਿਗੁਰੂ ਹੈ। ਸੋ ਉਸ ਵੇਲੇ ਜਦੋਂ ਦੱਸ ਮਹੀਨੇ ਲੰਘੇ ਬੜੀਆਂ ਖੁਸ਼ੀਆਂ ਹੋਈਆਂ। ਪੁੱਤਰ ਨੇ ਜਨਮ ਲੈ ਲਿਆ, 25 ਸਾਲ ਹੋ ਗਏ ਸੀ। ਜਦੋਂ ਮੈਂ ਦੇਖਿਆ, ਉਦੋਂ ਉਹ ਪੰਜ ਸਾਲ ਦਾ ਸੀ, ਪ੍ਰਸ਼ਾਦੇ ਵਰਤਾਉਂਦਾ ਸੀ ਸੰਗਤਾਂ ਨੂੰ ਲਿਆ ਕੇ।

ਸੋ ਇਹ ਬੇਪਰਵਾਹ ਮਹਾਤਮਾ ਹੁੰਦੇ ਨੇ, ਕਿਸੇ ਦੀ ਗਰਜ਼ ਨਹੀਂ ਰਖਦੇ। ਕਿਸੇ ਤੱਕ ਕੋਈ ਗਰਜ਼ ਨਹੀਂ ਹੁੰਦੀ। ਗਰਜ਼ ਵਾਲਾ ਕਦੇ ਵੀ ਮਹਾਤਮਾ ਨਹੀਂ ਹੁੰਦਾ।

'ਚਲਦਾ'

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸਾਧਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਹੈ ਜਿਸ ਕਰਕੇ ਅਸੀਂ ਇਸ ਸਰਦੀ ਦੇ ਅੰਦਰ ਇਕੱਤਰ ਹੋ ਕੇ ਹਰੀ ਦਾ ਜਸ ਸਰਵਣ ਕੀਤਾ ਜਿਸ ਦਾ ਬਹੁਤ ਵੱਡਾ ਫਲ ਪ੍ਰਾਪਤ ਹੋਇਆ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੂੰ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਇਕ ਵਾਰੀ ਸਵਾਲ ਕੀਤਾ ਕਿ ਸੱਚੇ ਪਾਤਸ਼ਾਹ! ਆਪ ਅੰਮ੍ਰਿਤ ਵੇਲੇ ਦਾ ਜਾਗਣਾ ਉਸ ਵਿਚ ਹਰੀ ਜਸ ਕਰਨਾ, ਇਸ਼ਨਾਨ ਕਰਨਾ ਬਾਰ-ਬਾਰ ਫੁਰਮਾ ਰਹੇ ਹੋ। ਇਸ ਦਾ ਕਿੰਨਾ ਕੁ ਫਲ ਹੁੰਦਾ ਹੈ? ਮਹਾਰਾਜ ਜੀ ਕਹਿਣ ਲੱਗੇ ਕਿ ਪ੍ਰੇਮੀਆ! ਜਿਹੜਾ ਅੰਮ੍ਰਿਤ ਵੇਲੇ ਉਠ ਕੇ ਹਰੀ ਦਾ ਜਸ ਕਰਨਾ ਹੈ, ਨਾਮ ਦਾ ਬੀਜ ਬੀਜਣਾ ਹੈ। ਉਸ ਦੀ ਫਸਲ ਐਨੀ ਭਰਪੂਰ ਹੋ ਜਾਂਦੀ ਹੈ ਕਿ ਕਿੰਨਾ ਹੀ ਖਰਚੀ ਜਾਹ ਖਤਮ ਨਹੀਂ ਹੋਇਆ ਕਰਦੀ। ਬੇਅੰਤ ਪਾਪਾਂ ਦਾ ਨਾਸ਼ ਹੋ ਜਾਂਦਾ ਹੈ, ਮਨ ਵਿਚ ਸ਼ਾਂਤੀ ਆਉਣੀ ਸ਼ੁਰੂ ਹੋ ਜਾਂਦੀ ਹੈ। ਬਾਕੀ ਜੋ ਤੂੰ ਇਹ ਗੱਲ ਪੁੱਛੀ ਹੈ ਕਿ ਫਲ ਕਿੰਨਾ-ਕੁ ਹੁੰਦਾ ਹੈ। ਹਰੀ ਦੇ ਜਸ ਵਿਚ ਜੇ ਇਕ ਨਿਮਖ ਵਾਸਤੇ ਵੀ, ਇਕ ਸੈਕਿੰਡ ਵਾਸਤੇ ਵੀ ਮਨ ਇਕਾਗਰ ਹੋ ਜਾਵੇ ਤਾਂ ਦੁਨੀਆਂ ਦਾ ਰਾਜ ਉਸ ਦੇ ਅੱਗੇ ਕੋਈ ਚੀਜ਼ ਨਹੀਂ ਹੋਇਆ ਕਰਦਾ ਕਿਉਂਕਿ ਰਾਜ ਵਿਚ ਮਨ ਕਲਪਦਾ ਰਹਿੰਦਾ ਹੈ। ਸਵਰਗ ਵਿਚ ਮਨ ਸ਼ਾਂਤ ਨਹੀਂ ਹੁੰਦਾ। ਇੰਦਰ ਵਰਗੇ ਰਾਜੇ ਮਨ ਦੀ ਸ਼ਾਂਤੀ ਵਾਸਤੇ ਸੰਤਾਂ ਕੋਲ ਆਉਂਦੇ ਨੇ ਤੇ ਉਨ੍ਹਾਂ ਤੋਂ ਪੁੱਛਦੇ ਨੇ ਕਿ ਮਨ ਕਿਵੇਂ ਸ਼ਾਂਤ ਹੋਵੇ। ਮਹਾਤਮਾ ਕਹਿੰਦੇ ਨੇ ਕਿ ਇੰਦਰ ਤੇਰੇ ਸਵਰਗ ਲੋਕਾਂ ਵਿਚ ਭੋਗ ਤਾਂ ਬਹੁਤ ਜ਼ਿਆਦਾ ਨੇ, ਬੇਅੰਤ ਚੀਜ਼ਾਂ ਜਿਸ ਚੀਜ਼ ਦੀ ਇੱਛਾ ਕਰੋ ਉਸ ਵੇਲੇ ਪ੍ਰਾਪਤ ਹੋ ਜਾਂਦੀ ਹੈ ਪਰ ਸ਼ਾਂਤੀ ਕੋਈ ਹੋਰ ਚੀਜ਼ ਹੈ। ਜਦੋਂ ਤੱਕ ਨਾਮ ਨਹੀਂ ਪ੍ਰਾਪਤ ਹੁੰਦਾ ਸ਼ਾਂਤੀ ਨਹੀਂ ਆਇਆ ਕਰਦੀ।

***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭***

ਜਿਸਨੂੰ ਵਾਹਿਗੁਰੂ ਦਾ ਨਾਮ ਚਿੱਤ ਨਹੀਂ ਆਉਂਦਾ, ਵਾਹਿਗੁਰੂ ਜਿਸ ਦੇ ਧਿਆਨ ਵਿਚ ਨਹੀਂ ਵਸਦਾ ਕਹਿੰਦੇ ਉਹ ਤਾਂ ਵਿਸ਼ਟਾ ਦੇ ਕੀੜੇ ਵਰਗਾ ਹੋਇਆ ਕਰਦਾ ਹੈ।

ਨਾਮ ਤੋਂ ਬਗੈਰ ਸ਼ਾਂਤੀ ਨਹੀਂ ਹੋਇਆ ਕਰਦੀ। ਸੋ ਸਵਰਗ ਲੋਕ ਦੇ ਜੋ ਰਾਜੇ ਨੇ ਉਹ ਵੀ ਲੋਚਦੇ ਨੇ ਕਿ ਕਦੋਂ ਸਾਡਾ ਸਵਰਗ ਖਤਮ ਹੋਵੇ ਤੇ ਕਦੋਂ ਮੁੜ ਕੇ ਜਾ ਕੇ ਫੇਰ ਮਨੁੱਖ ਬਣੀਏ। ਮਨੁੱਖ ਬਣ ਕੇ ਤਿੰਨ ਸਾਧਨ ਕਰੀਏ - ਕਰਮ, ਉਪਾਸਨਾ, ਗਿਆਨ।

ਸ਼ੁਭ ਕਰਮ ਕਹਿੰਦੇ ਨੇ, ਨਿਸ਼ਕਾਮ ਕਰਮ ਕਰਨੇ, ਬਾਣੀ ਪੜ੍ਹਨੀ, ਸੇਵਾ ਕਰਨੀ, ਹਰੀ ਜਸ ਕਰਨਾ, ਹਰੀ ਜਸ ਸੁਣਨਾ। ਇਹ ਸਾਰੀਆਂ ਚੀਜ਼ਾਂ ਸ਼ੁਭ ਕਰਮ ਨੇ। ਇਨ੍ਹਾਂ ਦੇ ਨਾਲ ਜਨਮਾਂ-ਜਨਮਾਂ ਦੀ ਲੱਗੀ ਹੋਈ ਮਨ ਦੀ ਮੈਲ ਦੂਰ ਹੁੰਦੀ ਹੈ, ਮਨ ਦੀ ਕਲਪਣਾ ਹਟਦੀ ਹੈ, ਮਨ ਦੀਆਂ ਵਾਸ਼ਨਾਵਾਂ ਹਟਦੀਆਂ ਨੇ, ਮਨ ਸ਼ਾਂਤੀ ਵਿਚ ਆਉਂਦਾ ਹੈ।

ਦੂਸਰਾ ਦਰਜਾ ਉਪਾਸਨਾ ਹੋਇਆ ਕਰਦਾ ਹੈ। ਮਹਾਂਪੁਰਸ਼ਾਂ ਨੂੰ ਪਤਾ ਹੁੰਦਾ ਹੈ ਕਿ ਉਪਾਸਨਾ ਕਿਵੇਂ ਕਰੀਦੀ ਹੈ ਜੋ ਜਗਿਆਸੂ ਹੁੰਦਾ ਹੈ ਉਸਨੂੰ ਉਹ ਦੱਸ ਦਿੰਦੇ ਨੇ ਕਿ ਇਸ ਤਰ੍ਹਾਂ ਭਾਈ ਉਪਾਸਨਾ ਕਰਿਆ ਕਰ। ਇਸ ਦੇ ਨਾਲ ਖਿੰਡਿਆ ਹੋਇਆ ਮਨ ਇਕ ਬਿੰਦੂ ਤੇ ਆ ਜਾਂਦਾ ਹੈ, ਟਿਕ ਜਾਂਦਾ ਹੈ ਇਕਾਗਰਤਾ ਵਿਚ ਆ ਕੇ ਨਿਰੁੱਧ ਵਿਚ ਚਲਿਆ ਜਾਂਦਾ ਹੈ। ਉਸ ਵੇਲੇ ਜੋ ਨਾਮ ਬੀਜਣਾ ਹੈ, ਇਕਾਗਰਤਾ ਦਾ ਉਸ ਦਾ ਫਲ ਕਿੰਨਾ ਹੈ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ॥***

ਇਕ ਛਿਨ ਜਿੰਨਾ ਚਿਰ ਵੀ ਜੇ ਪ੍ਰਮੇਸ਼ਰ ਦਾ ਧਿਆਨ ਆ ਜਾਵੇ ਤਾਂ ਵੀ ਕਾਲ ਦਾ ਚੱਕਰ ਗਲ ਤੋਂ ਲਹਿ ਜਾਂਦਾ ਹੈ। ਸੋ ਇਸ ਤਰ੍ਹਾਂ ਜਦੋਂ ਮਨ ਇਕਾਗਰ ਹੋ

ਜਾਵੇ ਤਾਂ ਉਸ ਦੇ ਵਿਚ ਕੀਤਾ ਹੋਇਆ ਜੋ ਭਜਨ ਹੈ, ਅੰਮ੍ਰਿਤ ਵੇਲੇ ਦਾ, ਮਹਾਰਾਜ ਕਹਿੰਦੇ ਉਸ ਨੂੰ ਸੰਤ ਖਾ ਰਹੇ ਨੇ, ਖਰਚ ਰਹੇ ਨੇ, ਵਰਤ ਰਹੇ ਨੇ ਉਹ ਮੁਕਦਾ ਨਹੀਂ ਹੈ ਵਰਤਾਇਆ ਹੋਇਆ। ਬਾਕੀ ਚੀਜ਼ਾਂ ਦੁਨੀਆਂ ਦੀਆਂ ਸਾਰੀਆਂ ਇਕੱਠੀਆਂ ਕਰ ਲਓ ਤੇ ਉਨ੍ਹਾਂ ਨੂੰ ਵੰਡਣ ਲਗ ਜਾਓ, ਉਹ ਘਟ ਜਾਣਗੀਆਂ। ਅਰਬ ਰੁਪੀਆ ਇਕੱਠਾ ਕਰ ਲਓ ਵੰਡਣਾ ਸ਼ੁਰੂ ਕਰ ਦਿਓ ਉਹ ਵੀ ਖਤਮ ਹੋ ਜਾਏਗਾ। ਦਾਣੇ ਇਕੱਠੇ ਕਰ ਲਓ, ਵੰਡਣੇ ਸ਼ੁਰੂ ਕਰ ਲਓ ਉਹ ਵੀ ਖਤਮ ਹੋ ਜਾਣਗੇ, ਬਹੁਤ ਵੱਡੀ ਜਾਇਦਾਦ ਇਕੱਠੀ ਕਰ ਲਓ-ਬੇਅੰਤ ਕੋਠੀਆਂ ਹਜ਼ਾਰਾਂ ਦੀ ਤਾਦਾਦ ਵਿਚ, ਬਜ਼ਾਰ ਆਦਿ ਵੰਡਣੇ ਸ਼ੁਰੂ ਕਰ ਦਿਓ ਉਹ ਵੀ ਖਤਮ ਹੋ ਜਾਣਗੇ ਪਰ ਕਹਿੰਦੇ, "ਜਿਹੜਾ ਚਿੱਤ ਦੀ ਇਕਾਗਰਤਾ ਨਾਲ ਨਾਮ ਧਨ ਇਕੱਠਾ ਕਰਿਆ ਹੁੰਦਾ ਹੈ ਉਹ ਮੁੱਕਿਆ ਨਹੀਂ ਕਰਦਾ।" ਖਤਮ ਨਹੀਂ ਹੁੰਦਾ, ਜਿੰਨਾ ਉਸ ਨੂੰ ਵੰਡੇ, ਜਿੰਨਾ ਉਸ ਨੂੰ ਖਰਚੇ ਓਨਾਂ ਉਹ ਵਧ ਜਾਂਦਾ ਹੈ ਉਸੇ ਹਿਸਾਬ ਨਾਲ ਉਸ ਤੋਂ ਵੀ ਜ਼ਿਆਦਾ ਵਧ ਜਾਂਦਾ ਹੈ -

***ਖਾਵਹਿ ਖਰਚਹਿ ਰਲਿ ਮਿਲਿ ਭਾਈ ॥***
***ਤੋਟਿ ਨ ਆਵੈ ਵਧਦੋ ਜਾਈ ॥ ਅੰਗ - ੧੮੬***

ਸੋ ਇਹ ਅੰਮ੍ਰਿਤ ਵੇਲੇ ਦਾ ਨਾਮ ਦਾ ਧਨ ਜੋ ਅਸੀਂ ਬੀਜਦੇ ਹਾਂ ਇਸ ਦੀ ਫਸਲ ਭਰਪੂਰ ਹੁੰਦੀ ਹੈ, ਗੁਰੂ ਮਹਾਰਾਜ ਜੀ ਦੇ ਦਰ ਤੇ ਹਾਜ਼ਰੀ ਪੈਂਦੀ ਹੈ, ਫੁਰਨਾ ਕੋਈ ਹੁੰਦਾ ਨਹੀਂ, ਮਨ ਟਿਕਿਆ ਹੁੰਦਾ ਹੈ, ਅੰਮ੍ਰਿਤ ਵੇਲਾ ਹੁੰਦਾ ਹੈ। ਸੋ ਬਹੁਤ ਵੱਡਾ ਫਲ ਪ੍ਰਾਪਤ ਹੋਇਆ ਕਰਦਾ ਹੈ। ਬਾਕੀ ਜੇ ਕੇਵਲ ਇਸ਼ਨਾਨ ਹੀ ਕਰ ਲਏ ਪਹਿਰ ਰਾਤ ਉਠ ਕੇ ਵਿਧੀ-ਪੂਰਵਕ ਤਾਂ ਵੀ ਉਸਦਾ ਸਵਾ-ਮਣ ਸੋਨਾ ਦਾਨ ਕਰਨ ਦਾ ਪੁੰਨ ਹੁੰਦਾ ਹੈ। ਦੋ ਘੜੀਆਂ ਬਾਅਦ ਜੇ ਇਸ਼ਨਾਨ ਕਰੇ ਤਾਂ ਸਵਾ ਮਣ ਚਾਂਦੀ ਉਸ ਤੋਂ ਬਾਅਦ ਘੜੀ ਜੇ ਕਰੇ ਤਾਂ ਸਵਾ ਮਣ ਤਾਂਬਾ ਤੇ ਫੇਰ ਕੋਈ ਡੇਢ ਘੰਟਾ ਸੂਰਜ ਚੜ੍ਹਨ ਤੋਂ ਪਹਿਲਾਂ ਜੇ ਇਸ਼ਨਾਨ ਕਰ ਲਵੇ ਤਾਂ ਸਵਾ-ਮਣ ਅਨਾਜ ਦਾਨ ਕਰਨ ਦਾ ਪੁੰਨ ਮਿਲਦਾ ਹੈ।

ਸੋ ਪੁਰਖਾ! ਜਦੋਂ ਕੇਵਲ ਇਸ਼ਨਾਨ ਦਾ ਹੀ ਐਨਾ ਫਲ ਹੈ ਤਾਂ ਜਿਹੜੇ ਉਠ ਕੇ ਫੇਰ ਨਾਮ ਜਪਦੇ ਨੇ, ਕੀਰਤਨ ਕਰਦੇ ਨੇ, ਹਰੀ ਦਾ ਜਸ ਸੁਣਦੇ ਨੇ ਉਨ੍ਹਾਂ ਨੂੰ ਤਾਂ ਬਹੁਤ ਵੱਡਾ ਫਲ ਪ੍ਰਾਪਤ ਹੁੰਦਾ ਹੈ। ਇਸ ਦੇ ਨਾਲ ਸਾਡੇ ਪਾਪਾਂ ਦਾ ਨਾਸ਼ ਹੁੰਦਾ ਹੈ ਜੋ ਅਰਬਾਂ-ਖਰਬਾਂ ਦੀ ਗਿਣਤੀ ਵਿਚ ਹਨ ਜਿਨ੍ਹਾਂ ਨੂੰ ਅਸੀਂ ਗਿਣ ਨਹੀਂ ਸਕਦੇ ਕਿ ਐਨਾ ਕੁਝ ਅਸੀਂ ਕਰ ਬੈਠੇ ਹਾਂ ਕਿਉਂਕਿ ਅਸੀਂ ਅੱਜ ਤੋਂ ਹੀ ਨਹੀਂ ਚੱਲੇ ਜਦੋਂ ਤੋਂ ਸਾਡਾ ਜਨਮ ਹੋਇਆ ਹੈ ਉਸ ਵੇਲੇ ਤੋਂ ਹੀ ਨਹੀਂ ਚੱਲੇ, ਅਸੀਂ ਤਾਂ ਉਸ ਤੋਂ ਪਹਿਲਾਂ ਬੇਅੰਤ ਸਮੇਂ ਤੋਂ ਚਲਦੇ ਆ ਰਹੇ ਹਾਂ, ਹਜ਼ਾਰਾਂ ਵਾਰੀ, ਲੱਖਾਂ ਵਾਰੀ ਮਨੁੱਖ ਬਣੇ ਹਾਂ, ਲੱਖਾਂ ਵਾਰੀ ਅਸੀਂ 84 ਦੇ ਚੱਕਰ ਵਿਚ ਪਏ ਹਾਂ। ਮਹਾਰਾਜ ਕਹਿੰਦੇ ਤੈਨੂੰ ਹੁਣ ਸੋਝੀ ਵਿਚ ਆ ਕੇ ਬੰਦਗੀ ਕਰਨੀ ਚਾਹੀਦੀ ਹੈ ਕਿਉਂਕਿ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ***
***ਸਿਮਰਤ ਕਹਾ ਨਹੀ॥***

***ਅੰਗ - ੬੩੧***

ਬੜੇ ਜੁਗਾਂ ਤੋਂ ਬਾਅਦ ਮਨੁੱਖ ਦਾ ਜਾਮਾ ਤੈਨੂੰ ਪ੍ਰਾਪਤ ਹੋਇਆ ਹੈ।

ਤੇਰੀ ਵਾਰੀ ਆ ਗਈ ਮਿਲਣ ਦੀ ਹੁਣ ਤੂੰ ਪ੍ਰਮੇਸ਼ਰ ਨੂੰ ਕਿਉਂ ਨਹੀਂ ਯਾਦ ਕਰਦਾ? ਫੇਰ ਫਸ ਗਿਆ ਉਨ੍ਹਾਂ ਗੱਲਾਂ ਵਿਚ ਇਸ ਦੇ ਵਿਚ ਤਾਂ ਤੂੰ ਬੜਾ ਧੋਖਾ ਖਾ ਚੁੱਕਿਆ ਹੈਂ ਕਿਉਂਕਿ ਮਾਇਆ ਹੈ ਹੀ ਧੋਖਾ। ਮਹਾਰਾਜ ਜੀ ਨੇ ਨਾਮ ਤੋਂ ਬਿਨਾਂ ਜੋ ਸਾਡਾ ਜੀਵਨ ਹੈ ਇਸ ਨੂੰ ਮਾਇਆ ਦਾ ਜੀਵਨ ਕਿਹਾ ਹੈ। ਪ੍ਰਮੇਸ਼ਰ ਦੇ ਪਿਆਰ ਤੋਂ ਬਿਨਾਂ ਸਾਡੇ ਜੋ ਬਾਕੀ ਪਿਆਰ ਨੇ ਉਹ ਸਾਰੇ ਮਾਇਆ ਦੇ ਪਿਆਰ ਨੇ। ਮਾਇਆ ਦਾ ਜੋ ਪਿਆਰ ਹੈ ਉਸ ਨੂੰ ਮੋਹ ਆਖਦੇ ਨੇ, ਵਾਹਿਗੁਰੂ ਦਾ ਜੋ ਪਿਆਰ ਹੈ ਉਸਨੂੰ ਸੱਚਾ ਪਿਆਰ ਆਖਦੇ ਨੇ। ਇਸੇ ਮੋਹ ਦੇ ਬੰਨ੍ਹੇ ਹੋਏ ਅਸੀਂ ਵਾਰ-ਵਾਰ ਜੰਮਦੇ ਹਾਂ, ਵਾਰ-ਵਾਰ ਮਰਦੇ ਹਾਂ, ਦੁੱਖ ਪਾਉਂਦੇ ਫਿਰਦੇ ਹਾਂ, ਕਰਮ ਐਸੇ ਕਰ ਦਿੰਦੇ ਹਾਂ ਕਿ ਉਨ੍ਹਾਂ ਨੂੰ ਭੋਗਣ ਵਾਸਤੇ ਸਾਨੂੰ ਨਿੱਕੀਆਂ ਜੂਨਾਂ ਵਿਚ ਜਾਣਾ ਪੈਂਦਾ ਹੈ। ਬੇਅੰਤ ਜੂਨਾਂ ਵਿਚ ਘੁੰਮਣ ਤੋਂ ਬਾਅਦ ਫੇਰ ਕਿਤੇ ਆ ਕੇ ਮਹਾਰਾਜ ਕਹਿੰਦੇ ਤੈਨੂੰ ਮਨੁੱਖ ਦਾ ਜਨਮ ਪ੍ਰਾਪਤ ਹੁੰਦਾ ਹੈ। ਇਹ ਵਾਹਿਗੁਰੂ ਜੀ ਦੀ ਮਿਹਰ ਹੈ ਕਿ ਸਾਨੂੰ ਯਾਦ ਨਹੀਂ ਹੈ ਜੇ ਯਾਦ ਹੋਵੇ ਕਿ ਮੈਂ ਇਸ ਬੰਦੇ ਦਾ ਬੈਲ ਸੀ ਪਿਛਲੇ ਜਨਮ ਵਿਚ, ਇਹ ਮੈਨੂੰ ਬਹੁਤ ਮਾਰਦਾ-ਕੁਟਦਾ ਹੁੰਦਾ ਸੀ ਤਾਂ ਸਾਡਾ ਹੁਣ ਵੀ ਉਸ ਦੇ ਨਾਲ ਪਿਆਰ ਨਾ ਹੁੰਦਾ, ਵੈਰ ਹੀ ਹੁੰਦਾ ਕਿ ਮੈਨੂੰ ਇੰਨਾ ਮਾਰਦਾ ਰਿਹਾ ਇਹ। ਅਸੀਂ ਵੀ ਦੁਖੀ ਹੁੰਦੇ ਸਾਡੀ ਐਸੀ ਯਾਦਾਸ਼ਤ ਤੋਂ ਮਹਾਰਾਜ ਜੀ ਨੇ ਸਾਨੂੰ ਬਚਾ ਦਿਤਾ ਸਿਰਫ ਐਨਾ ਕੁ ਯਾਦ ਹੈ ਜਦੋਂ ਤੋਂ ਪੈਦਾ ਹੋਏ ਹਾਂ, ਸੁਰਤ ਆਈ ਹੈ, ਇਸਦੇ ਵਿਚ ਤਾਂ ਕਿਸੇ ਦੇ ਪੂਰਾ ਯਾਦ ਹੈ, ਕੁਝ ਭੁੱਲ ਜਾਂਦੇ ਨੇ।

ਸੋ ਪਿਛਲੇ ਜੋ ਅਨੇਕਾਂ ਜਨਮ ਨੇ ਇਨ੍ਹਾਂ ਵਿਚ ਅਸੀਂ ਚੱਕਰ ਖਾਈ ਜਾਂਦੇ ਹਾਂ ਇਸੇ ਧਰਤੀ ਦੇ ਉਤੇ। ਜਦੋਂ ਧਰਤੀ ਛੱਡ ਦਿੰਦੇ ਹਾਂ ਤਾਂ ਐਸੇ ਮੰਡਲ ਨੇ ਜਿੱਥੇ ਮਹਾਨ ਅਨੰਦ ਹੈ। ਉਨ੍ਹਾਂ ਵਿਚੋਂ ਪਹਿਲਾਂ ਸਵਰਗ ਨੇ। ਉਥੇ ਜੋ ਛੋਟੇ ਤੋਂ ਛੋਟਾ ਸਵਰਗ ਹੈ, ਉਥੇ ਇਥੋਂ ਨਾਲੋਂ 100 ਗੁਣਾਂ ਜ਼ਿਆਦਾ ਸੁਖ ਹੈ, ਉਸ ਤੋਂ ਉਪਰਲਾ ਜਿਹੜਾ ਦੂਸਰਾ ਆਉਂਦਾ ਹੈ ਦੇਵ ਗੰਧਰਬ ਉਸ ਦੇ ਵਿਚ ਹੋਰ ਸੌ ਗੁਣਾਂ ਸੁੱਖ ਵੱਧ ਹੈ। ਪਿੱਤਰ ਲੋਕ ਦੇ ਵਿਚ ਇਥੇ ਨਾਲੋਂ 10 ਲੱਖ ਗੁਣਾਂ ਸੁਖ ਵਧ ਜਾਂਦਾ ਹੈ ਤੇ ਸਵਰਗ ਲੋਕ ਦੇ ਵਿਚ 10 ਕਰੋੜ ਗੁਣਾਂ ਵਧ ਜਾਂਦਾ ਹੈ, ਇੰਦਰ ਲੋਕ ਵਿਚ 10 ਖਰਬ ਗੁਣਾਂ ਸੁਖ ਵਧ ਜਾਂਦਾ ਹੈ। ਇਸੇ ਤਰ੍ਹਾਂ ਉਪਰ ਤੋਂ ਉਪਰ ਜਾਂਦੇ ਨੇ। ਜਿਹੜੇ ਪ੍ਰੇਮੀ ਨਾਮ ਜਪ ਕੇ ਹਉਮੈ ਦਾ ਨਾਸ਼ ਕਰਕੇ, ਜਿਨ੍ਹਾਂ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ।

ਤੀਸਰੀ ਅਵਸਥਾ - ਕਰਮ, ਉਪਾਸਨਾ, ਗਿਆਨ। ਉਹ ਸੱਚਖੰਡ ਦੇ ਵਿਚ ਨਿਵਾਸ ਲੈਂਦੇ ਨੇ ਤੇ ਉਥੇ ਸੁੱਖ ਦਾ ਕੋਈ ਅੰਤ ਪਾਰਵਾਰ ਨਹੀਂ ਹੈ ਤੇ ਨਾ ਉਥੋਂ ਮੁੜ ਕੇ ਫੇਰ ਇਨ੍ਹਾਂ ਜੂਨਾਂ ਵਿਚ ਗਿਰਦਾ ਹੈ।

ਸੋ ਆਹ ਮੌਕਾ ਹੈ ਸਾਡੇ ਕੋਲ ਥੋੜ੍ਹਾ ਜਿਹਾ ਇਸ ਨੂੰ ਜੇ ਤਾਂ ਅਸੀਂ ਗੁਆ ਦਿਤਾ ਦੁਨੀਆਂ ਦੇ ਬੰਦਿਆਂ ਵਿਚ ਫੇਰ ਤਾਂ ਇਹ ਸਾਡੇ ਹੱਥੋਂ ਨਿਕਲ ਗਿਆ ਕਿਉਂਕਿ ਮਾਇਆ ਬਲ ਬਹੁਤ ਹੈ। ਕਿਉਂਕਿ ਮਹਾਰਾਜ ਜੀ ਕਹਿੰਦੇ ਨੇ -

*ਮਾਇਆ ਮਮਤਾ ਮੋਹਣੀ*
*ਜਿਨਿ ਵਿਣੁ ਦੰਤਾ ਜਗੁ ਖਾਇਆ ॥ ਅੰਗ - ੬੪੩*

ਦੰਦਾਂ ਨਾਲ ਤਾਂ ਚੀਜ਼ਾਂ ਖਾਧੀਆਂ ਜਾਂਦੀਆਂ ਹਨ, ਨਾ ਇਸ ਦਾ ਕਿਤੇ ਮੂੰਹ ਹੈ, ਨਾ ਕਿਤੇ ਸਿਰ ਹੈ, ਨਾ ਕੁਝ ਹੋਰ ਹੈ ਲੇਕਿਨ ਖਾ ਜਾਂਦੀ ਹੈ ਇਹ -

*ਮਨਮੁਖ ਖਾਧੇ ਗੁਰਮੁਖਿ ਉਬਰੇ*
*ਜਿਨੀ ਸਚਿ ਨਾਮਿ ਚਿਤੁ ਲਾਇਆ॥*
*ਬਿਨੁ ਨਾਵੈ ਜਗੁ ਕਮਲਾ ਫਿਰੈ*
*ਗੁਰਮੁਖਿ ਨਦਰੀ ਆਇਆ ॥ ਅੰਗ - ੬੪੩*

ਕਹਿੰਦੇ ਮਨਮੁੱਖਾਂ ਨੂੰ ਤਾਂ ਇਹ ਬਿਲਕੁਲ ਚੱਬ ਜਾਂਦੀ ਹੈ। ਜਿਹੜੇ ਗੁਰੂ ਦੇ ਪਿਆਰੇ ਨੇ, ਜਿਨ੍ਹਾਂ ਨੂੰ ਸੋਝੀ ਹੋ ਗਈ ਨਾਮ ਦੀ ਉਹ ਉਭਰ ਜਾਂਦੇ ਨੇ।

ਕਿਉਂਕਿ ਉਨ੍ਹਾਂ ਦਾ ਚਿੱਤ ਨਾਮ ਦੇ ਨਾਲ ਲੱਗਿਆ ਹੁੰਦਾ ਹੈ। ਸੋ ਇਸ ਕਰਕੇ ਜੋ ਆਪਣਾ ਉਦਮ ਹੈ ਜੇ ਅਸੀਂ subjective ਤੌਰ ਤੇ ਆਉਂਦੇ ਹਾਂ ਕਿ ਪਿਛਲੀ ਆਸਾ ਜੀ ਦੀ ਵਾਰ ਨਾਲੋਂ ਬਿਰਤੀ ਐਤਕੀਂ ਜ਼ਿਆਦਾ ਚੜ੍ਹੀ ਹੋਈ ਹੋਣੀ ਚਾਹੀਦੀ ਹੈ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*
*ਅੰਗ - ੧੦੯੬*

ਕਹਿੰਦੇ ਠਹਿਰਨ ਦੀ ਥਾਂ ਨਹੀਂ ਹੈ ਇੱਥੇ, ਨਾ ਸਮਾਂ ਹੈ ਠਹਿਰਨ ਜੋਗਾ, ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਅੱਜ ਦੇ ਜਿਹੜੇ ਹਿਸਾਬਦਾਨ ਨੇ - ਅਸੀਂ ਸਕਿੰਟ ਨੂੰ ਵੱਡਾ ਗਿਣਦੇ ਹਾਂ, ਸੈਕਿੰਡ ਦਾ ਵੀ ਸੌਵਾਂ ਹਿੱਸਾ ਘੜੀਆਂ ਵਿਚ ਆ ਗਿਆ। ਇਕ ਦਮ ਪਤਾ ਲਗਦਾ ਹੈ ਕਿ ਸੌਵਾਂ ਹਿੱਸਾ ਲੰਘ ਗਿਆ ਸੈਕਿੰਡ ਦਾ। ਮਹਾਰਾਜ ਕਹਿੰਦੇ ਛਿਨ-ਛਿਨ ਕਰਕੇ ਤੇਰੀ ਉਮਰ ਲੰਘੀ ਜਾਂਦੀ ਹੈ। ਛਿਨ ਹੁੰਦਾ ਹੈ ਜੇ 15 ਛਿਨ ਹੋ ਜਾਣ ਤਾਂ ਇਕ ਸੈਕਿੰਡ ਬਣਦਾ ਹੈ। ਇਹ ਉਸ ਤੋਂ ਵੀ ਹੇਠਾਂ ਚਲੀ ਗਈ। ਜੇ ਉਸ ਤੋਂ ਵੀ ਹੇਠਾਂ ਸਮੇਂ ਨੂੰ ਕਰੋ ਤਾਂ ਉਸ ਤੋਂ ਵੀ ਹੇਠਾਂ ਹੈ। ਸਮਝ ਹੀ ਨਹੀਂ ਸਕਦੇ ਅਸੀਂ ਹਰ ਵਕਤ ਸਾਡਾ ਸਮਾਂ ਘਟਦਾ ਚਲਿਆ ਜਾ ਰਿਹਾ ਹੈ ਤੇ ਅਖੀਰ ਸਮਾਂ ਖਤਮ ਹੋ ਜਾਂਦਾ ਹੈ ਤੇ ਮੁੜ ਕੇ ਆਦਮੀ ਨੂੰ ਪਛਤਾਵਾ ਲੱਗ ਜਾਂਦਾ ਹੈ ਕਿ ਮੈਂ ਕੀ ਕਰ ਬੈਠਿਆ? ਮਸਾਂ ਮਨੁੱਖਾ ਜਨਮ ਪ੍ਰਾਪਤ ਹੋਇਆ ਸੀ ਤੇ ਇਸ ਵਿਚ ਮੈਂ ਵਿਸ਼ੇ ਵਿਕਾਰਾਂ ਵਿਚ ਪੈ ਗਿਆ, ਵੈਰ-ਵਿਰੋਧ ਵਿਚ ਪੈ ਗਿਆ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*
*ਅੰਗ - ੨੬੮*

ਸੋ ਜਦੋਂ ਸੁਚੇਤ ਹੋ ਕੇ ਵਧਦੇ ਹਾਂ ਕਿ ਅਗਲਾ ਜਨਮ ਨਹੀਂ ਲੈਣਾ। ਹੱਥ ਵਿਚ ਤਾਂ ਹੈ ਨਹੀਂ ਕਿਉਂਕਿ ਸਾਨੂੰ ਮਾਇਆ ਖਿੱਚੀ ਜਾਂਦੀ ਹੈ, ਤਕੜੀ ਬਹੁਤ ਹੈ ਇਹ। ਇਸਨੂੰ ਕੋਈ ਝੱਲ ਨਹੀਂ ਸਕਦਾ। ਕਹਿੰਦੇ ਜੇ ਸੱਚੇ ਨਾਮ ਨਾਲ ਚਿੱਤ ਲਗ ਜਾਵੇ ਫੇਰ ਉਸ ਦੇ ਨੇੜੇ ਨਹੀਂ ਆਉਂਦੀ ਇਹ। ਸੋ ਇਸ ਕਰਕੇ ਜੋ ਆਪ ਉਦਮ ਕਰਦੇ ਹੋ ਅੰਮ੍ਰਿਤ ਵੇਲੇ ਜਾਗਦੇ ਹੋ ਮਹਾਰਾਜ ਜੀ ਇਸ ਦਾ ਫਲ ਦੇਣ ਤੇ ਚਰਨਾਂ ਦੀ ਪ੍ਰੀਤੀ ਬਖਸ਼ਣ ਤੇ ਸਾਡਾ ਭਲਾ ਹੋਵੇ।

«««««««

# ਅਮਰ ਸ਼ਹੀਦ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ*

*ਨਾਰਾਇਨ ਨਰਪਤਿ ਨਮਸਕਾਰੈ ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥*
*ਕਵਨ ਕਵਨ ਕਵਨ ਗੁਨ ਕਹੀਐ*
*ਅੰਤੁ ਨਹੀ ਕਛੁ ਪਾਰੈ ॥*
*ਲਾਖ ਲਾਖ ਲਾਖ ਕਈ ਕੋਰੈ*
*ਕੋ ਹੈ ਐਸੋ ਬੀਚਾਰੈ ॥੧॥*
*ਬਿਸਮ ਬਿਸਮ ਬਿਸਮ ਹੀ ਭਈ ਹੈ*
*ਲਾਲ ਗੁਲਾਲ ਰੰਗਾਰੈ ॥*
*ਕਹੁ ਨਾਨਕ ਸੰਤਨ ਰਸੁ ਆਈ ਹੈ*
*ਜਿਉ ਚਾਖਿ ਗੂੰਗਾ ਮੁਸਕਾਰੈ ॥ ਅੰਗ - ੧੩੦੨*

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਘਰ ਦੇ ਅੰਦਰ ਸਾਰੀਆਂ ਕਥਾਵਾਂ ਨਿਰਾਰੀਆਂ, ਨਿਆਰੀਆਂ ਤੇ ਚਾਨਣ ਮੁਨਾਰਾ ਨੇ ਸਾਰੇ। ਜਿਨ੍ਹਾਂ ਕਰਕੇ ਗੁਰਸਿੱਖ ਡੋਲਦਾ ਨਹੀਂ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਭਾਰਤ ਸਮਾਜ ਨੂੰ ਚੰਗੀ ਤਰ੍ਹਾਂ ਦੇਖਿਆ ਪਰਖਿਆ ਕਿ ਵਜਹ ਕੀ ਹੈ, ਇਨ੍ਹਾਂ ਦਾ ਪੁਰਾਣਾ ਇਤਿਹਾਸ ਜਦੋਂ ਦੇਖਦੇ ਹਾਂ, ਬਹੁਤ ਪੁਰਾਣਾ, ਸ੍ਰੀ ਰਾਮ ਚੰਦਰ ਜੀ ਤੋਂ ਲੈ ਕੇ ਪਾਂਡਵਾਂ ਤਕ ਤਾਂ ਕੋਈ ਐਸੀ ਗੱਲ ਨਹੀਂ ਹੋਈ ਕਿ ਕਦੇ ਕੋਈ ਭਾਰਤ ਉਤੇ ਚੜ੍ਹ ਕੇ ਆਇਆ ਹੋਵੇ। ਜੇ ਯੁੱਧ ਹੋਏ ਨੇ ਤਾਂ ਬੜੇ ਲੰਮੇ ਯੁੱਧ ਹੋਏ ਨੇ ਜਿਨ੍ਹਾਂ ਰਾਖਸ਼ਾਂ ਤੇ ਦੇਵਤਿਆਂ ਦਾ ਯੁੱਧ ਆਖਿਆ ਜਾਂਦਾ ਸੀ। ਇਹ ਹਰ ਥਾਂ ਦੇ ਉਤੇ ਵਧਦੇ ਹੀ ਜਾਂਦੇ ਸੀ। ਇਨ੍ਹਾਂ ਦੀ ਤਾਲੀਮ ਸਾਰੀ ਦੁਨੀਆਂ ਦੇ ਫਿੱਟ ਆਉਂਦੀ ਸੀ। ਸਭਿਅਕ ਸੀ ਇਹ ਸਾਰੇ। ਪਰ ਗੁਰੂ ਦਸਵੇਂ ਪਾਤਸ਼ਾਹ ਵੇਲੇ, ਜਦੋਂ ਦੇ ਆਪ ਸੰਸਾਰ ਦੇ ਰੰਗ ਮੰਚ ਉਤੇ ਆਏ ਨੇ, ਮਹਾਰਾਜ ਜੀ ਨੇ ਕਿਹਾ -

***ਮੈ ਹੋ ਪਰਮ ਪੁਰਖ ਕੋ ਦਾਸਾ।***
***ਦੇਖਨ ਆਯੋ ਜਗਤ ਤਮਾਸਾ।***

ਉਸ ਵੇਲੇ ਹਾਲਾਤ ਬਿਲਕੁਲ ਬਦਲੇ ਹੋਏ ਸੀ, ਭਾਰਤ ਵਿਚ ਕੋਈ ਸਾਹ ਸਤਿ ਹੀ ਨਹੀਂ ਰਹਿ ਗਿਆ ਸੀ। ਕਹਾਣੀਆਂ ਸੀਗੀਆਂ, ਉਹਦੇ ਆਸਰੇ ਜੀਉਂਦੇ ਸੀ ਕਿ ਸਾਡੇ ਬਜ਼ੁਰਗ ਐਉਂ ਹੋਏ, ਸਾਡੇ ਅਰਜਨ ਐਉਂ ਹੋਇਆ, ਸਾਡੇ ਭੀਮ ਐਉਂ ਹੋਇਆ, ਲੇਕਿਨ ਵਿਚ ਕੁਛ ਹੈ ਨਹੀਂ ਸੀ, ਸਿਕੰਦਰ ਆਇਆ ਉਹਨੇ ਸਾਰਿਆਂ ਨੂੰ ਲੁੱਟ ਪੁਟ ਕੇ ਖਰਾਬ ਕਰ ਦਿਤਾ। ਹੋਰ ਕੌਮਾਂ ਆਈਆਂ ਪੱਛਮ ਦੇ ਵਿਚੋਂ, ਜਿਹੜਾ ਵੀ ਆਇਆ, ਖਤਮ ਹੀ ਕਰਦਾ ਤੁਰਿਆ ਗਿਆ। ਜੇ ਖਲੀਫੇ ਆਏ ਤਾਂ ਰਾਜਾ ਦਾਸ ਨੂੰ ਮਾਰ ਵੀ ਦਿਤਾ, ਲੜਕੀਆਂ ਵੀ ਉਹਦੀਆਂ ਲੈ ਆਏ, ਉਸ ਤੋਂ ਬਾਅਦ ਜਿਉਂ ਜਿਉਂ ਤੁਰੇ ਆਉਂਦੇ ਨੇ ਤਿਉਂ-ਤਿਉਂ ਇਥੇ ਦੇ ਬਹਾਦਰ ਸੂਰਮੇ ਜਿਹੜੇ ਸੀ, ਪ੍ਰਿਥਵੀ ਰਾਜ ਚੌਹਾਨ ਵਰਗੇ ਉਹ ਵੀ ਹਾਰਾਂ ਮੰਨ ਗਏ ਸੀ, ਰਾਜਪੂਤ ਰਾਜੇ ਸਾਰੇ ਹਾਰ ਮੰਨ ਗਏ, ਭਾਰਤ ਵਰਸ਼ ਦਾ ਬਹੁਤ ਬੁਰਾ ਹਾਲ ਹੋ ਗਿਆ, ਨਾ ਇਹਦੀ ਕੋਈ ਆਵਾਜ਼ ਰਹੀ, ਕੇਵਲ ਕਹਾਣੀਆਂ ਰਹਿ ਗਈਆਂ ਇਹਦੇ ਕੋਲ ਆਪਣੇ ਧਰਮ ਦੀਆਂ, ਪੁਰਾਣੀਆਂ ਕਥਾਵਾਂ ਰਹਿ ਗਈਆਂ ਕਿ ਸਾਡੇ ਬਜ਼ੁਰਗ ਐਉਂ ਸੀ, ਐਉਂ ਸੀ। ਇਨ੍ਹਾਂ ਸਭ ਚੀਜ਼ਾਂ ਦਾ ਗੁਰੂ ਮਹਾਰਾਜ ਜੀ ਨੇ ਅਧਿਐਨ ਕਰਾਇਆ। ਇਸਨੂੰ ਚੰਗੀ ਤਰ੍ਹਾਂ ਘੋਖਣ ਵਾਸਤੇ 52 ਤਾਂ ਕਵੀ ਆਪ ਦੇ ਪਾਸ ਸੀ, 50 ਲਿਖਾਰੀ ਸੀ। ਉਨ੍ਹਾਂ ਦਾ ਕੰਮ ਸੀ ਕਿ ਜਿੰਨੇ ਪੁਰਾਣੇ ਗ੍ਰੰਥ ਸੀਗੇ, ਉਹ ਸਾਰਿਆਂ ਦਾ ਅਨੁਵਾਦ ਕਰਦੇ ਸੀ, ਜੋ ਉਸ ਵੇਲੇ ਬੋਲੀ ਚਲ ਰਹੀ ਸੀ ਉਹਦੇ ਵਿਚ। ਲੇਕਿਨ ਉਹ ਗ੍ਰੰਥ ਸਾਡੇ ਤੱਕ ਨਹੀਂ ਪਹੁੰਚੇ। ਉਹ ਜਿਸ ਵਕਤ ਗੁਰੂ ਮਹਾਰਾਜ ਨੇ ਕਿਲ੍ਹਾ ਛੱਡਿਆ, ਸੋਨਾ ਵਗੈਰਾ ਤਾਂ ਸਾਰੇ ਦਰਿਆ ਵਿਚ ਸੁਟਾ ਦਿਤਾ, ਦੂਜੀਆਂ ਚੀਜ਼ਾਂ ਨੂੰ ਅੱਗ ਲਵਾ ਦਿਤੀ। ਲੇਕਿਨ ਪੁਸਤਕਾਂ ਲਵਾ ਦਿਤੀਆਂ ਗੱਡਿਆਂ 'ਚ। ਉਹ ਸਰਸੇ ਦੇ ਕੰਢੇ ਤੱਕ ਆਉਂਦੀਆਂ-ਆਉਂਦੀਆਂ ਸਾਰੀਆਂ ਖਰਾਬ ਹੋ ਗਈਆਂ, ਅੱਗ ਲਾ ਕੇ ਜਾਲ ਦਿਤੀਆਂ, ਕੁਛ ਪਾਣੀ 'ਚ ਡੁੱਬ ਗਈਆਂ, ਸੋ ਲਿਟਰੇਚਰ ਸਾਡੇ ਤੱਕ ਨਹੀਂ ਪਹੁੰਚਿਆ, ਐਨੀ ਮਿਹਨਤ ਕੀਤੀ ਹੋਈ। ਮਿਹਨਤ ਕਿੰਨੀ ਸੀ, ਮੰਗਲ ਕਵੀ ਚੰਭੇ ਦਾ, ਪਾਉਂਟੇ ਸਾਹਿਬ ਤੋਂ ਗੁਰੂ ਮਹਾਰਾਜ ਨੇ ਵਿਦਾ ਕੀਤਾ। ਉਹਨੇ ਮਹਾਂਭਾਰਤ ਦਾ 18ਵਾਂ ਪੂਰਵ ਲਿਖਿਆ ਸੀ, ਜਿਸ ਵਕਤ ਰਾਏਪੁਰ ਦੀ ਰਾਣੀ ਦੇ ਕੋਲੋਂ ਲੰਘਣ ਲੱਗਿਆ ਤਾਂ ਉਸ ਦੇ ਪਹਿਰੇਦਾਰਾਂ ਨੇ ਖਬਰ ਦਿਤੀ ਕਿ ਕੋਈ ਰਾਜਾ ਚੜ੍ਹਿਆ ਆ ਰਿਹਾ ਹੈ, ਦੋ ਸੌ ਘੋੜਾ ਹੈ ਉਹਦੇ ਕੋਲ। ਸਾਡੇ ਵਾਸਤੇ ਹੁਕਮ ਕੀ ਹੈ? ਉਸ ਨੇ ਕਿਹਾ ਕਿ ਸਾਨੂੰ ਕੋਈ ਦੁਸ਼ਮਣ

ਦੀ ਤਾਂ ਕੋਈ ਖਬਰ ਆਈ ਨਹੀਂ ਹੈ, ਮਿੱਤਰ ਹੈ ਤੁਸੀਂ ਫਾਇਰ ਕਰੋ ਜੇ ਉਹਨੇ ਚਿੱਟਾ ਝੰਡਾ ਕੱਢ ਦਿਤਾ ਫੇਰ ਉਹਦਾ ਆਦਰ ਸਤਿਕਾਰ ਕੀਤਾ ਜਾਵੇ। ਜਿਸ ਵਕਤ ਫਾਇਰ ਹੋਇਆ ਤਾਂ ਉਸ ਵਕਤ ਮੰਗਲ ਕਵੀ ਨੇ ਚਿੱਟਾ ਝੰਡਾ ਕੱਢਿਆ ਤੇ ਦੱਸਿਆ ਕਿ ਮੈਂ ਤਾਂ ਮਿੱਤਰ ਹਾਂ, ਦੁਸ਼ਮਣ ਨਹੀਂ ਹਾਂ। ਰਾਏਪੁਰ ਰਾਣੀ ਨੇ ਉਸਨੂੰ ਸਤਿਕਾਰ ਕਰਕੇ ਕਿਲ੍ਹੇ ਵਿਚ ਲੈ ਆਂਦਾ। ਉਹਨੇ ਕਿਹਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਲਿਖਾਰੀ ਹਾਂ ਤੇ ਮੇਰੇ ਤੇ ਕਿੰਨੀ ਕ੍ਰਿਪਾ ਕਰੀ ਹੈ ਕਿ ਦੋ ਸੌ ਘੋੜਾ ਮੇਰੇ ਨਾਲ ਭੇਜਿਆ ਹੈ। ਦੋ ਲੱਖ ਸੋਨੇ ਦੇ ਸਿੱਕੇ ਦਿਤੇ ਸੀ ਉਹਦੇ ਬਦਲੇ। ਇਥੋਂ ਪਤਾ ਲਗਦਾ ਹੈ ਕਿ ਗੁਰੂ ਮਹਾਰਾਜ ਕਿੰਨਾ ਲਿਟਰੇਚਰ ਸਾਡੇ ਤੱਕ ਲਿਆਉਣਾ ਚਾਹੁੰਦੇ ਸੀ।

ਸੋ ਸਾਰੀਆਂ ਗੱਲਾਂ ਦਾ ਅਧਿਐਨ ਕਰਿਆ ਏਸ ਗੱਲ ਨੂੰ ਜਾਨਣ ਵਾਸਤੇ ਕਿ ਭਾਰਤ ਵਿਚ ਹੋ ਕੀ ਗਿਆ? ਕਿਸ ਥਾਂ ਤੋਂ ਕਮਜ਼ੋਰੀ ਪੈਣੀ ਸ਼ੁਰੂ ਹੋਈ ਹੈ, ਕਦੋਂ ਪਈ ਹੈ? ਉਹਦੇ ਬਾਰੇ ਮੈਂ ਸੰਖੇਪ ਨਾਲ ਦੱਸਦਾਂ ਹਾਂ।

ਭਾਰਤ ਵਿਚ ਇਕ ਰਾਜਾ ਹੋਇਆ ਹੈ, ਤਕੜਾ ਹੋਇਆ ਹੈ ਉਸਦਾ ਨਾਂ ਹਰਸ਼ਵਰਧਨ ਸੀ। ਉਸ ਕੋਲ ਤਾਸ਼ਕੰਦ ਤੋਂ ਲੈ ਕੇ, ਅਫਗਾਨਿਸਤਾਨ ਵੀ ਉਹਦੇ ਕੋਲ ਸੀ, ਹੇਠਾਂ ਬਰਮਾ ਤਕ ਸੀ, ਸਾਊਥ ਦਾ ਰਾਜ ਬਹੁਤ ਤਕੜਾ ਹੋਣ ਕਰਕੇ ਉਥੇ ਨਹੀਂ ਸੀ ਉਹ ਜਾ ਸਕਿਆ। ਉਹਨੇ ਬ੍ਰਾਹਮਣਾਂ ਦੀਆਂ ਬਹੁਤ ਮੀਟਿੰਗਾਂ ਕਰੀਆਂ ਕਿ ਕਮਜ਼ੋਰੀ ਕਿਉਂ ਆ ਗਈ ਭਾਰਤ ਵਿਚ? ਕਿਥੇ ਕਮਜ਼ੋਰੀ ਆਈ ਹੈ? ਉਨ੍ਹਾਂ ਨੇ ਬਹੁਤ ਸਾਰੇ ਕਰਮ, ਧਰਮ, ਬੰਧਨ ਵਗੈਰਾ ਪਾਏ ਕਿ ਐਸ ਤਰ੍ਹਾਂ ਜੇ ਆਪਾਂ ਕਹਿ ਦੇਈਏ ਕਿ ਉਨ੍ਹਾਂ ਨੇ ਸਾਰੀ ਪਬਲਿਕ ਨੂੰ ਆਪਣੇ ਹੱਥ ਵਿਚ ਲੈ ਲਿਆ ਤਾਂ ਇਹ ਕੋਈ ਗਲਤ ਗੱਲ ਨਹੀਂ ਹੈ। ਗੁਰੂ ਮਹਾਰਾਜ ਵੇਲੇ ਮਨੁੱਖ ਦੇ ਚਾਰ ਟੁਕੜੇ ਹੋ ਚੁੱਕੇ ਸੀ। ਇਕ ਵਰਗ ਤਾਂ ਉਹ ਸੀ ਜਿਹਨੂੰ ਸਭ ਤੋਂ ਮੁੱਖ ਵਰਗ ਆਖਿਆ ਜਾਂਦਾ ਹੈ, ਉਹ ਬ੍ਰਾਹਮਣ ਦਾ ਸੀ। ਉਹਦਾ ਕੰਮ ਸੀਗਾ ਜਗ ਕਰਨਾ, ਕਰਾਉਣਾ, ਵੇਦ ਪੜ੍ਹਨੇ, ਪੜ੍ਹਾਉਣੇ, ਦਾਨ ਦੇਣਾ, ਦਾਨ ਲੈਣਾ, ਛੇ ਕਰਮ ਦੇ ਵਿਚ ਉਹ ਸੰਤੁਸ਼ਟ ਸੀ। ਉਹਦਾ ਦੇਸ਼ ਨਾਲ ਕੋਈ ਵਾਸਤਾ ਨਹੀਂ ਸੀ। ਨਾ ਉਹ ਸ਼ਸਤਰ ਚੁੱਕਦਾ ਸੀ, ਨਾ ਉਹ ਕੋਈ ਕਿਰਤ ਕਰਦਾ ਸੀ, ਵਿਹਲੇ ਸੀ, ਬੰਨ੍ਹੀਆਂ ਹੋਈਆਂ ਚੀਜ਼ਾਂ ਆ ਜਾਂਦੀਆਂ ਸੀ, ਉਨ੍ਹਾਂ ਨਾਲ ਉਹਦਾ ਗੁਜ਼ਾਰਾ ਬਹੁਤ ਵਧੀਆ ਚਲਦਾ ਸੀ। ਦੂਸਰਾ ਵਰਗ ਭਾਰਤ ਵਿਚ ਉਹ ਸੀ, ਜਿਹਦੇ ਜਿੰਮੇ ਦੇਸ਼ ਦੀ ਰਾਖੀ ਆਈ ਹੋਈ ਸੀ, ਜਿਨ੍ਹਾਂ ਦਾ ਕੰਮ ਹੀ ਇਹੀ ਸੀ ਕਿ ਕੋਈ ਖੇਤੀ ਨਹੀਂ ਕਰਨੀ, ਕੋਈ ਬਿਜਨਸ਼ ਨਹੀਂ ਕਰਨੀ, ਕੇਵਲ ਦੇਸ਼ ਦੀ ਰਾਖੀ ਵਾਸਤੇ ਆਪਣੇ ਆਪ ਨੂੰ ਤਿਆਰ ਕਰਦੇ ਰਹਿਣਾ, ਸ਼ਸ਼ਤਰ ਚਲਾਉਣੇ ਸਿਖਣੇ ਨੇ ਤੇ ਹਰ ਵਕਤ ਚੌਕਸ ਰਹਿਣਾ ਹੈ। ਜਦੋਂ ਲੋੜ ਪਵੇ ਤਾਂ ਆਪਣਾ ਸਰੀਰ ਦੇ ਦੇਣਾ ਹੈ। ਉਸ ਵਰਗ ਵਿਚ ਇਹ ਸੀ ਕਿ ਅੱਗੇ ਨੂੰ ਹੋ ਕੇ ਤਾਂ ਸ਼ਹੀਦ ਹੋਵੇ, ਪਿੱਛੇ ਨਾ ਰਹੇ, ਨੱਠੇ ਨਾ ਪਿੱਠ ਦੇ ਕੇ। ਉਨ੍ਹਾਂ ਨੂੰ ਕਹਿੰਦੇ ਸੀ ਕਸ਼ਤਰੀ। ਖੇਤੀ-ਪੱਤੀ ਉਹ ਨਹੀਂ ਸੀ ਕਰਦਾ, ਕੰਮ ਨਹੀਂ ਸੀ ਕੋਈ ਕਰਦਾ, ਜ਼ਮੀਨ ਦਾ ਉਹ ਮਾਲਕ ਸੀ। ਖੇਤੀ ਕਰਨ ਵਾਲੇ ਜੋ ਸੀ ਉਹ ਖਾਸ ਹਿੱਸਾ ਉਸ ਨੂੰ ਦਿਆ ਕਰਦੇ ਸੀ, ਉਹਦੀ ਪਾਲਣਾ ਕਰਿਆ ਕਰਦੇ ਸੀ। ਮਹਾਰਾਜ ਕਹਿੰਦੇ ਉਸ ਨੇ ਵੀ ਆਪਣਾ ਧਰਮ ਛੱਡ ਦਿਤਾ। ਉਨ੍ਹਾਂ ਦੀ ਬੋਲੀ ਬੋਲਣ ਲਗ ਗਏ, ਉਨ੍ਹਾਂ ਦੇ ਅਸਰ ਹੇਠ ਆ ਕੇ ਆਪਣਾ ਜੋ ਧਰਮ ਸੀ ਉਹ ਛੱਡ ਬੈਠੇ, ਹੁਣ ਦੇਸ਼ ਦੀ ਰਾਖੀ ਕੌਣ ਕਰੇ, ਉਹ ਤਾਂ ਵਰਗ ਵਹਿ ਗਿਆ ਪਾਣੀ 'ਚ। ਤੀਸਰਾ ਜੋ ਵਰਗ ਸੀ ਉਹ ਸੀ ਦੇਸ਼ ਦੀ ਜਨਤਾ ਨੂੰ ਸੰਭਾਲਣ ਵਾਲਾ। ਜਿਹੜੇ ਬਿਜਨਸਾਂ ਕਰਦੇ ਸੀ, ਖੇਤੀਬਾੜੀਆਂ ਕਰਾਉਂਦੇ ਸੀ, ਹੋਰ ਜਿੰਨਾਂ ਵਰਗ ਹੁੰਦਾ ਸਭ ਐਸ਼ ਕਰਦਾ ਸੀ। ਉਹ ਪੈਸਾ ਕਮਾ ਕੇ ਬ੍ਰਾਹਮਣ ਨੂੰ ਵੀ ਦਿੰਦਾ ਸੀ, ਖਤਰੀ ਨੂੰ ਵੀ ਦਿੰਦਾ ਸੀ, ਆਪ ਵੀ ਖਾਂਦਾ ਸੀ ਤੇ ਸ਼ੂਦਰ ਨੂੰ ਵੀ ਦਿੰਦਾ ਸੀ। ਸ਼ੂਦਰ ਵਾਸਤੇ ਉਹਦੀ ਕਮਾਈ ਦੇ ਵਿਚ reserveation ਸੀ ਕਿ ਭਾਈ ਆਹ ਦਾਣੇ ਇਹਨੇ ਲੈਣੇ ਨੇ ਮਣ ਪਿਛੇ, ਅੱਧ ਕਿਲੋ ਇਹਨੇ ਲੈਣੇ ਨੇ, ਇਕ ਵਰਗ ਦੇ ਉਤੇ ਸਾਰਾ ਬੋਝ ਸੀ ਭਾਰਤ ਦਾ। ਚੌਥਾ ਵਰਗ ਸੀ ਜਿਹਨੇ ਕੋਈ ਵਰਗ ਨਹੀਂ ਕਰਨਾ, ਉਹਨੇ ਸਿਰਫ ਉਨ੍ਹਾਂ ਦੇ ਆਦੇਸ਼ਾਂ ਦੀ ਪਾਲਣਾ ਕਰਨੀ ਹੈ, ਜਿਹੜੇ ਤਿੰਨ ਪਹਿਲੇ ਵਰਗ ਨੇ। ਉਹਦੇ ਕੋਲ ਕੋਈ ਜਾਇਦਾਦ ਨਹੀਂ ਸੀ ਹੁੰਦੀ, ਜੋ ਉਹਨੂੰ ਦਿੰਦੇ ਸੀ ਖਾ ਲੈਂਦਾ ਸੀ, ਦੇਸ਼ ਨਾਲ ਉਹਦਾ ਕੋਈ intrest ਨਹੀਂ ਸੀ। ਉਨ੍ਹਾਂ ਦਾ ਇਹ ਸੀ ਭੇਡਾਂ ਨੇ ਤਾਂ ਉੱਨ ਲਹਾਉਣੀ ਹੀ ਹੈ, ਚਾਹੇ ਕੋਈ ਮਦਦ ਕਰ ਦੇਵੇ। ਐਸੀ ਅਧੋਗਤੀ ਗੁਰੂ ਦਸ਼ਮੇਸ਼ ਪਿਤਾ ਦੇ ਸਾਮ੍ਹਣੇ ਸੀ। ਬੜਾ ਜ਼ਬਰਦਸਤ ਅਧਿਐਨ ਕਰਿਆ। ਉਸ ਵੇਲੇ ਇਹ ਫੈਸਲਾ ਲਿਆ ਗਿਆ ਕਿ ਜਿੰਨਾ ਚਿਰ ਇਹ ਦੀਵਾਰਾਂ ਟੁੱਟਦੀਆਂ ਨਹੀਂ ਨਾ ਹਨ, ਇਕ ਮਨੁੱਖ ਨੂੰ ਹੀ ਨਹੀਂ ਕਾਬਲ ਬਣਾਇਆ ਜਾਂਦਾ, ਉਹੀ ਮਨੁੱਖ ਵਿਦਵਾਨ ਹੋਵੇ, ਉਹੀ ਸ਼ਸ਼ਤਰਧਾਰੀ ਹੋਵੇ, ਤੇ ਉਹੀ ਕਿਰਤ ਕਰਦਾ ਹੋਵੇ, ਉਹੀ ਸੇਵਾ ਕਰਦਾ ਹੋਵੇ, ਓਨੀਂ ਦੇਰ ਤੱਕ ਭਾਰਤ ਦੀ ਕਲਿਆਣ ਨਹੀਂ ਹੋ ਸਕਦੀ। ਇਹ ਆਦਰਸ਼ ਗੁਰੂ ਮਹਾਰਾਜ ਨੇ, ਨੌਂ ਮਹੀਨੇ ਆਪ ਰਹੇ ਨੈਣਾਂਦੇਵੀ, ਉਸ ਥਾਂ ਦੇ ਉਤੇ ਚਿਤਰਿਆ। ਅਕਾਲ ਪੁਰਖ ਤੋਂ ਇਹਦੀ ਮਨਜ਼ੂਰੀ ਆਈ ਤੇ ਇਹ ਖਾਲਸੇ ਦੇ ਰੂਪ ਵਿਚ ਪ੍ਰਗਟ ਹੋਇਆ। ਖਾਲਸਾ

ਬ੍ਰਾਹਮਣ ਵੀ ਹੈ, ਖਾਲਸਾ ਖਤਰੀ ਵੀ ਹੈ, ਖਾਲਸਾ ਕਿਰਤੀ ਵੀ ਹੈ, ਖਾਲਸਾ ਸੇਵਾਦਾਰ ਵੀ ਹੈ। ਇਹ ਜੋੜੇ ਵੀ ਝਾੜ ਸਕਦਾ ਹੈ, ਪੱਖੇ ਵੀ ਝੱਲ ਸਕਦਾ ਹੈ, ਪਾਣੀ ਵੀ ਪਿਲਾ ਸਕਦਾ, ਸੇਵਾ ਕਰ ਸਕਦਾ ਹੈ, ਬੀਮਾਰਾਂ ਦੀ ਵੀ ਸੇਵਾ ਕਰ ਸਕਦਾ ਹੈ, ਵਣਜ ਵਪਾਰ ਕਰ ਸਕਦਾ ਹੈ, ਸਾਰੀ ਕਾਲੋਨੀ ਨੂੰ ਇਹ ਸਹੀ ਰੱਖ ਸਕਦਾ ਹੈ। ਫੇਰ ਲੋੜ ਪੈਣ ਤੇ ਯੋਧਾ ਵੀ ਹੈ, ਦੇਸ਼ ਦੀ ਬੇਇਜ਼ਤੀ ਨਹੀਂ ਕਰਾ ਸਕਦਾ, ਸਹਿ ਨਹੀਂ ਸਕਦਾ ਇਹ, ਤੇ ਫੇਰ ਵਿਦਵਾਨ ਹੈ। ਵਿਦਵਾਨਾਂ ਤੱਕ ਤਾਂ ਮਨੁੱਖ ਹੁੰਦਾ ਹੈ ਮਨੁੱਖ, ਲੇਕਿਨ ਗੁਰੂ ਮਹਾਰਾਜ ਨੇ ਇਸਨੂੰ ਇਸ ਤੋਂ ਵੀ ਉਚਾ ਚੁੱਕਿਆ। ਰਿਸ਼ੀਆਂ ਮੁਨੀਆਂ ਤੋਂ ਵੀ ਉਚਾ ਚੁੱਕਿਆ ਤੇ ਲੈ ਕਿੱਥੇ ਗਏ। ਇਸ ਮਨੁੱਖ ਨੂੰ ਵਾਹਿਗੁਰੂ ਬਣਾ ਦਿਤਾ।

ਆਹ ਜਿਹੜੀ ਮੈਂ ਗੱਲ ਕਹਿੰਦਾ ਹਾਂ ਨਾ ਇਹ ਬੜੀ ਵਿਚਾਰ ਕਰਕੇ ਫੇਰ ਸਮਝ ਵਿਚ ਪੈਂਦੀ ਹੈ।

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ***
***ਅੰਗ - ੧੩੬੯***

ਉਹਦੇ ਵਾਸਤੇ ਗੁਰੂ ਮਹਾਰਾਜ ਨੇ ਅੰਮ੍ਰਿਤ ਤਿਆਰ ਕਰਿਆ, ਪੰਜ ਸੀਸ ਲਏ। ਸਾਡੇ ਜਿਹੜੇ ਲਿਖਾਰੀ ਨੇ, ਪਤਾ ਨਹੀਂ ਵਾਹਿਗੁਰੂ ਜਾਣੇ, ਉਨ੍ਹਾਂ ਦੇ ਅੰਦਰ ਕਿਉਂ ਕਮਜ਼ੋਰੀਆਂ ਆਉਂਦੀਆਂ ਨੇ ਕਿ ਪਹਿਲੀ ਗੁਰੂ ਸਾਹਿਬ ਨੇ ਆਵਾਜ਼ ਦਿਤੀ ਤਾਂ ਉਠਿਆ ਨਾ ਕੋਈ, ਸਾਰੇ ਇਕ ਦੂਜੇ ਵਲ ਦੇਖਦੇ ਰਹੇ, ਫੇਰ ਆਵਾਜ਼ ਦਿਤੀ, ਫੇਰ ਆਵਾਜ਼ ਦਿਤੀ। ਸਾਧਸੰਗਤ ਜੀ! ਐਹੋ ਜਿਹੀ ਗੁਰਸਿੱਖੀ ਸੀ ਇਨ੍ਹਾਂ ਲਿਖਾਰੀਆਂ ਦੇ ਮੁਤਾਬਿਕ ਉਸ ਵੇਲੇ? ਜਿਹਨੂੰ ਦੇਹ ਅਧਿਆਸ ਹੀ ਨਹੀਂ ਦੋ ਸੌ ਸਾਲ ਦੀ ਤਾਲੀਮ ਦੇ ਨਾਲ, ਜਿਹਨੇ ਮੌਤ ਦੇ ਉਤੇ ਫਤਹਿ ਹੀ ਨਹੀਂ ਪਾਈ, ਦੋ ਸੌ ਸਾਲ ਉਹ ਕਾਹਦੀ ਤਾਲੀਮ ਹੈ?

ਪਰ ਐਸਾ ਨਹੀਂ ਸੀ ਸਾਧਸੰਗਤ ਜੀ। ਗੁਰੂ ਮਹਾਰਾਜ ਨੇ ਆਵਾਜ਼ ਦਿਤੀ ਤਾਂ ਇਕ ਦਮ ਉਠਣੇ ਸ਼ੁਰੂ ਹੋ ਗਏ, ਜਦੋਂ ਪੰਜ ਹੋ ਗਏ, ਗੁਰੂ ਮਹਾਰਾਜ ਨੇ ਬੰਦ ਕਰ ਦਿਤਾ। ਫੇਰ ਇਹ ਸੀਗਾ ਕਿ ਲਕੋਅ ਨਹੀਂ ਕਰਿਆ ਕੋਈ। ਕਮਜ਼ੋਰ ਬੰਦੇ ਲਿਖਦੇ ਨੇ ਕਿ ਗੁਰੂ ਮਹਾਰਾਜ ਜੀ ਤੰਬੂ ਵਿਚ ਲੈ ਗਏ, ਉਥੇ ਆਦਮੀ ਦੀ ਥਾਂ ਤੇ ਬੱਕਰਾ ਵੱਢ ਦਿਤਾ, ਐਸਾ ਨਹੀਂ ਸੀ ਇਹ ਪ੍ਰਤੱਖ ਸੀ ਸਾਰਿਆਂ ਦੇ ਸਾਮ੍ਹਣੇ, ਸੀਸ ਲੈ ਲਿਆ, ਦੂਜਾ ਦੇਣ ਨੂੰ ਤਿਆਰ ਹੋ ਗਿਆ, ਤੀਜਾ ਦੇਣ ਨੂੰ ਤਿਆਰ ਹੋ ਗਿਆ। ਉਸ ਵੇਲੇ ਸਿੱਖੀ ਜਿਹੜੀ ਸੀ ਉਹ ਦੇਹ ਅਧਿਆਸ ਤੋਂ ਉਤੇ ਲੰਘ ਚੁੱਕੀ ਸੀ ਗੁਰੂ ਦਸਵੇਂ ਪਾਤਸ਼ਾਹ ਵੇਲੇ ਤੱਕ। ਦੇਹ ਤੋਂ ਉਚੇ ਲੰਘ ਕੇ ਆਤਮਾ ਦੀ ਪਛਾਣ ਕਰ ਚੁੱਕੇ ਸੀ ਕਿ ਆਤਮਾ ਮਰਦੀ ਨਹੀਂ ਹੈ ਕਦੇ ਵੀ। ਸੋ ਐਸਿਆਂ ਨੂੰ ਗੁਰੂ ਮਹਾਰਾਜ ਨੇ ਆਪ ਆਪਣੇ ਦਸਤ-ਏ-ਮੁਬਾਰਕ ਨਾਲ, ਉਹ ਜਲ ਪਿਲਾਇਆ ਜਿਸਨੂੰ ਪਾਹੁਲ ਕਹਿੰਦੇ ਨੇ ਤੇ ਅਸੀਂ ਅੰਮ੍ਰਿਤ ਕਹਿੰਦੇ ਹਾਂ। ਉਹ ਕੇਵਲ ਜਲ ਨਹੀਂ ਸੀ, ਜਲ ਦੇ ਵਿਚ ਪਤਾਸੇ ਤਾਂ ਬਾਅਦ ਵਿਚ ਪਾਏ ਨੇ, ਉਹਦੇ ਵਿਚ ਬਾਣੀ ਪੜ੍ਹੀ ਗਈ।

ਹੁਣ ਇਹਦੇ ਬਾਰੇ ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ, ਬਾਣੀ ਜਿਹੜੀ ਹੈ ਇਹਦਾ ਅਸਰ ਹੁੰਦਾ ਹੈ, ਜਦੋਂ ਪੜ੍ਹਦੇ ਹਾਂ। ਮੈਨੂੰ ਸੈਂਕੜੇ ਤਜਰਬੇ ਨੇ ਇਸ ਚੀਜ਼ ਦੇ ਕਿ ਜਦੋਂ ਸ਼ਬਦ ਜਲ ਦੇ ਉਤੇ ਪੜ੍ਹਿਆ ਕਿਸੇ ਨੇ, ਆਪਣੀ ਦੇਹ ਅਰੋਗਤਾ ਵਾਸਤੇ, ਸੰਕਟ ਵਾਸਤੇ, ਉਹ ਰਾਜ਼ੀ ਹੋ ਗਿਆ, ਬਗੈਰ ਦਵਾਈ ਤੋਂ। ਇਹ ਗੱਲ ਜਦੋਂ ਮੈਡੀਕਲ ਕਾਲਜ ਦੀ ਬੁਨਿਆਦ ਰਖਾਈ ਡਾ. ਸਵਾਮੀ ਰਾਮ ਜੀ ਨੇ ਜੌਲੀ ਗ੍ਰਾਂਟ ਵਿਚ। ਉਥੇ ਅਮਰੀਕਾ ਦੇ ਡਾਕਟਰ ਵੀ ਆਏ ਸੀ, ਇੰਗਲੈਂਡ ਦੇ ਵੀ ਆਏ ਸੀ, ਸਾਰੇ ਡਾਕਟਰ ਬੁਲਾਏ ਸੀ। ਉਥੇ ਮੈਂ ਦੱਸਿਆ ਕਿ 'ਸਰਬ ਰੋਗ ਕਉ ਅਉਖਧੁ ਨਾਮ" ਗੁਰੂ ਮਹਾਰਾਜ ਨੇ ਦਵਾਈ ਅੰਦਰ ਰੱਖੀ ਹੋਈ ਹੈ।

***ਹਰਿ ਅਉਖਧੁ ਸਭ ਘਟ ਹੈ ਭਾਈ ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥***
***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ ॥***
***ਅੰਗ - ੨੫੯***

ਫੇਰ ਮੈਂ ਮਿਸਾਲਾਂ ਦਿਤੀਆਂ ਪੀ.ਜੀ.ਆਈ 'ਚ। ਕਿ ਤੁਹਾਡੇ ਕੋਲ ਕਾਰਡ ਨੇ, ਤੁਸੀਂ ਦੇਖੋ ਕਿ ਇਹ ਬੰਦਾ ਕਿਵੇਂ ਰਾਜ਼ੀ ਹੋ ਗਿਆ ਤੁਹਾਡੇ ਜਵਾਬ ਦਿਤੇ ਹੋਏ 'ਚ। ਤੁਸੀਂ ਕਿਹਾ ਹੈ ਕਿ ਟੀ.ਬੀ. ਤੀਸਰੀ ਸਟੇਜ ਤੇ ਪਹੁੰਚ ਚੁੱਕੀ ਹੈ ਤੇ ਬੰਦਾ 10 ਦਿਨ ਤੋਂ ਬਾਅਦ ਰਹਿਣਾ ਨਹੀਂ ਹੈ, ਫੇਰ ਉਹ ਸਿੰਘ ਨਹੀਂ ਹੈ, ਭਈਆ ਸੀ। ਬਾਣੀ ਉਸਨੂੰ ਦੱਸਿਆ ਕਿ ਜਪੁਜੀ ਸਾਹਿਬ ਪੜ੍ਹ। ਵਿਧੀ ਦੱਸ ਦਿਤੀ। ਮਹੀਨੇ ਬਾਅਦ ਮੇਰੇ ਕੋਲ ਆ ਗਿਆ। ਕਹਿੰਦਾ, ਜੀ ਮੈਂ ਪੀ.ਜੀ.ਆਈ ਜਾ ਕੇ ਆਇਆ ਹਾਂ, ਮੈਂ ਐਕਸਰੇ ਲੈ ਗਿਆ ਸੀ, ਡਾ. ਮੰਨਦੇ ਹੀ ਨਹੀਂ ਕਿ ਤੇਰਾ ਐਕਸਰੇ ਹੈ। ਪਹਿਲਾਂ ਮੈਂ ਕਾਸ਼ੀ ਇਲਾਜ ਕਰਾਇਆ, ਫੇਰ ਮੈਂ ਇਥੇ ਕਰਾਇਆ। ਉਹ ਹੋਇਆ ਕੀ, ਬਾਣੀ ਦੇ ਵਿਚ ਐਨੀ ਤਾਕਤ ਆ ਜਾਂਦੀ ਹੈ ਕਿ ਸਾਧਸੰਗਤ ਜੀ, ਉਹ ਕ੍ਰਿਸ਼ਮੇ ਬਣ ਜਾਂਦਾ ਹੈ। ਇਸ ਗੱਲ ਦੀ ਸਾਨੂੰ ਅਜੇ ਸਮਝ ਨਹੀਂ ਆਈ, ਭੇਤ ਨਹੀਂ ਆਇਆ। ਅਸੀਂ ਅੰਮ੍ਰਿਤ ਨੂੰ ਸਮਝਦੇ ਹਾਂ ਕਿ ਮਿੱਠਾ ਕਰਿਆ ਹੋਇਆ ਪਾਣੀ ਹੈ। ਮਿੱਠਾ ਪਾਣੀ ਨਹੀਂ ਹੁੰਦਾ ਉਹ, ਬਾਣੀ ਦਾ ਜਿਹੜਾ ਤੇਜ ਹੈ ਉਹ en-

ter ਕਰਿਆ ਹੋਇਆ ਹੈ। ਸੋ ਓਸਨੂੰ ਅਸੀਂ ਅੰਮ੍ਰਿਤ ਵੀ ਕਹਿੰਦੇ ਹਾਂ।

*ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*

**ਭਾਈ ਗੁਰਦਾਸ ਜੀ ਵਾਰ 41/1**

ਐਸਾ ਕ੍ਰਿਸ਼ਮਾ ਕੀਤਾ ਗੁਰੂ ਮਹਾਰਾਜ ਜੀ ਨੇ ਕਿ ਮੰਤਰਿਆ ਹੋਇਆ ਜੋ ਜਲ ਸੀ ਉਸਨੇ ਹੀ ਮਨੁੱਖ ਦੀ ਕਾਇਆ ਕਲਪ ਕਰ ਦਿਤੀ। ਬ੍ਰਾਹਮਣ ਨੂੰ ਖਤਰੀ ਬਣਨ ਦਾ ਚਾਉ ਉਠਿਆ, ਖਤਰੀ ਨੂੰ ਵੈਸ਼ ਤੇ ਵੈਸ਼ ਨੂੰ ਸੇਵਾਦਾਰ ਦਾ। ਇਹ ਇਕ ਬੜੀ ਭਾਰੀ ਕਰਾਮਾਤ ਸੀ –

*ਉਲਟਾ ਖੇਲ ਪਿਰੰਮ ਕਾ, ਪੈਰਾ ਉਪਰ ਸੀਸ ਨਿਵਾਇਆ।*

ਸ਼ੂਦਰ ਨੂੰ ਚੁੱਕ ਕੇ ਸਿਰ ਤੇ ਲੈ ਗਏ, ਬ੍ਰਾਹਮਣ ਤੋਂ ਵੀ ਉਚਾ ਕਰ ਦਿਤਾ, ਸੇਵਾ ਦੀ ਵਡਿਆਈ ਐਨੀ ਕਰੀ ਮਹਾਰਾਜ ਨੇ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ – ੨੬*

ਸੇਵਾਦਾਰ ਨੂੰ ਐਨਾ ਉਚਾ ਕਰਿਆ ਕਿ –

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ – ੧੦੭੬*

ਸਮਾਜ ਨੂੰ ਇਕ ਵਰਗ ਕਰ ਦਿਤਾ, ਇਕ ਮਨੁੱਖ ਦੇ ਵਿਚ ਮੁਕੰਮਲ ਕਰ ਦਿਤਾ, ਜਿਹੜਾ ਕਿ ਸਦੀਆਂ ਤੋਂ ਫਟਿਆ ਹੋਇਆ ਸੀ ਤੇ ਐਸੇ ਬਾਨਣੂੰ ਬੰਨ੍ਹ ਦਿਤੇ ਗਏ ਸੀ ਹਰੀਸ਼ਚੰਦਰ ਜਿਹੜਾ ਰਾਜਾ ਹੋਇਆ, ਬ੍ਰਾਹਮਣਾਂ ਨੇ ਬੈਠ-ਬੈਠ ਕੇ ਬਣਾ ਲਏ ਸੀ ਕਿ ਸਾਡਾ ਹੀ ਗਲਬਾ ਰਹੇ, ਲੇਕਿਨ ਏਸ ਵਿਚੋਂ ਕੇਵਲ ਗੁਰੂ ਮਹਾਰਾਜ ਕੱਢ ਸਕੇ, ਹੋਰ ਕਿਸੇ ਤੋਂ ਨਿਕਲ ਨਾ ਸਕਿਆ ਤੇ ਉਨ੍ਹਾਂ ਨੇ ਦੱਸਿਆ ਕਿ ਜਿਹੜਾ ਅਸੀਂ ਅੰਮ੍ਰਿਤ ਪਿਲਾਇਆ ਹੈ ਨਾ ਤੁਹਾਨੂੰ, ਅੰਮ੍ਰਿਤ ਨੂੰ ਦੇਖੋ ਇਹ ਹੈਗਾ ਬਾਹਰਲਾ, ਲੇਕਿਨ ਅੰਮ੍ਰਿਤ ਤੁਹਾਡੇ ਅੰਦਰ ਹੈ, ਉਸ ਅੰਮ੍ਰਿਤ ਤੱਕ ਪਹੁੰਚਣ ਵਾਸਤੇ ਜ਼ਰੂਰੀ ਹੈ। ਜਿਸ ਤਰ੍ਹਾਂ ਟਿਊਬਵੈਲ ਅਸੀਂ ਲਾਈਏ, ਸਾਨੂੰ ਪਤਾ ਹੈ ਕਿ ਧਰਤੀ 'ਚ ਪਾਣੀ ਹੈ, ਬੋਰ ਕਰ ਦਿਤਾ, ਫੇਰ ਉਹਦੇ ਵਿਚ ਫਿਲਟਰ ਪਾ ਦਿਤਾ, ਫੇਰ ਵਾਲ ਲਾ ਦਿਤਾ, ਮੋਟਰ ਲਾ ਦਿਤੀ, ਮੋਟਰ ਦਾ ਸੂਟਾ ਮਰਵਾਇਆ, ਪਾਣੀ reflex wall ਤਕ ਤਾਂ ਆ ਸਕਦਾ ਹੈ ਪਰ ਉਸ ਤੋਂ ਅੱਗੇ ਨਹੀਂ ਆ ਸਕਦਾ। ਉਹਨੂੰ ਬਾਹਰ ਲਿਆਉਣ ਵਾਸਤੇ ਤੁਹਾਨੂੰ ਬਾਹਰੋਂ ਪਾਣੀ ਪਾਉਣ ਦੀ ਲੋੜ ਹੈ, ਜਦੋਂ ਬਾਹਰੋਂ ਪਾਣੀ ਪਾਵਾਂਗੇ, ਪਾਣੀ ਦੀ ਜਿਹੜੀ ਡੂੰਘਿਆਈ ਹੈ, ਉਤੇ ਆਉਂਦੀ ਜਾਏਗੀ, ਜਿਸ ਵਕਤ ਉਹ ਬਾਹਰ ਆ ਗਿਆ, ਮੁੜ ਕੇ ਪਾਣੀ ਨਹੀਂ ਸੁੱਕੇਗਾ। ਬਾਹਰਲਾ ਪਾਣੀ ਜਿਹੜਾ ਹੈ ਉਹ ਅੰਦਰਲੇ ਪਾਣੀ ਨੂੰ ਜਾ ਰਿਹਾ ਹੈ। ਇਸੇ ਤਰ੍ਹਾਂ ਦੇ ਨਾਲ ਇਹ ਜਿਹੜੀਆਂ ਰਹਿਤਾਂ ਦਸਦੇ ਨੇ ਪੰਜ ਪਿਆਰੇ ਕਿ ਆਹ ਰਹਿਤ ਹੈ, ਐਨੀ ਬਾਣੀ ਪੜ੍ਹਨੀ ਹੈ, ਐਨਾ ਨਾਮ ਜਪਣਾ ਹੈ, ਇਹਨੇ ਕਰਨਾ ਕੀ ਹੈ ਜਿਹੜਾ ਸਾਡੇ ਅੰਦਰ ਨਾਮ ਪਿਆ ਹੈ ਨਾ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*

**ਅੰਗ- ੨੯੩**

ਏਸ ਨੇ ਓਸ ਦੇ ਨਾਲ touch ਕਰ ਜਾਣਾ ਹੈ ਜਦੋਂ touch ਕਰਕੇ ਇਹ ਬਾਹਰ ਆਇਆ, ਅੰਮ੍ਰਿਤ ਦੀਆਂ ਫੇਰ ਫੁਹਾਰਾਂ ਲਗ ਜਾਣਗੀਆਂ।

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ – ੫੩੮*

ਜਿੰਨਾ ਚਿਰ ਇਹ ਗੁਰੂ ਦੀ ਮਤ ਧਾਰਨ ਨਹੀਂ ਕਰਦਾ, ਓਨੀਂ ਦੇਰ ਤੱਕ ਅੰਦਰ ਜੋ ਅੰਮ੍ਰਿਤ ਦਾ ਕੁੰਡ ਹੈ ਓਸ ਤੱਕ ਨਹੀਂ ਪਹੁੰਚ ਸਕਦਾ। ਉਹਦੇ ਤੱਕ ਪਹੁੰਚਣ ਤੱਕ, ਜਿਹੜੀ ਮੈਂ ਬਾਹਰਲੀ ਕਿਰਿਆ ਦੱਸੀ ਹੈ, ਉਹ ਕਰਨੀ ਹੀ ਪੈਂਦੀ ਹੈ, ਬਾਹਰੋਂ ਮੰਤਰ ਮਿਲਦਾ ਹੈ –

*ਵਾਹਿਗੁਰੂ ਗੁਰਮੰਤਰ ਹੈ ਜਪ ਹਉਮੈ ਖੋਈ॥*

**ਭਾਈ ਗੁਰਦਾਸ ਜੀ**

ਨਾਮ ਨਹੀਂ ਮਿਲਦਾ। ਜੇ ਕਿਸੇ ਦਾ ਖਿਆਲ ਹੋਵੇ ਕਿ ਮੈਂ 'ਨਾਮ' ਲੈ ਲਿਆ ਜੀ। ਨਾਮ ਤੁਹਾਡੇ ਅੰਦਰ ਪਿਆ ਹੈ, ਪਰੀਪੂਰਨ ਹੈ। ਉਥੇ ਵਾਹਿਗੁਰੂ ਜੀ ਵਿਚ ਸਮਾਧੀ ਲਗਦੀ ਹੈ, ਆਤਮਕ ਸੰਗੀਤ ਹੁੰਦਾ ਹੈ ਉਥੇ। ਐਨਾ ਅਨੰਦ ਜਿਹੜਾ ਕਹਿਆ ਹੀ ਨਹੀਂ ਜਾ ਸਕਦਾ। ਸੋ ਗੁਰੂ ਮਹਾਰਾਜ ਨੇ ਜਿਹੜਾ ਅੰਦਰਲਾ ਅੰਮ੍ਰਿਤ ਸੀ ਉਹ ਪ੍ਰਗਟ ਕਰਕੇ ਉਹਦਾ ਮੇਲ ਕਰ ਦਿਤਾ। ਉਹਨੇ ਕਰਿਆ ਕੀ? ਮਨੁੱਖ ਦੀਆਂ ਸਾਰੀਆਂ ਕਮਜ਼ੋਰੀਆਂ ਦੂਰ ਕਰ ਦਿਤੀਆਂ। ਜਿਹੜੀ ਵੱਡੀ ਬਿਮਾਰੀ ਸੀ ਉਸਨੂੰ ਕੱਟ ਦਿਤਾ।

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*

*ਅੰਗ - ੫੩੮*

ਹਉਮੈ ਦੀ ਜ਼ਹਿਰ ਤੇ ਮਾਇਆ ਦੀ ਜ਼ਹਿਰ ਜੀਵ ਆਤਮਾ ਨੂੰ ਚੜ੍ਹ ਗਈ। ਇਹ ਬੇਹੋਸ਼ ਹੋ ਗਿਆ, ਇਹਨੂੰ ਆਪਣੇ ਆਪ ਦਾ ਗਿਆਨ ਨਹੀਂ ਰਿਹਾ। ਸ਼ਾਇਦ ਹੀ ਕੋਈ ਬੰਦਾ ਹੋਏ, ਜਿਹਨੂੰ ਆਪਣੇ ਆਪ ਦਾ ਪਤਾ ਹੋਏ ਕਿ ਮੈਂ ਕੌਣ ਹਾਂ? ਐਨੀ ਬੇਸੁਰਤੀ ਛਾਈ ਹੋਈ ਹੈ ਸਾਡੇ ਤੇ ਸਾਨੂੰ ਐਉਂ ਹੀ ਨਹੀਂ ਪਤਾ ਕਿ ਮੈਂ ਕੌਣ ਹਾਂ? ਅਸੀਂ ਹੋਰ ਦੁਨੀਆਂ ਦੇ ਕੀ ਕਰ ਲਵਾਂਗੇ ਕੰਮ ਕਾਰ, ਜਿਹੜਾ ਇਹ ਨਹੀਂ ਪਤਾ ਕਿ ਮੈਂ ਕੌਣ ਹਾਂ? ਜੇ ਕਹੇ ਕਿ ਮੈਂ ਤੁਹਾਡੇ ਸਾਮ੍ਹਣੇ ਬੈਠਾ ਹਾਂ? ਇਹ ਤਾਂ ਤੁਹਾਡਾ ਸਰੀਰ ਹੈ, ਤੁਹਾਡੀ ਸਵਾਰੀ ਹੈ, ਤੇਰੀ ਕਾਰ ਜਿਸ ਵਿਚ ਤੂੰ ਸਫਰ ਕਰਦਾ ਹੈ, ਇਹ ਤੂੰ ਤਾਂ ਹੈ ਨਹੀਂ। ਤੂੰ ਮਕੀਨ ਹੈ ਇਹ ਮਕਾਨ ਹੈ ਤੇਰਾ ਜਿਸ ਵਿਚ ਤੂੰ ਰਹਿੰਦਾ ਹੈਂ। ਮਕਾਨ ਨੂੰ ਕਿਉਂ ਕਹੀ ਜਾਂਦਾ ਹੈ ਗਲਤੀ ਨਾਲ ਕਿ ਮੈਂ ਐਨਾ ਨੰਬਰ ਮਕਾਨ ਹਾਂ ਜੀ?

ਇਹ ਕਿਉਂ ਐਨਾ ਹਨ੍ਹੇਰਾ ਛਾ ਗਿਆ? ਕਿਉਂ ਨਹੀਂ ਬੰਦੇ ਨੂੰ ਪਤਾ ਲਗਦਾ ਏਸ ਗੱਲ ਦਾ? ਕਿਉਂਕਿ ਉਹ ਸਾਧਨ ਨਹੀਂ ਕਰ ਸਕਿਆ। ਜਿਵੇਂ back to source ਜਾਣਾ ਚਾਹੀਦਾ ਹੈ, ਜਾ ਨਹੀਂ ਸਕਿਆ। ਪੰਜ ਪਿਆਰਿਆਂ ਨੇ ਅੰਮ੍ਰਿਤ ਤਾਂ ਦੇ ਦਿਤਾ।

ਪਹਿਲਾਂ ਜਿਹੜੇ ਪੰਜ ਪਿਆਰੇ ਹੁੰਦੇ ਸਾਧਸੰਗਤ ਜੀ! ਐਉਂ ਨਹੀਂ ਕਿ ਆਜਾ, ਤੂੰ ਵੀ ਛਕ ਲੈ, ਤੂੰ ਵੀ ਛਕ ਲੈ। ਉਹ ਪਰਖ ਕੇ ਅੰਮ੍ਰਿਤ ਛਕਾਇਆ ਕਰਦੇ ਸੀ ਕਿ ਫਿੱਟ ਵੀ ਹੈ, ਕੱਲ੍ਹ ਨੂੰ ਬੇਮੁਖ ਤਾਂ ਨਹੀਂ ਹੋ ਜਾਏਗਾ। ਬੇਮੁਖ ਹੋ ਗਿਆ ਤਾਂ ਬੜਾ ਭਾਰੀ ਦੋਸ਼ ਲਗਦਾ ਹੈ। ਦੇਖਦੇ ਸੀ ਫੇਰ ਨਾਮ ਅੰਮ੍ਰਿਤ ਦਿਆ ਕਰਦੇ ਸੀ।

ਸੋ ਇਸ ਤਰ੍ਹਾਂ ਦੇ ਨਾਲ ਸਾਨੂੰ ਆਪਣੇ ਆਪ ਦਾ ਪਤਾ ਨਹੀਂ। ਕਿਉਂ ਨਹੀਂ ਹੈ? ਕਿਉਂਕਿ ਸਾਨੂੰ ਵਿਹੁ ਚੜ੍ਹੀ ਹੋਈ ਹੈ, ਵਿਹੁ ਇਕ ਤਾਂ ਮੈਂ ਤੇ ਮੇਰੀ ਦੀ ਚੜ੍ਹ ਗਈ, ਹਉਮੈ ego ਨੂੰ ਨਹੀਂ ਕਹਿੰਦੇ, ਇਹ ਵੀ ਧਿਆਨ ਰੱਖਿਆ ਕਰੋ। ਅਹੰਕਾਰ ਨੂੰ ਨਹੀਂ ਕਹਿੰਦੇ। ਜਿਹੜੀ ਤੁਹਾਡੀ ਸੂਝ ਹੈ ਨਾ, I & my ਇਹਦੇ ਸਰਕਲ ਨੂੰ ਦੋਹਾਂ ਨੂੰ ਹਉਮੈ ਕਹਿੰਦੇ ਨੇ। ਇਹਦੀ ਵਿਹੁ ਚੜ੍ਹ ਗਈ। ਦੂਸਰੀ ਚੜ੍ਹ ਗਈ ਮਾਇਆ ਦੀ, ਭੁੱਲ ਦੀ, illusion ਦੀ, ignorance ਦੀ। ਇਨ੍ਹਾਂ ਦੋਹਾਂ ਨੂੰ ਕੱਟਣ ਵਾਸਤੇ ਇਹ ਅੰਮ੍ਰਿਤ ਪ੍ਰਮੇਸ਼ਰ ਨੇ ਅੰਦਰ ਰੱਖਿਆ ਹੋਇਆ ਹੈ। ਜਦੋਂ ਬਿਖ ਲਹਿ ਜਾਏਗੀ ਫੇਰ ਉਹਦੀ ਪ੍ਰਮੇਸ਼ਰ ਦੇ ਨਾਲ ਬਣ ਜਾਂਦੀ ਹੈ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਬੜੇ ਉਪਦੇਸ਼ ਦਿਤੇ ਸਾਨੂੰ ਕਿ ਚੇਤੇ ਰਹਿ ਜਾਣ ਇਨ੍ਹਾਂ ਦੇ ਇਹ ਗੱਲਾਂ।

ਇਕ ਵਾਰੀ ਇਕ ਸ਼ੇਰ ਮਾਰਿਆ ਬਚਿੱਤਰ ਸਿੰਘ ਜੀ ਨੇ। ਮਹਾਰਾਜ ਕਹਿੰਦੇ ਬਹੁਤ ਵੱਡਾ ਹੈ, ਰਾਤ ਪੈ ਗਈ ਸੀ। ਕਹਿਣ ਲੱਗੇ, ਐਉਂ ਕਰੋ ਇਹਦੀ ਖੱਲ੍ਹ ਬੜੀ ਸਾਵਧਾਨੀ ਨਾਲ ਲਾਹੋ ਤੇ ਇਕ ਮਜ਼ਬੂਤ ਗਧਾ ਫੜ ਲਿਆਂਦਾ। ਬਾਹਰ ਫਿਰਦਾ, ਰੂੜੀਆਂ ਤੇ ਛੱਡ ਦਿੰਦੇ ਨੇ ਲੋਕ। ਲਿਆ ਕੇ ਉਸ ਤੇ ਖੱਲ੍ਹ ਚਾੜ੍ਹ ਦਿਤੀ ਤੇ ਖੇਤਾਂ ਵਿਚ ਛੱਡ ਆਏ। ਕਹਿੰਦੇ ਗੁਪਤ ਰੱਖਿਓ ਇਹ ਗੱਲ।

ਪਿੰਡ ਵਾਲੇ ਜਦੋਂ ਸਵੇਰੇ ਗਏ ਤਾਂ ਦੂਰੋਂ ਹੀ ਦੇਖਿਆ ਕਿ ਸ਼ੇਰ ਫਿਰਦਾ ਹੈ, ਵਾਪਸ ਆ ਗਏ। ਉਹਨੂੰ ਮੌਜਾਂ ਲਗ ਗਈਆਂ ਜਿਹਦੇ ਖੇਤ ਵਿਚ ਜੀਅ ਕਰੇ ਚਰ ਲਵੇ। ਜਿਹਦੇ ਦੀ ਕਰੇ ਲਿਟੇ। ਕਈ ਦਿਨ ਲੰਘ ਗਏ, ਕੋਈ ਕੰਮ ਕਰਨ ਨਾ ਜਾ ਸਕਿਆ। ਮਹਾਰਾਜ ਜੀ ਕੋਲ ਫਰਿਆਦ ਹੋਈ ਕਿ ਸੱਚੇ ਪਾਤਸ਼ਾਹ! ਸ਼ੇਰ ਬਹੁਤ ਵੱਡਾ ਆਇਆ ਹੋਇਆ ਹੈ। ਮਹਾਰਾਜ ਕਹਿੰਦੇ, ਤੁਸੀਂ ਐਨੇ ਬੰਦੇ ਓਂ, ਤੁਸੀਂ ਉਹਨੂੰ ਨਠਾ ਨਹੀਂ ਸਕਦੇ। ਕਹਿਣ ਲੱਗੇ, ਮਹਾਰਾਜ! ਉਹ ਤਾਂ ਜਿਹਦੇ ਮਗਰ ਪੈ ਗਿਆ, ਉਹ ਤਾਂ ਖਤਮ।

ਕਹਿਣ ਲੱਗੇ, ਕੋਸ਼ਿਸ਼ ਤਾਂ ਕਰੋ?

ਉਨ੍ਹਾਂ ਨੇ ਕਿਹਾ ਨਾ ਮਹਾਰਾਜ, ਕੋਸ਼ਿਸ਼ ਵੀ ਨਹੀਂ ਹੋ ਸਕਦੀ। ਤੁਸੀਂ ਕ੍ਰਿਪਾ ਕਰ ਦਿਓ ਤਾਂ ਹੋ ਜਾਏਗੀ। ਮਹਾਰਾਜ ਜੀ ਨੇ ਕਿਹਾ ਕੋਈ ਨਾ। ਅਸੀਂ ਖਿਆਲ ਰੱਖਾਂਗੇ। ਇਕ ਦਿਨ ਜਿਸ ਪ੍ਰੇਮੀ ਦਾ ਇਹ ਗਧਾ ਗੁੰਮਿਆ ਹੋਇਆ ਸੀ, ਉਹ ਬਾਕੀ ਗਧਿਆਂ ਨੂੰ ਨਿਕਲਿਆ ਥੋੜ੍ਹਾ ਹਟ ਕੇ। ਗਧੇ ਜਦੋਂ ਹਿੰਗਣ ਲੱਗੇ, ਇਹ ਸ਼ੇਰ ਦੇ ਲਿਬਾਸ ਵਿਚ ਹੀ ਹਿੰਗਣ ਲਗ ਗਿਆ। ਉਹ ਸਮਝ ਗਿਆ, ਕਹਿਣ ਲੱਗਿਆ, ਮੇਰਾ ਗਧਾ ਉਹ ਹੈ। ਉਹ ਗਿਆ ਜਾ ਕੇ ਦੋ ਚਾਰ ਡੰਡੇ ਲਾਏ, ਗੁਰੂ ਮਹਾਰਾਜ ਕੋਲ ਲੈ ਆਇਆ, ਖੱਲ੍ਹ ਲਾਹ ਕੇ ਦੇ ਦਿਤੀ।

ਸਿੰਘਾਂ ਨੇ ਪੁਛਿਆ ਕਿ ਏਸ ਕੌਤਕ ਦਾ ਮਹਾਰਾਜ ਕੋਈ ਅਰਥ ਵੀ ਹੋਣਾ? ਮਹਾਰਾਜ ਕਹਿੰਦੇ, ਦੇਖੋ, ਤੁਹਾਨੂੰ ਅਸੀਂ ਨਾਮ ਦੇ ਨਾਲ ਜੋੜਿਆ ਹੈ ਅੰਦਰ, ਤੁਹਾਡਾ ਦੇ ਅਧਿਆਸ ਤੋੜਿਆ ਹੈ, ਤੁਹਾਨੂੰ ਗਿਆਨ ਹੋਇਆ ਹੈ ਕਿ ਮੈਂ ਆਤਮਾ ਹਾਂ, ਸਰੀਰ ਨਹੀਂ ਹਾਂ। ਜਿਸ ਵਕਤ ਤੁਸੀਂ ਭੁੱਲ ਜਾਵੋਂਗੇ ਮੁੜ ਕੇ ਫੇਰ ਹੋ ਜਾਏਗਾ ਕਿ ਮੈਂ ਪੰਜਾਂ ਤੱਤਾਂ ਦੀ ਦੇਹ ਹਾਂ, ਸਾਢੇ ਤਿੰਨ ਹੱਥ ਦੀ, ਆਹ ਜਿਹੜੀ ਸ਼ੀਸ਼ੇ ਦੇ ਸਾਮ੍ਹਣੇ ਖੜ੍ਹੀ ਹੈ, ਓਦਣ ਪਿਆਰਿਓ! ਤੁਹਾਡਾ ਤੇਜ ਜਾਂਦਾ ਰਹੇਗਾ। ਇਹ ਦੇਹ ਦਾ ਨਹੀਂ, ਆਤਮਾ ਦਾ ਤੇਜ ਦਿਤਾ ਹੈ ਤੁਹਾਨੂੰ ਮੈਂ। ਆਪਣਾ ਤੇਜ ਦਿਤਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਇਕ ਦਿਨ ਮਹਾਰਾਜ ਜੀ ਨੇ ਹੁਕਮ ਕਰ ਦਿਤਾ ਕਿ ਅੱਜ ਚੌਲ ਬਣਾਓ, ਅੱਜ ਸ਼ਿਕਾਰ ਕੁੱਤਿਆਂ ਨਾਲ ਹੋਏਗਾ ਸਭ ਕੁੱਤੇ ਲੈ ਕੇ ਆਓ। ਜਦੋਂ ਸਮਾਂ ਹੋ ਗਿਆ ਰੋਟੀ ਦਾ, ਉਥੇ ਧਰਤੀ ਦੇ ਉਤੇ ਹੀ ਕਹਿਣ ਲੱਗੇ ਕਿ ਚਾਦਰਾਂ ਵਿਛਾ ਦੇਈਏ? ਮਹਾਰਾਜ ਕਹਿੰਦੇ, ਨਾ ਐਵੇਂ ਹੀ ਵਿਛਾ ਦਿਓ ਚੌਲ। ਚੌਲ ਵਿਛਾ ਦਿਤੇ, ਕੁੱਤੇ ਚੌਲ ਤਾਂ ਖਾਣ ਨਾ, ਆਪਸ ਵਿਚ ਕਟਾ ਵੱਢ ਹੋਣ ਲਗ ਗਏ। ਮਿੱਟੀ ਓ ਮਿੱਟੀ ਹੋ ਗਈ, ਚੌਲ ਖਾਣ ਦੇ ਕਾਬਲ ਨਾ ਰਹੇ। ਮਹਾਰਾਜ ਕਹਿਣ ਲੱਗੇ, ਫੜ ਲਓ ਭਾਈ ਕੁੱਤਿਆਂ ਨੂੰ।

ਕਹਿਣ ਲੱਗੇ, ਪਾਤਸ਼ਾਹ! ਇਹਦਾ ਵੀ ਮਤਲਬ ਸਾਡੇ ਸਮਝ ਵਿਚ ਨਹੀਂ ਆਇਆ? ਮਹਾਰਾਜ ਕਹਿਣ ਲੱਗੇ, ਦੇਖੋ, ਐਸ ਵੇਲੇ ਤੁਸੀਂ ਸਾਰੇ ਸੁਪਰ ਮੈਨ ਹੋ, ਤੁਹਾਡੇ ਟੁਕੜੇ ਨਹੀਂ ਹੋਏ-ਹੋਏ ਕਿ ਚਾਰ ਟੁੱਕੜੇ ਨੇ, complete man ਹੋਂ, complete man ਤੋਂ ਉਤੇ ਤੁਸੀਂ ਰਿਸ਼ੀ ਮੁਨੀ ਵੀ ਓਂ, ਉਹਦੇ ਵਿਚ ਤੁਹਾਨੂੰ ਅਸੀਂ ਪ੍ਰਮੇਸ਼ਰ ਦੇ ਨਾਲ ਇਕ ਜੋਤ ਕਰ ਦਿਤਾ। ਤੁਹਾਡੇ ਕੋਲ ਕੁਦਰਤੀ ਬਰਕਤਾਂ ਹੋਣਗੀਆਂ। ਸਰਦਾਰੀ ਆਏਗੀ, ਤੁਹਾਡਾ ਤੇਜ਼ ਤਾਂ ਵਧੇਗਾ। ਜੇ ਤਾਂ ਕੁੱਤਿਆਂ ਵਾਲੀ ਗੱਲ ਕਰਨੀ ਹੈ ਫੇਰ ਤਾਂ ਨਾ ਆਪ ਖਾਓਂਗੇ, ਨਾ ਕਿਸੇ ਨੂੰ ਖਾਣ ਦਿਓਂਗੇ। ਰਾਜ ਭਾਗ ਆਇਆ ਹੋਇਆ ਤੁਹਾਡੇ ਹੱਥਾਂ 'ਚੋਂ ਨਿਕਲ ਜਾਣਗੇ। ਜੇ ਸਬਰ ਸੰਤੋਖ ਵਿਚ ਰਹਿ ਕੇ ਕਰ ਲਓਂਗੇ ਫੇਰ ਤੁਹਾਨੂੰ ਬਹੁਤ ਭਾਰੀ gift ਹੈ ਇਸ ਚੀਜ਼ ਦਾ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਕਿਹਾ ਕਿ ਹੋਰ ਚੀਜ਼ਾਂ ਨਹੀਂ ਮੰਨਣੀਆਂ ਫਜ਼ੂਲ, ਨਾ ਦੇਵੀ ਨਾ ਕੋਈ ਦੇਵਤਾ, ਨਾ ਕੋਈ ਹੋਰ ਪੀਰ ਫਕੀਰ, ਨਾ ਤਾਰੇ-ਸਿਤਾਰੇ। ਤੁਸੀਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਚਾਰੋ ਪਾਸੇ ਜਾਣੋ, ਜਿਧਰ ਵੀ ਅਸੀਂ ਦੇਖਦੇ ਹਾਂ ਵਾਹਿਗੁਰੂ ਹੈ। ਉਹ ਸਰਬ ਕਲਾ ਸਮਰੱਥ ਹੈ, ਐਉਂ ਨਹੀਂ ਹੈ ਕਿ ਉਹ ਜਾਣਦਾ ਨਹੀਂ ਹੈ। ਉਸ ਨੂੰ ਧਿਆਨ ਵਿਚ ਰੱਖ ਕੇ, ਉਹਦਾ ਨਾਮ ਵਾਹਿਗੁਰੂ ਕਹਿ ਕੇ ਜਪੋ।

***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ,***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਹੋਰ ਨਹੀਂ ਕਿਸੇ ਨੂੰ ਨਹੀਂ ਮੰਨਣਾ। ਉਹ ਹੈ ਕਿਥੇ?

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਜੋਤ ਕਹਿੰਦੇ ਨੇ ਗਿਆਨ ਨੂੰ। ਪੂਰਾ ਬ੍ਰਹਿਮੰਡ ਗਿਆਨ ਦੇ ਨਾਲ ਭਰਿਆ ਹੋਇਆ ਹੈ, ਇਥੇ ਹਨ੍ਹੇਰਾ ਨਹੀਂ ਹੈ ਕਿਤੇ ਵੀ, ਓਸ ਪ੍ਰਮੇਸ਼ਰ ਨੂੰ ਜਪੋ। ਉਸ ਤੋਂ ਬਗੈਰ ਨਾ ਕਿਸੇ ਨੂੰ ਨਾ ਮੰਨੋ।

ਜੇ ਪ੍ਰਹਿਲਾਦ ਦੀ ਰਾਖੀ ਕਰੀ ਹੈ ਤਾਂ ਵਾਹਿਗੁਰੂ ਨੇ ਕਰੀ ਹੈ। ਦਰੋਪਤੀ ਦੀ ਰਾਖੀ ਕਰੀ ਹੈ ਤਾਂ ਵਾਹਿਗੁਰੂ ਨੇ ਕਰੀ ਹੈ। ਜਿਸ ਦੀ ਵੀ ਰਾਖੀ ਕਰਦਾ ਹੈ ਵਾਹਿਗੁਰੂ ਸਰਬ ਕਲਾ ਸਮਰੱਥ ਹੈ। ਰਾਖੀ ਕਰਨ ਦਾ ਅਧਿਕਾਰ ਵਾਹਿਗੁਰੂ ਨੇ ਦੇਵਤਿਆਂ ਨੂੰ ਨਹੀਂ ਦਿਤਾ। ਕਿਉਂਕਿ ਉਹਨੂੰ ਜਿਵੇਂ ਮਾਵਾਂ ਨੂੰ ਪੁੱਤਰ ਪਿਆਰੇ ਹੁੰਦੇ ਨੇ, ਐਵੇਂ ਉਸਨੂੰ ਆਪਣੇ ਪਿਆਰੇ ਹੋਇਆ ਕਰਦੇ ਨੇ। ਸੋ ਓਸ ਮੰਨਣਾ ਹੈ ਅਸੀਂ ਕਿਸੇ ਦੀ ਗੱਲ ਨਹੀਂ ਮੰਨਣੀ। ਸੋ ਇਸ ਤਰ੍ਹਾਂ ਦੇ ਨਾਲ ਗੁਰਸਿੱਖਾਂ ਦੀ ਜਿਹੜੀ ਸੀ ਸੂਝ, ਉਹ ਐਨੀ ਉੱਚੀ ਚੁੱਕੀ ਕਿ ਉਹ ਪ੍ਰਮੇਸ਼ਰ ਦੇ ਵਿਚ ਲੀਨ ਹੋਣੇ ਸ਼ੁਰੂ ਹੋ ਗਏ। ਦੂਜਾ ਨਹੀਂ ਦੇਖਦੇ।

ਮਹਾਰਾਜ ਜੀ ਦੇ ਨਾਲ ਅਕਾਰਨ ਯੁੱਧ ਹੋਏ। ਮਹਾਰਾਜ ਜੀ ਕਹਿੰਦੇ ਸੀ ਕਿ ਅਸੀਂ ਯੁੱਧ ਵਗੈਰਾ ਨਹੀਂ ਕਰਨਾ ਕਿਸੇ ਨਾਲ ਕੋਈ ਵੀ। ਸਾਡੇ ਉਪਰ ਤਾਂ ਥੋਪਿਆ ਗਿਆ।

***ਫਤੇ ਸਾਹ ਕੋਪਾ ਤਬਿ ਰਾਜਾ।***
***ਲੋਹ ਪਰਾ ਹਮ ਸੋ ਬਿਨੁ ਕਾਜਾ। ਬਚਿੱਤ੍ਰ ਨਾਟਕ***

ਅਸੀਂ ਕੋਈ ਦੇਸ਼ ਲੈਣੇ ਸੀ ਯੁੱਧ ਕਰਕੇ। ਕੋਈ ਸਾਬਤ ਕਰ ਦਿਓ ਕਿ ਗੁਰੂ ਦਸਵੇਂ ਪਾਤਸ਼ਾਹ ਨੇ ਇਕ ਮਰਲਾ ਜ਼ਮੀਨ ਫਲਾਣੇ ਦੀ ਦੱਬੀ। ਕੋਈ ਇਤਿਹਾਸਕਾਰ ਨਹੀਂ ਸਾਬਤ ਕਰ ਸਕਦਾ। ਚੜ੍ਹ ਕੇ ਆਉਂਦੇ ਸੀ ਉਨ੍ਹਾਂ ਉਤੇ ਉਨ੍ਹਾਂ ਨੂੰ ਹਾਰ ਦਿੰਦੇ ਸੀ। ਕਿਉਂਕਿ ਦੇਖ ਚੁੱਕੇ ਸੀ ਕਿ ਗੁਰੂ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਕਿਵੇਂ ਹੋਈ, ਗੁਰੂ ਨੌਂਵੇਂ ਪਾਤਸ਼ਾਹ ਨੂੰ ਕਿੰਨੇ ਤਸੀਹੇ ਦਿਤੇ। ਓਸ ਵੇਲੇ ਇਹ ਸੀ ਕਿ ਇਨ੍ਹਾਂ ਨੇ ਚੰਗਿਆਈ ਦੀ ਵਾੜੀ ਰਹਿਣ ਨਹੀਂ ਸੀ ਦੇਣੀ, ਇਹਦੇ ਉਤੇ ਵਾੜ ਕਰਨੀ ਪੈਣੀ ਸੀ।

ਜਦੋਂ ਕੋਈ ਤਰੀਕਾ ਹੀ ਨਾ ਰਹਿ ਜਾਵੇ, ਫੇਰ ਕੱਟ-ਕੱਟ ਕੇ ਮਰਨ ਨਾਲੋਂ ਚੰਗਾ ਤਾਂ ਇਹ ਹੈ ਕਿ ਜੋ ਵਾਹਿਗੁਰੂ ਨੇ ਜਿਹੜਾ ਤਾਣ ਦਿਤਾ ਹੈ ਲਾ ਲਓ।

ਸੋ ਇਸ ਤਰ੍ਹਾਂ ਯੁੱਧ ਮਹਾਰਾਜ ਜੀ ਦੇ ਉਪਰ ਥੋਪੇ

ਗਏ, ਮਹਾਰਾਜ ਜੀ ਦਾ ਇਕ ਵੀ ਯੁੱਧ ਨਹੀਂ ਜਿਹੜਾ ਆਪ ਕਰਿਆ ਹੋਵੇ। ਫੌਜਾਂ ਚੜ੍ਹ ਕੇ ਹੀ ਆਉਂਦੀਆਂ ਸੀ। ਇਕੱਲੇ ਮੁਗਲ ਹੀ ਨਹੀਂ ਸੀ ਮਹਾਰਾਜ ਦੇ ਪਿੱਛੇ ਪਏ ਹੋਏ, ਪਹਾੜੀ ਰਾਜੇ ਪੂਰੀ ਤਾਕਤ ਦੇ ਨਾਲ ਪਏ ਹੋਏ ਸੀ। ਦੂਸਰੇ ਵੀ ਜਿਹੜੇ ਸੀ ਸਰਕਾਰ ਦੇ ਹਾਂਪੱਖੀ ਉਹ ਵੀ ਇਨ੍ਹਾਂ ਦੇ ਪਿੱਛੇ ਪਏ ਹੋਏ ਸੀ ਤੇ ਅਨੰਦਪੁਰ ਸਾਹਿਬ ਦਾ ਬਹੁਤ ਵੱਡਾ ਘੇਰਾ ਪਿਆ। ਛੇ ਮਹੀਨੇ ਲੰਘ ਗਏ ਲੇਕਿਨ ਯੁੱਧ ਦਾ ਕੋਈ ਫੈਸਲਾ ਨਹੀਂ ਸੀ ਹੋ ਰਿਹਾ। ਇਧਰ ਖਾਲਸਾ ਹੈ ਜਿਹਨੇ ਆਪਣੇ ਆਪ ਨੂੰ ਆਤਮਾ ਸਮਝਿਆ ਹੋਇਆ ਹੈ, ਸਰੀਰ ਤੋਂ ਉਤੇ ਹੋਏ-ਹੋਏ ਨੇ, ਜਿਨ੍ਹਾਂ ਦਾ ਨਿਸ਼ਚਾ ਇਹ ਹੈ ਕਿ-

***ਨਹ ਕਿਛੁ ਆਇਬੋ ਨਹ***
***ਕਿਛੁ ਜਾਇਬੋ***
***ਰਾਮ ਕੀ ਦੁਹਾਈ ਹੋ।***

ਇਥੇ ਜੰਮਦਾ ਮਰਦਾ ਨਹੀਂ ਕੁਛ ਵੀ ਹੈ। ਐਸੇ ਨਿਸ਼ਚੇ ਵਾਲੇ ਗੁਰਸਿੱਖ ਆਪਣਾ ਆਪਾ ਵਾਰ-ਵਾਰ ਕੇ ਰਾਖੀ ਕਰਦੇ ਨੇ। ਉਥੇ ਇਕ ਘਟਨਾ ਐਸੀ ਹੋਈ ਜਿਹਦੇ ਵਿਚੋਂ ਗੁਰਸਿੱਖੀ ਦਾ ਪਤਾ ਲਗਦਾ ਹੈ ਕਿ ਗੁਰਸਿੱਖੀ ਦੀ ਸੋਚ ਕਿੱਥੇ ਤਕ ਗਈ ਹੋਈ ਸੀ।



ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਇਕ ਦਿਨ ਬੜਾ ਭਾਰੀ ਯੁੱਧ ਕਰਿਆ, ਰੋਪੜ ਦਾ ਮੁਗਲ ਉਹਨੇ ਬੜੇ ਤਾਅਨੇ ਮੇਹਣੇ ਦਿਤੇ ਕਿ ਦੇਖੋ ਗੁਰੂ ਸਾਹਿਬ ਕੋਲ ਕਿੰਨੀ ਕੁ ਫੌਜ ਹੈ। ਕਿੰਨੇ ਕਿਲ੍ਹੇ ਤਾਂ ਸਾਡੇ ਕੋਲ ਆ ਚੁੱਕੇ ਨੇ, ਹੁਣ ਅਨੰਦਗੜ੍ਹ ਸਾਹਿਬ ਰਹਿ ਗਿਆ ਤੇ ਕੇਸਗੜ੍ਹ ਸਾਹਿਬ ਰਹਿ ਗਿਆ ਇਨ੍ਹਾਂ ਕੋਲ। ਅੰਦਾਜ਼ਾ ਲਾ ਲਓ ਕਿ ਦੋ ਹਜ਼ਾਰ ਬੰਦਾ ਹੋਣਾ। ਆਪਾਂ ਕਿਲ੍ਹਾ ਤੋੜ ਦਿੰਦੇ ਹਾਂ। ਉਹਨੇ ਬੀੜਾ ਚੁੱਕ ਲਿਆ ਕਿ ਮੈਂ ਗੁਰੂ ਗੋਬਿੰਦ ਸਿੰਘ ਨੂੰ ਜਾਂ ਤਾਂ ਗ੍ਰਿਫਤਾਰ ਕਰਾਂਗਾ, ਜਾਂ ਸ਼ਹੀਦ ਕਰਾਂਗਾ, ਜਾਂ ਮੈਂ ਮਰੂੰ। ਮੈਂ ਵੀ ਪਿੱਛੇ ਨਹੀਂ ਪੈਰ ਧਰਦਾ। ਐਸੇ ਦ੍ਰਿੜ੍ਹ ਇਰਾਦੇ ਨਾਲ ਆ ਕੇ ਉਸ ਨੇ ਹੱਲੇ ਕਰੇ। ਸਾਹਿਬਜ਼ਾਦਾ ਅਜੀਤ ਸਿੰਘ ਨੇ ਉਹਦੇ ਹੱਲੇ ਪਛਾਣ ਕੇ ਮੁੜ ਕੇ ਪਿੱਛੇ ਲਾ ਦਿਤੇ। ਜਦੋਂ ਸ਼ਾਮ ਪੈ ਗਈ ਤਾਂ ਗੁਰੂ ਮਹਾਰਾਜ ਨੇ ਯੁੱਧ ਦਾ ਹਾਲ ਪੁੱਛਿਆ, ਸਿੰਘਾਂ ਨੇ ਕਿਹਾ ਕਿ ਮਹਾਰਾਜ ਆਪ ਦੇ ਖਾਲਸੇ ਨੇ ਸਰੀਰ ਦੀ ਪਰਵਾਹ ਨਾ ਕਰਦੇ ਹੋਏ ਵਧ-ਵਧ ਕੇ ਤੇਗਾਂ ਚਲਾਈਆਂ, ਉਹਦੇ ਵਿਚੇ ਹੀ ਗੁਰਸਿੱਖਾਂ ਨੇ ਕਿਹਾ ਕਿ ਮਹਾਰਾਜ, ਸਾਨੂੰ ਇਕ ਸ਼ੱਕ ਪੈਂਦਾ ਹੈ। ਮਹਾਰਾਜ ਜੀ ਨੇ ਕਿਹਾ, ਕਾਹਦਾ? ਆਪਣੇ ਇਕ ਕਨ੍ਹਈਆ ਸਿੱਖ ਹੈ ਉਹ ਪਾਣੀ ਉਨ੍ਹਾਂ ਨੂੰ ਪਿਲਾਉਂਦਾ ਹੈ।

ਮਹਾਰਾਜ ਨੇ ਪੁਛਿਆ ਕਿ ਤੁਹਾਨੂੰ ਨਹੀਂ ਪਿਲਾਉਂਦਾ?

ਕਹਿੰਦੇ, ਸਾਨੂੰ ਵੀ ਪਿਲਾਉਂਦਾ ਸੀ। ਜੇ ਉਹ ਪਹਿਲਾਂ ਆ ਜਾਂਦੇ ਨੇ ਉਨ੍ਹਾਂ ਨੂੰ ਪਿਲਾਉਂਦਾ ਹੈ, ਜੇ ਅਸੀਂ ਪਹਿਲਾਂ ਆ ਜਾਂਦੇ ਹਾਂ ਸਾਨੂੰ ਪਿਲਾਉਂਦਾ ਹੈ। ਪਰ ਬੜਾ protest ਹੈ ਕਿ ਅਸੀਂ ਉਨ੍ਹਾਂ ਦਾ ਬੰਦਾ ਸੁੱਟਦੇ ਹਾਂ ਤੇ ਇਹ ਉਨ੍ਹਾਂ ਨੂੰ ਪਾਣੀ ਪਿਲਾਉਣ ਲਗ ਜਾਂਦਾ ਹੈ।

ਗੁਰੂ ਜੋ ਹੁੰਦਾ ਹੈ, ਉਸ ਦਾ ਕਿਸੇ ਨਾਲ ਵੀ ਵੈਰ ਨਹੀਂ ਹੁੰਦਾ। ਗੁਰੂ ਨੇ ਸਾਨੂੰ ਕਿਹਾ ਹੈ -

***ਵਵਾ ਵੈਰੁ ਨ ਕਰੀਐ ਕਾਹੂ ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥ ਅੰਗ - ੨੫੯***

ਸਾਰਿਆਂ ਦੇ ਅੰਦਰ ਵਾਹਿਗੁਰੂ ਵਸਦਾ ਹੈ ਤਾਂ ਵੈਰ ਕਿਹਦੇ ਨਾਲ ਕਰਾਂਗੇ ਅਸੀਂ।

*ਫਰੀਦਾ ਬੁਰੇ ਦਾ ਭਲਾ ਕਰਿ*
*ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
***ਅੰਗ - ੧੩੮੨***

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***

***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***
***ਭਾਈ ਗੁਰਦਾਸ ਜੀ, ਵਾਰ 34/1***

ਵੈਰ ਨਹੀਂ ਕਿਸੇ ਨਾਲ ਵੀ ਹੋਇਆ ਕਰਦਾ ਗੁਰੂ ਦਾ। ਸਤਿਗੁਰੂ ਸਭ ਦਾ ਭਲਾ ਕਰਦਾ ਹੈ। ਸਤਿਗੁਰੂ ਸਾਨੂੰ ਕਹਿੰਦਾ ਹੈ ਕਿ ਜਦੋਂ ਪੂਰੇ ਦੇ ਨਾਲ ਜਦੋਂ ਤੁਸੀਂ ਜੁੜ ਜਾਵੋਂ ਨਾ ਕੀਰਤਨ ਕਰਕੇ, ਹਾਜ਼ਰੀ ਵਿਚ ਰਹਿ ਕੇ ਕਿਹਾ ਕਰੋ-

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ***

ਹੇ ਵਾਹਿਗੁਰੂ! ਸਭ ਦਾ ਭਲਾ ਕਰੀਂ, ਮੇਰਾ ਕੋਈ ਦੁਸ਼ਮਣ ਨਹੀਂ ਹੈ। ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਭਾਈ ਕਨ੍ਹਈਏ ਨੂੰ ਬੁਲਾਓ।



ਭਾਈ ਘਨਈਆ ਜੀ ਮੁਗਲ ਫੌਜਾਂ ਨੂੰ ਪਾਣੀ ਪਿਲਾ ਰਹੇ ਹਨ

ਉਹ ਮੈਦਾਨ-ਏ-ਜੰਗ ਵਿਚ ਹੈ, ਉਥੇ ਆਵਾਜ਼ ਆ ਰਹੀ ਹੈ ਇਕੋ ਹੀ -

***ਗੁਰਹਿ ਦਿਖਾਇਓ ਲੋਇਨਾ ॥ ਅੰਗ - ੪੦੭***

ਉਹ ਅੱਖ ਮੈਨੂੰ ਗੁਰੂ ਨੇ ਦਿਖਾ ਦਿਤੀ, ਹੁਣ ਮੈਂ ਦੇਖਦਾ ਕੀ ਹਾਂ -

***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭***

ਹਨ੍ਹੇਰੀ ਰਾਤ ਹੈ, ਆਵਾਜ਼ ਸੁਣ ਕੇ ਗੁਰਸਿੱਖ ਉਥੇ ਪਹੁੰਚਦੇ ਨੇ। ਅੱਗੇ ਜਾ ਕੇ ਕੋਈ ਗੱਲਬਾਤ ਹੋ ਰਹੀ ਹੈ। ਜਿਸ ਜ਼ਖਮੀ ਦਾ ਸਿਰ ਪੱਟ ਤੇ ਰੱਖ ਕੇ ਮੂੰਹ ਵਿਚ ਪਾਣੀ ਪਾਇਆ ਦੰਦਲ ਖੋਲ੍ਹ ਕੇ, ਉਹ ਬੋਲ ਕੇ ਕਹਿ ਰਿਹਾ ਹੈ ਕਿ ਤੂੰ ਕੌਣ ਹੈਂ? ਕਹਿਣ ਲੱਗਾ, ਮੈਂ ਤਾਂ ਗੁਰੂ ਗੋਬਿੰਦ ਸਿੰਘ ਦਾ ਅਧਨਾ ਜਿਹਾ ਸਿੱਖ ਹਾਂ।

ਕੀ ਨਾਉਂ ਹਾਂ?

ਕਹਿਣ ਲੱਗਿਆ, ਕਨ੍ਹਈਆ।

ਉਸ ਨੇ ਕਿਹਾ ਕਿ ਕਨ੍ਹਈਆ ਮੈਂ ਸੱਚ ਬੋਲਦਾ ਹਾਂ, ਤੂੰ ਮੇਰੇ ਅੰਦਰ ਦੋ ਘੁੱਟ ਪਾਣੀ ਪਾਇਆ ਹੈ, ਇਹ ਪਾਣੀ ਨਹੀਂ ਇਹ ਤਾਂ ਆਬ-ਏ-ਹਿਯਾਤ ਪਾ ਦਿਤਾ, ਮੇਰੇ ਅੰਦਰੋਂ ਵੈਰ ਭਾਵ ਖਤਮ ਹੁੰਦਾ ਚਲਿਆ ਜਾ ਰਿਹਾ ਹੈ। ਮੈਂ ਉਹ ਜਰਨੈਲ ਹਾਂ ਜਿਹਨੇ ਅੱਜ ਗੁਰੂ ਗੋਬਿੰਦ ਸਿੰਘ ਨੂੰ ਗ੍ਰਿਫਤਾਰ ਕਰਨਾ ਸੀ ਜਾਂ ਸ਼ਹੀਦ ਕਰਨਾ ਸੀ। ਇਹ ਗੱਲ ਸੁਣ ਕੇ ਤੇਰੇ ਮਨ ਵਿਚ ਮੇਰੇ ਖਿਲਾਫ ਕਿੰਨੀ ਕੁ ਨਫਰਤ ਉਠੀ ਹੈ? ਮੈਂ ਐਹੋ ਜਿਹਾ ਅਭਾਗਾ ਪੁਰਸ਼ ਹਾਂ।

ਭਾਈ ਕਨ੍ਹਈਏ ਨੇ ਕਿਹਾ, ਖਾਨ ਸਾਹਿਬ! ਸਾਡੇ ਗੁਰੂ ਨੇ ਨਫਰਤ ਨਹੀਂ ਸਿਖਾਈ, ਉਨ੍ਹਾਂ ਨੇ ਸਿਖਾਇਆ ਹੈ –

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਅੰਗ - ੧੨੯੯***

ਸਾਡੇ ਗੁਰੂ ਨੇ ਤਾਂ ਵੈਰੀ ਦੇ ਅੱਖਰ ਨੂੰ ਸ਼ਬਦ ਕੋਸ਼ ਵਿਚੋਂ ਕੱਟ ਹੀ ਦਿਤਾ। ਕਹਿਣ ਲੱਗਿਆ, ਗੁਰੂ ਗੋਬਿੰਦ ਸਿੰਘ ਵੀ ਐਸ ਤਰ੍ਹਾਂ ਹੀ ਕਹਿੰਦਾ ਹੈ? ਉਸਨੇ ਕਿਹਾ ਕਿ ਅਸੀਂ ਉਨ੍ਹਾਂ ਤੋਂ ਹੀ ਸਿਖਿਆ ਲੈ ਰਹੇ ਹਾਂ ਸਾਰੀ। ਉਹ ਕਿਸੇ ਨੂੰ ਕੁੱਛ ਨਹੀਂ ਕਹਿ ਰਹੇ, ਤੁਸੀਂ ਉਨ੍ਹਾਂ ਤੇ ਚੜ੍ਹ-ਚੜ੍ਹ ਆਉਂਦੇ ਓਂ ਤੇ ਉਹ ਤੁਹਾਨੂੰ ਜਵਾਬ ਦੇ ਰਹੇ ਨੇ। ਕਹਿਣ ਲੱਗਿਆ, ਅਫਸੋਸ! ਮੈਨੂੰ ਉਸ ਵੇਲੇ ਗੱਲ ਸਮਝ 'ਚ ਆਈ

ਜਦੋਂ ਮੇਰੇ ਵਿਚ ਤਾਣ ਨਾ ਰਿਹਾ। ਕਨ੍ਹਈਆ ਮੈਂ ਇਸ ਗੱਲ ਦਾ ਬਦਲਾ ਦੇਵਾਂਗਾ। ਤੇਰੇ ਅਹਿਸਾਨ ਨੂੰ ਨਹੀਂ ਮੈਂ ਭੁੱਲਦਾ।

ਐਨੇ ਨੂੰ ਸਿੰਘ ਆ ਗਏ ਉਨ੍ਹਾਂ ਨੇ ਕਿਹਾ ਕਿ ਭਾਈ ਕਨ੍ਹਈਆ ਤੈਨੂੰ ਗੁਰੂ ਮਹਾਰਾਜ ਬੁਲਾਉਂਦੇ ਨੇ। ਉਥੇ ਆ ਗਏ। ਗੁਰੂ ਮਹਾਰਾਜ ਨੇ ਕਿਹਾ, ਭਾਈ ਕਨ੍ਹਈਆ ਖਾਲਸਾ ਤੁਹਾਡੀ ਸ਼ਿਕਾਇਤ ਕਰਦਾ ਹੈ। ਕਹਿਣ ਲੱਗੇ, ਸੱਚੇ ਪਾਤਸ਼ਾਹ! ਮੈਂ ਤਾਂ ਹਰ ਵਕਤ ਭੁੱਲਾਂ ਕਰਦਾ ਹਾਂ।

ਮਹਾਰਾਜ ਨੇ ਕਿਹਾ ਕਿ ਇਹ ਕਹਿੰਦੇ ਨੇ ਕਿ ਤੁਸੀਂ ਮੁਗਲਾਂ ਨੂੰ ਪਾਣੀ ਪਿਲਾਉਂਦੇ ਓਂ?

ਕਹਿੰਦੇ ਨਹੀਂ ਮਹਾਰਾਜ! ਮੈਂ ਤਾਂ ਕਿਸੇ ਨੂੰ ਪਾਣੀ ਨਹੀਂ ਪਿਲਾਉਂਦਾ? ਪਾਤਸ਼ਾਹ! ਪਹਿਲਾਂ ਮੈਨੂੰ ਦਿਸਦੇ ਸੀ ਕਿ ਆਹ ਮੁਗਲ ਹੈ, ਆਹ ਪਹਾੜੀ ਨੇ, ਆਹ ਖਾਲਸਾ ਹੈ, ਆਹ ਮਾੜਾ ਹੈ, ਆਹ ਚੰਗਾ ਹੈ। ਪਰ ਜਦੋਂ ਮੈਂ ਤੇਰੀ ਸ਼ਰਨ ਲੈ ਲਈ, ਆਪ ਨੇ ਮੇਰੇ ਨੇਤਰਾਂ ਨੂੰ ਗਿਆਨ ਦਾ ਸੁਰਮਾ ਪਾ ਕੇ ਖੋਲ੍ਹ ਦਿਤਾ। ਉਸ ਵੇਲੇ ਮਹਾਰਾਜ ਮੇਰੇ ਨੈਣਾਂ ਦੀ ਦ੍ਰਿਸ਼ਟੀ ਬਦਲ ਗਈ।

ਪਾਤਸ਼ਾਹ! ਜਦੋਂ ਮੇਰੀ ਅੱਖ ਨਹੀਂ ਸੀ ਖੁੱਲ੍ਹੀ ਮੈਨੂੰ ਇਸੇ ਤਰ੍ਹਾਂ ਨਜ਼ਰ ਆਉਂਦਾ ਸੀ। ਪਰ ਜਦੋਂ ਤੁਸੀਂ ਕ੍ਰਿਪਾ ਕਰਕੇ ਮੈਨੂੰ ਦ੍ਵੈਤ ਵਿਚੋਂ ਕੱਢ ਦਿਤਾ।

***ਗਿਆਨ ਅੰਜਨੁ ਗੁਰਿ ਦੀਆ***
***ਅਗਿਆਨ ਅੰਧੇਰ ਬਿਨਾਸੁ ॥***
***ਹਰਿ ਕਿਰਪਾ ਤੇ ਸੰਤ ਭੇਟਿਆ***
***ਨਾਨਕ ਮਨਿ ਪਰਗਾਸੁ ॥***

***ਅੰਗ - ੨੯੩***

ਜਦੋਂ ਮੇਰੇ ਮਨ ਵਿਚ ਪ੍ਰਕਾਸ਼ ਹੋ ਗਿਆ, ਮੈਨੂੰ ਤੇਰੇ ਬਿਨਾਂ ਦਿਸਣਾ ਬੰਦ ਹੋ ਗਿਆ। ਮੈਂ ਤਾਂ ਪ੍ਰੇਮ ਦੇ ਵਿਚ ਰੱਤਿਆ ਹੋਇਆ, ਤੈਨੂੰ ਹੀ ਪਾਣੀ ਪਿਲਾਉਂਦਾ ਸੀ ਸਵੇਰ ਤੋਂ ਸ਼ਾਮ ਤੱਕ।

ਮਹਾਰਾਜ ਜੀ ਨੇ ਉਠ ਕੇ ਬੁੱਕਲ 'ਚ ਲੈ ਲਿਆ, ਭਾਈ ਕਨ੍ਹਈਏ ਨੂੰ। ਗੁਰਸਿੱਖਾਂ ਨਿਹਾਲ-ਨਿਹਾਲ-ਨਿਹਾਲ। ਮਲ੍ਹਮ ਮੰਗਾ ਲਈ, ਪੱਟੀਆਂ ਮੰਗਾ ਲਈਆਂ। ਕਹਿਣ ਲੱਗੇ, ਹੁਣ ਮੈਨੂੰ ਇਕੱਲਾ ਪਾਣੀ ਨਾ ਪਿਲਾਈਂ। ਮੇਰੇ ਜ਼ਖਮ ਵੀ ਸਾਫ ਕਰਿਆ ਕਰੀਂ ਤੇ ਉਸ ਤੋਂ ਬਾਅਦ ਮੱਲ੍ਹਮ ਲਾਈਂ ਤੇ ਪੱਟੀਆਂ ਕਰੀਂ। ਤੂੰ ਗੁਰੂ ਨਾਨਕ ਦੀ ਸਿੱਖੀ ਨੂੰ ਸਮਝ ਗਿਆ। ਸੋ ਇਸ ਤਰ੍ਹਾਂ ਦੇ ਨਾਲ ਸਿੱਖੀ ਵਿਚ ਵੈਰ ਨਹੀਂ ਹੈ, ਨਾ ਗੁਰੂ ਵਿਚ ਵੈਰ ਹੈ।



ਮਾਤਾ ਗੁਜਰੀ ਜੀ ਨਾਲ ਹਨ ਛੋਟੇ ਸਾਹਿਬ ਜਾਦੇ
ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ

ਸੋ ਪਹਿਲੀ ਚਾਲ ਉਨ੍ਹਾਂ ਵਲੋਂ ਚੱਲੀ ਗਈ, ਉਹ ਸਾਬਤ ਕਰ ਦਿਤਾ ਮਹਾਰਾਜ ਜੀ ਨੇ। ਦੂਸਰੀ ਵਾਰੀ ਔਰੰਗਜ਼ੇਬ ਤੋਂ ਚਿੱਠੀ ਮੰਗਾਈ। ਚਿੱਠੀ ਨੂੰ ਕੁਰਾਨ ਸ਼ਰੀਫ ਦੇ ਨਾਲ ਚਿਪਕਾ ਦਿਤਾ। ਦੂਜਿਆਂ ਨੇ ਗਊ ਬਣਵਾਈ ਤੇ ਉਹਦੇ ਵਿਚ ਰੱਖ ਦਿਤੀ। ਲਿਖਿਆ ਇਹ ਕਿ ਸਾਡਾ ਕੋਈ ਝਗੜਾ ਨਹੀਂ ਹੈ, ਜੇ ਤੁਸੀਂ ਥੋੜ੍ਹੇ ਦਿਨ ਵਾਸਤੇ ਕਿਲ੍ਹਾ ਛੱਡ ਕੇ ਚਲੇ ਜਾਓ ਸਾਡੇ ਵਲੋਂ ਕੋਈ ਗੱਲ ਹੋਏਗੀ ਹੀ ਨਹੀਂ? ਉਸ ਵੇਲੇ ਮਹਾਰਾਜ ਜੀ ਨੇ ਕਿਹਾ ਦੇਖੋ ਪ੍ਰੇਮੀਓਂ! ਹੈ ਇਹ ਧੋਖਾ ਸਾਰਾ। ਪਰ ਸਾਡੇ ਮੂਹਰੇ ਇਕ ਧਾਰਮਿਕ ਸੰਕਟ ਆ ਗਿਆ। ਉਹ ਇਹ ਹੈ ਕਿ ਕੁਰਾਨ ਸ਼ਰੀਫ ਦੇ ਨਾਲ ਚਿੱਠੀ ਚਮੇੜੀ ਹੋਈ, ਕੁਰਾਨ ਸ਼ਰੀਫ ਦੀ ਜਿਹੜੀ ਇਜ਼ਤ ਹੈ ਇਹ ਸਾਡੇ ਬਿਨਾਂ ਕੋਈ ਰੱਖ ਨਹੀਂ ਸਕਦਾ ਇਸ ਵਕਤ। ਇਹਦੀ ਇਜ਼ਤ ਰੱਖਣ ਵਾਸਤੇ ਸਾਨੂੰ ਕਿਲ੍ਹਾ ਛੱਡਣਾ ਪੈਣਾ ਹੈ। ਉਸ ਵੇਲੇ ਮਹਾਰਾਜ ਜੀ ਨੇ ਕਿਲ੍ਹਾ ਛੱਡ ਦਿਤਾ, ਇਨ੍ਹਾਂ ਨੇ ਹਮਲਾ ਕਰ ਦਿਤਾ। ਪੰਜ ਸੌ ਸਿੰਘ ਮਹਾਰਾਜ ਜੀ ਦੇ ਨਾਲ ਸੀਗਾ। ਉਹ ਪਰਿਵਾਰ ਵਿਛੋੜੇ ਤੱਕ ਆਉਂਦੇ-ਆਉਂਦੇ ਸ਼ਹੀਦ ਹੋ ਗਏ। ਥੋੜ੍ਹੇ ਜਿਹੇ ਬਚੇ ਡੇਢ-ਦੋ ਸੌ, ਜਦੋਂ ਦਰਿਆ ਵਿਚ ਗਏ, ਦਰਿਆ ਚੜ੍ਹਿਆ ਹੋਇਆ ਸੀ, ਕੁਦਰਤੀ ਉਤੋਂ ਮੀਂਹ ਪੈ ਗਿਆ, ਸਿੰਘ ਰੁੜ੍ਹਨੇ ਸ਼ੁਰੂ ਹੋ ਗਏ, ਜਿਹੜਾ ਵੱਡਾ ਗ੍ਰੰਥ ਸੀ ਵਿਦਿਆਧਰ ਗ੍ਰੰਥ ਉਹਨੂੰ ਪੰਜ-ਸੱਤ ਸਿੰਘਾਂ ਨੇ ਫੜਿਆ ਹੋਇਆ ਸੀ, ਪਾਣੀ ਦੇ ਜ਼ੋਰ ਨੇ ਸਿੰਘਾਂ ਨੂੰ ਵੀ ਹੜ੍ਹਾ

ਲਿਆ ਤੇ ਗ੍ਰੰਥ ਵੀ ਰੁੜ੍ਹ ਗਿਆ। ਥੋੜ੍ਹੇ ਜਿਹੇ ਪਤਰੇ ਰਹਿ ਗਏ ਹੱਥ ਵਿਚ। ਉਹ ਅੱਜਕਲ੍ਹ ਐਮ.ਏ. ਦਾ ਕੋਰਸ ਲੱਗਿਆ ਹੋਇਆ ਹੈ, ਪਾਰਸਭਾਗ ਗ੍ਰੰਥ ਕਹਿੰਦੇ ਨੇ। ਸੰਤਾਂ ਦੇ ਡੇਰਿਆਂ ਵਿਚ ਵੀ ਕਥਾ ਹੁੰਦੀ ਹੁੰਦੀ ਹੈ। ਸੋ ਇਸ ਤਰ੍ਹਾਂ ਆਪ ਉਸ ਥਾਂ ਤੋਂ ਬਾਹਰ ਨਿਕਲੇ, ਸਾਰਿਆਂ ਨੂੰ ਪਤਾ ਹੈ ਇਤਿਹਾਸ ਦਾ।

ਇਕ ਗੱਲ ਇਤਿਹਾਸਕਾਰ ਗੁਰੂ ਮਹਾਰਾਜ ਦੇ ਮੁੱਖ ਤੋਂ ਕਹਾਉਂਦੇ ਨੇ ਜਿਹਦੇ ਬਾਰੇ ਮੈਂ ਸਾਵਧਾਨੀ ਵਰਤਣੀ ਚਾਹੁੰਦਾ ਹਾਂ। ਉਹ ਇਹ ਹੈ ਕਿ ਗੁਰੂ ਮਹਾਰਾਜ ਨੇ ਕਿਹਾ ਕਿ ਮੁਸਲਮਾਨਾਂ ਦਾ ਕਦੇ ਇਤਬਾਰ ਨਾ ਕਰੋ। ਐਨੀਆਂ ਸੌਹਾਂ ਖਾ ਲੈਣ ਕਿ ਗੁੜ 'ਚ ਲਬੇੜ ਕੇ ਜਿੰਨੇ ਤਿਲ ਲਗ ਜਾਣ, ਐਨੀਆਂ ਸੁਗੰਧਾਂ ਖਾਣ ਤੇ ਵੀ ਨਾ ਕਰੋ।

ਪਰ ਗੁਰੂ ਮਹਾਰਾਜ ਨੇ ਉਸ ਤੋਂ ਬਾਅਦ ਇਤਬਾਰ ਹੀ ਮੁਸਲਮਾਨਾਂ ਦਾ ਕਰਿਆ। ਗੁਰੂ ਮਹਾਰਾਜ ਇਥੋਂ ਸਰਸੇ 'ਚੋਂ ਨਿਕਲਦੇ ਬਚਿੱਤਰ ਸਿੰਘ ਨੂੰ ਲੈ ਕੇ, ਜ਼ਖਮੀ ਹੋ ਗਿਆ, ਨਿਹੰਗ ਖਾ ਕੋਟਲੇ ਵਾਲੇ ਦੇ ਕਿਲ੍ਹੇ ਵਿਚ ਗਏ, ਉਹ ਇਸਲਾਮ ਵਾਲਾ ਸੀ। ਉਸ ਨੇ ਕਿਹਾ ਕਿ ਮਹਾਰਾਜ ਹੁਕਮ ਦਿਓ। ਮਹਾਰਾਜ ਨੇ ਕਿਹਾ ਹੁਕਮ ਤੇਰੇ ਵਸ ਦਾ ਨਹੀਂ ਹੈ, ਫੌਜਾਂ ਚੜ੍ਹੀਆਂ ਆ ਰਹੀਆਂ ਨੇ। ਆਹ ਸਿੰਘ ਦਾ ਤੂੰ ਇਲਾਜ ਕਰੀਂ। ਇਲਾਜ ਹੋ ਗਿਆ ਤਾਂ ਸਾਡੇ ਕੋਲ ਆ ਜਾਏਗਾ, ਜੇ ਚੜ੍ਹਾਈ ਕਰ ਗਿਆ ਤਾਂ ਤੂੰ ਸਸਕਾਰ ਕਰ ਦੇਈਂ ਇਹਦਾ।

ਨਿਹੰਗ ਖਾਂ ਨੂੰ ਪੁਛਿਆ ਕਿ ਗੁਰੂ ਗੋਬਿੰਦ ਸਿੰਘ ਆਏ ਹੋਣੇ ਨੇ? ਉਸ ਨੇ ਕਿਹਾ ਕਿ ਆਏ ਹੋਣੇ ਨੇ, ਚਲੇ ਗਏ ਹੋਣੇ ਨੇ, ਮੈਂ ਕੀ ਉਨ੍ਹਾਂ ਦਾ ਆਦਰ ਸਤਿਕਾਰ ਕਰਦਾ ਸੀ, ਜਾਂ ਹਥਿਆਰ ਦਿੰਦਾ ਸੀ। ਉਨ੍ਹਾਂ ਨੇ ਕਿਹਾ ਕਿ ਸਾਨੂੰ ਸ਼ੱਕ ਹੈ ਕਿ ਤੇਰੇ ਕਿਲ੍ਹੇ ਵਿਚ ਰੁਕੇ ਨੇ। ਨਿਹੰਗ ਖਾਂ ਨੇ ਕਿਹਾ ਕਿ ਤਲਾਸੀ ਲੈ ਲਓ। ਤਲਾਸ਼ੀ ਲੈਣੀ ਸ਼ੁਰੂ ਕਰ ਦਿਤੀ। ਜਿਸ ਵਕਤ ਇਕ ਕਮਰੇ ਦੇ ਸਾਮ੍ਹਣੇ ਭਾਈ ਬਚਿੱਤਰ ਸਿੰਘ ਸੀਗਾ, ਉਥੇ ਉਹ ਸ੍ਰੀ ਸਾਹਿਬ ਲੈ ਕੇ ਖੜ੍ਹ ਗਿਆ, ਕਹਿਣ ਲੱਗਿਆ, ਇਥੇ ਮੇਰੀ ਆਬਰੂ ਦਾ ਸਵਾਲ ਹੈ, ਇੱਜ਼ਤ ਦਾ ਸਵਾਲ ਹੈ। ਮੈਂ ਪਠਾਣ ਹੈ ਮੈਂ ਆਪਣੀ ਇਜ਼ਤ ਨਹੀਂ ਦਿੰਦਾ, ਟੁਕੜੇ-ਟੁਕੜੇ ਹੋ ਜਾਵਾਂਗਾ।

ਉਨ੍ਹਾਂ ਨੇ ਕਿਹਾ ਕਿ ਕੀ ਹੈ? ਤਾਂ ਇਸਨੇ ਕਿਹਾ ਕਿ ਮੇਰੀ ਲੜਕੀ ਤੇ ਮੇਰਾ ਦਾਮਾਦ ਅੰਦਰ ਸੁੱਤੇ ਪਏ ਨੇ ਅੰਦਰ ਏਸ ਵੇਲੇ। ਉਨ੍ਹਾਂ ਨੇ ਉਹ ਦਰਵਾਜ਼ਾ ਛੱਡ ਦਿਤਾ।



ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਸਪੁੱਤਰ ਸਾਹਿਬਜਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੂੰ ਆਪਣੇ ਹੱਥੀ ਜੰਗ ਵਿੱਚ ਭੇਜਦੇ ਹੋਏ।

ਜਦੋਂ ਚਲੇ ਜਾਂਦੇ ਨੇ, ਲੜਕੀ ਨੇ ਕਿਹਾ ਅੱਬਾ ਜਾਨ! ਮੈਨੂੰ ਦੱਸਿਆ ਗਿਆ ਹੈ ਕਿ ਤੁਸੀਂ ਜਦੋਂ ਕਮਰੇ ਦੀ ਰਾਖੀ ਕਰ ਰਹੇ ਸੀ, ਤੁਹਾਡੇ ਮੁੱਖ ਤੋਂ ਇਹ ਗੱਲ ਨਿਕਲੀ ਕਿ ਮੇਰਾ ਦਾਮਾਦ ਤੇ ਮੇਰੀ ਲੜਕੀ ਅੰਦਰ ਨੇ। ਹੁਣ ਮੈਂ ਇਕ ਬੇਨਤੀ ਕਰਦੀ ਹਾਂ ਇਹਨੂੰ ਧਿਆਨ ਨਾਲ ਸੁਣਨਾ। ਮੈਂ ਸ਼ਾਦੀ ਨਹੀਂ ਹੁਣ ਕਰਾਉਣੀ। ਤੁਸੀਂ ਦਾਮਾਦ ਉਸਨੂੰ ਕਹਿ ਦਿਤਾ। ਭਾਈ ਬਚਿੱਤਰ ਸਿੰਘ ਚੜ੍ਹਾਈ ਕਰ ਗਿਆ। ਉਸ ਤੋਂ ਬਾਅਦ ਉਹ 137 ਸਾਲ ਦੀ ਹੋਈ, ਵਿਆਹ ਨਹੀਂ ਸੀ ਉਸਨੇ ਕਰਾਇਆ, ਪੂਜਦੇ ਸੀ ਉਸਨੂੰ ਸਾਰੇ।

ਜੇ ਗੁਰੂ ਮਹਾਰਾਜ ਨੇ ਮੁਸਲਮਾਨਾਂ ਦੇ ਖਿਲਾਫ ਫਤਵਾ ਦਿਤਾ ਹੁੰਦਾ ਇਹ ਗੱਲ ਕਿਵੇਂ ਹੋ ਸਕਦੀ ਸੀ ਕਿ ਆਪ ਹੀ ਉਥੇ ਜਾਂਦੇ ਨੇ।

ਫੇਰ ਚਮਕੌਰ ਸਾਹਿਬ ਦਾ ਯੁੱਧ ਹੋਇਆ, ਬੜਾ ਭਾਰੀ ਯੁੱਧ ਸੀ। ਉਥੇ ਦੋ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਜਾਂਦੇ ਨੇ। ਗੁਰੂ ਮਹਾਰਾਜ ਨੂੰ ਉਸ ਵੇਲੇ ਹੁਕਮ ਦਿਤਾ ਜਾਂਦਾ ਹੈ ਕਿ ਸੱਚੇ ਪਾਤਸ਼ਾਹ! ਤੁਸੀਂ ਸ਼ਹੀਦੀ ਨਾ ਲਓ। ਤੁਸੀਂ ਹੋਵੋਂਗੇ, ਪੰਥ ਖਾਲਸਾ ਘੇਰੇ ਵਿਚ ਫਸ ਜਾਏਗਾ। ਉਸ ਵੇਲੇ ਗੁਰੂ ਮਹਾਰਾਜ ਭਾਈ ਦਇਆ ਸਿੰਘ, ਭਾਈ ਮਾਨ ਸਿੰਘ, ਭਾਈ

ਧਰਮ ਸਿੰਘ ਤਿੰਨ ਸਿੰਘਾਂ ਨੂੰ ਲੈ ਕੇ ਬਾਹਰ ਨਿਕਲਦੇ ਨੇ ਤੇ ਆਪ ਮਾਛੀਵਾੜੇ ਜਾ ਪਹੁੰਚਦੇ ਨੇ।

ਮਾਛੀਵਾੜੇ ਦੇ ਉਸ ਵੇਲੇ ਦੋ ਪਠਾਣ ਗਨੀ ਖਾਂ ਤੇ ਨਬੀ ਖਾਂ ਨੂੰ ਜਦੋਂ ਪਤਾ ਲਗਦਾ ਹੈ ਤਾਂ ਮਹਾਰਾਜ ਜੀ ਕੋਲ ਆ ਗਏ, ਕਹਿਣ ਲੱਗੇ, ਸੱਚੇ ਪਾਤਸ਼ਾਹ! ਮਾਛੀਵਾੜਾ ਘੇਰਿਆ ਜਾ ਚੁਕਿਆ ਹੈ, ਪੰਜ ਹਜ਼ਾਰ ਫੌਜ ਦਲੇਰ ਖਾਂ ਲੈ ਕੇ ਆਇਆ ਹੋਇਆ ਹੈ। ਇਹਦੀ ਤਲਾਸ਼ੀ ਸ਼ੁਰੂ ਹੋ ਜਾਣੀ ਹੈ ਕਲ੍ਹ ਤੋਂ ਤੇ ਕੋਈ ਨਾ ਕੋਈ ਤਰੀਕਾ ਕਰਨਾ ਚਾਹੀਦਾ ਹੈ।

ਕਹਿਣ ਲੱਗੇ ਤਰੀਕਾ ਇਹ ਹੈ ਕਿ ਤੁਸੀਂ ਨੀਲੇ ਕਪੜੇ ਪਾ ਕੇ ਉਚ ਦੇ ਪੀਰ ਬਣ ਜਾਓ, ਅਸੀਂ ਚੁੱਕ ਲਵਾਂਗੇ, ਗਵਾਹੀ ਦੀ ਲੋੜ ਪਏਗੀ, ਉਹ ਅਸੀਂ ਇੰਤਜ਼ਾਮ ਕਰ ਲਿਆ। ਸਲੋਹ ਵਾਲੇ ਪੀਰ ਜਿਹੜੇ ਨੇ ਉਨ੍ਹਾਂ ਨੂੰ ਵੀ ਕਹਿ ਦਿਤਾ ਹੈ, ਮੋਠੋਮਾਜਰੇ ਵਾਲਿਆਂ ਨੂੰ ਵੀ ਕਹਿ ਦਿਤਾ ਹੈ, ਤਿੰਨ ਸੱਯਦਾਂ ਨੂੰ ਅਸੀਂ ਬੁਲਾ ਲਿਆ ਹੈ। ਜੇ ਗਵਾਹੀ ਹੋਣ ਲੱਗ ਗਈ ਤਾਂ ਅਸੀਂ ਗਵਾਹੀ ਦੇ ਦੇਵਾਂਗੇ।

ਜਿਸ ਵਕਤ ਮਹਾਰਾਜ ਬਾਹਰ ਨਿਕਲਦੇ ਨੇ ਸ਼ਾਮ ਹੋਈ-ਹੋਈ ਹੈ। ਉਨ੍ਹਾਂ ਨੇ ਘੇਰਨਾ ਹੀ ਸੀ ਕਿ ਕੋਈ ਪੀਰ ਫਕੀਰ ਕੋਈ ਲੰਘ ਨਾ ਜਾਵੇ। ਉਥੇ ਕਹਿਣ ਲੱਗੇ ਕਿ ਗਵਾਹੀ ਦਿਓ। ਉਨ੍ਹਾਂ ਨੇ ਕਿਹਾ ਕਿ ਸੱਯਦ ਸਾਹਿਬ ਇਥੇ ਆਏ ਹੋਏ ਨੇ ਮੋਠੋਮਾਜਰੀ ਉਨ੍ਹਾਂ ਦੀ ਗਵਾਹੀ ਹੋ ਜਾਏਗੀ। ਅਨਾਇਤ ਅਲੀ ਜੀ ਨੇ ਤੇ ਫੌਜ ਵਿਚ ਹੀ ਠਹਿਰੇ ਹੋਏ ਨੇ। ਘੋੜ ਸਵਾਰ ਭੇਜਿਆ। ਉਨ੍ਹਾਂ ਨੇ ਕਿਹਾ ਕਿ ਦੇਖੋ, ਮੈਂ ਤਾਂ ਨਮਾਜ਼ ਪੜ੍ਹਨੀ ਹੈ ਅਜੇ, ਉਨ੍ਹਾਂ ਨੂੰ ਕੁੱਛ ਨਾ ਕਹਿਓ, ਇੱਜ਼ਤ ਰੱਖਿਓ, ਉਹ ਸਰਬ ਕਲਾ ਸਮਰੱਥ ਨੇ, ਉਹ ਸਭ ਕੁਛ ਕਰ ਸਕਦੇ ਨੇ ਜੇ ਉਹ ਚਾਹੁੰਣ। ਮੈਂ ਸਵੇਰ ਦੀ ਨਮਾਜ਼ ਪੜ੍ਹ ਕੇ ਹੌਲੀ ਆਉਂਗਾ, ਕੁਛ ਤਾਂ ਮੇਰਾ ਸਰੀਰ ਬੁੱਢਾ ਹੈ, ਇਕ ਸਰਦੀ ਹੈ। ਸਵੇਰ ਤੱਕ ਤਿੰਨ ਸੱਯਦ, ਇਕ ਮੌਲਵੀ ਆ ਗਿਆ ਜਿਹਨੇ ਗੁਰੂ ਮਹਾਰਾਜ ਨੂੰ ਪੜ੍ਹਾਇਆ ਸੀ, ਇਨ੍ਹਾਂ ਪੰਜਾਂ ਨੇ ਗਵਾਹੀ ਦਿਤੀ ਕਿ ਇਹ ਤਾਂ ਉੱਚ ਦੇ ਪੀਰ ਨੇ। ਉਹ ਸਮਾਂ ਸੀ ਸਾਧਸੰਗਤ ਜੀ! ਜਿਸ ਵਕਤ ਮਿੱਤਰ ਦੀ ਪਰਖ ਹੁੰਦੀ ਹੈ।

ਇਥੇ ਹੀ ਨਹੀਂ ਜਦੋਂ ਰਾਏ ਕੱਲੇ ਦੇ ਕੋਲ ਪਹੁੰਚਦੇ ਨੇ, ਰਾਏ ਕੱਲਾ ਹਾਕਮ ਸੀ ਮੁਸਲਮਾਨ। ਉਹਨੂੰ ਨਵਾਬ ਸਰਹੰਦ ਦੀ ਚਿੱਠੀ ਆਉਂਦੀ ਹੈ ਕਿ ਰਾਏ ਜੀ! ਹੱਛਾ ਹੋ ਗਿਆ ਕਿ ਗੁਰੂ ਗੋਬਿੰਦ ਸਿੰਘ ਤੁਹਾਡੇ ਕੋਲ ਆ ਗਏ, ਤੁਸੀਂ ਇਨ੍ਹਾਂ ਨੂੰ ਜਾਣ ਨਾ ਦੇਣਾ, ਅਸੀਂ ਫੌਜਾਂ ਭੇਜ ਕੇ ਮੰਗਾ ਲੈਂਦੇ ਹਾਂ, ਫੜ ਲੈਂਦੇ ਹਾਂ, ਤੁਹਾਨੂੰ ਵੀ ਇਨਾਮ ਮਿਲੇਗਾ, ਸਾਨੂੰ ਵੀ ਮਿਲੇਗਾ।

ਰਾਏ ਕੱਲੇ ਨੇ ਕਿਹਾ ਕਿ ਨਵਾਬ ਸਾਹਿਬ! ਮੇਰੇ ਪੀਰ ਨੇ, ਮੇਰੀ ਰਿਆਇਆ ਦੇ ਪੀਰ ਨੇ, ਪੀਰਾਂ ਵਾਸਤੇ ਜਿਵੇਂ ਮੁਰੀਦ ਕੱਟ ਕੇ ਮਰ ਜਾਂਦੇ ਨੇ, ਜਦੋਂ ਤੱਕ ਸਾਡੇ ਵਿਚੋਂ ਇਕ ਵੀ ਬੰਦਾ ਜੀਉਂਦਾ ਹੈ, ਤੁਸੀਂ ਗੁਰੂ ਗੋਬਿੰਦ ਸਿੰਘ ਵਲ ਇਕ ਵੀ ਅੱਖ ਚੁੱਕ ਕੇ ਨਹੀਂ ਦੇਖ ਸਕਦੇ।

ਸੋ ਇਹ ਚੀਜ਼ਾਂ ਨੇ ਜਿਹੜੀਆਂ ਅਸੀਂ ਇਤਿਹਾਸਕ ਪੱਖ ਤੋਂ ਦੇਖ ਨਹੀਂ ਰਹੇ। ਸੋ ਇਸ ਤਰ੍ਹਾਂ ਚਲਦੇ-ਚਲਦੇ ਜਦੋਂ ਗੁਰੂ ਮਹਾਰਾਜ ਜਦੋਂ ਲੰਮਾ ਗ੍ਰਾਮ ਪਹੁੰਚੇ, ਉਥੇ ਰਾਏ ਕੱਲੇ ਨੂੰ ਪਤਾ ਲੱਗਿਆ, ਹੋਰਾਂ ਨੂੰ ਪਤਾ ਲੱਗਿਆ ਤੇ ਗੱਲਬਾਤ ਚੱਲੀ ਤਾਂ ਮਹਾਰਾਜ ਕਹਿਣ ਲੱਗੇ ਕਿ ਵੱਡੇ ਸਾਹਿਬਜ਼ਾਦੇ ਤਾਂ ਸਾਡੇ ਨੇਤਰਾਂ ਦੇ ਸਾਮ੍ਹਣੇ ਸ਼ਹਾਦਤ ਪਾ ਗਏ, ਛੋਟਿਆਂ ਦਾ ਹਾਲੇ ਪਤਾ ਨਹੀਂ ਹੈ ਕਿ ਉਹ ਕਿੱਥੇ ਨੇ? ਕੋਈ ਬੰਦਾ ਭੇਜੋ ਸਰਹੰਦ ਜਿਹੜਾ ਜਾ ਕੇ ਪਤਾ ਕਰੇ। ਸਰਹੰਦ ਸੌ ਕਿਲੋਮੀਟਰ ਦਾ ਰਾਹ ਸੀ। 40 ਕੋਹ ਤੇ ਸੀ। ਉਸ ਵੇਲੇ ਮਾਹੀ ਨੂੰ ਮੰਗਾਇਆ ਕਿ ਇਹ ਬੜਾ ਸਿਆਣਾ ਹੈ ਇਹ ਜਾ ਕੇ ਸਾਰੀ ਖਬਰ ਲੈ ਕੇ ਆਏਗਾ। ਗੁਰੂ ਮਹਾਰਾਜ ਕਹਿਣ ਲੱਗੇ, ਮਾਹੀ, ਅੱਜ ਹੀ ਮੁੜ ਆਉਣਾ ਹੈ। ਸਾਰੇ ਹੈਰਾਨ ਹੋ ਗਏ ਕਿ ਸੌ ਕਿਲੋਮੀਟਰ ਆਉਣਾ ਹੈ, ਤੇ ਸੌ ਕਿਲੋਮੀਟਰ ਜਾਣਾ ਹੈ। ਫੇਰ ਉਥੇ ਪੁੱਛ ਪੜਤਾਲ ਕਰਨੀ। ਲੇਕਿਨ ਚੁੱਪ ਕਰ ਰਹੇ ਸਾਰੇ। ਮਹਾਰਾਜ ਕਹਿਣ ਲੱਗੇ, ਜਾਹ ਤੈਨੂੰ ਕੋਈ ਨਹੀਂ ਦੇਖੇਗਾ। ਜਿਥੇ ਤੇਰਾ ਜੀਅ ਕਰਦਾ ਹੈ ਤੂੰ ਕਚਹਿਰੀ 'ਚ ਵੜ ਜਾਈ, ਜਿਥੇ ਤੇਰਾ ਜੀਅ ਕਰਦਾ ਹੈ ਤੂੰ ਗੱਲ ਸੁਣ ਆਈਂ। ਸਾਰੀ ਗੱਲ ਪੂਰੀ ਦੀ ਪੂਰੀ ਮੈਨੂੰ ਆ ਕੇ ਦੱਸੀਂ ਕਿ ਸਾਹਿਬਜ਼ਾਦੇ ਕਿੱਥੇ ਨੇ ਤੇ ਮਾਤਾ ਜੀ ਕਿੱਥੇ ਨੇ?

ਉਹ ਗਿਆ ਤਾਂ ਮਹਾਰਾਜ ਜੀ 12 ਵਜੇ ਹੀ ਕਹਿਣ ਲੱਗ ਗਏ ਕਿ ਆਇਆ ਨਹੀਂ ਮਾਹੀ। ਕਹਿਣ ਲੱਗੇ, ਸੱਚੇ ਪਾਤਸਾਹ! ਉਹ ਤਾਂ ਸਵੇਰੇ ਗਿਆ ਹੈ, ਸੌ ਕਿਲੋਮੀਟਰ ਉਹਨੇ ਜਾਣਾ ਹੈ, ਫੇਰ ਉਥੇ ਪੁੱਛ-ਪੜਤਾਲ ਕਰਨੀ ਹੈ। ਕਹਿਣ ਲੱਗੇ, ਉਤੇ ਦੇਖੋ ਤਾਂ ਦਰਖਤ ਦੇ ਚੜ੍ਹ ਕੇ। ਓਪਰੀ ਨਿਗ੍ਹਾ ਨਾਲ ਉਨ੍ਹਾਂ ਨੇ ਦੇਖਿਆ ਕਿ ਉਹ ਤਾਂ ਹਾਲੇ ਪਹੁੰਚਿਆ ਵੀ ਨਹੀਂ ਹੋਣਾ। ਦੋ ਵਜੇ ਮਹਾਰਾਜ ਨੇ ਫੇਰ ਕਿਹਾ ਕਿ ਦੇਖੋ ਤਾਂ ਮਾਹੀ ਆਉਂਦਾ ਹੈ ਕਿ ਨਹੀਂ? ਜਦੋਂ ਦੋ ਵੱਜੇ ਤਾਂ ਹੈਰਾਨ ਹੁੰਦੇ ਨੇ ਉਡਿਆ ਆ ਰਿਹਾ ਹੈ, ਇਹ ਤਾਂ ਕੌਤਕ ਸੀ ਉਨ੍ਹਾਂ ਦਾ ਸਾਰਾ। ਆ ਕੇ ਉਹ ਗੱਲ ਨਹੀਂ ਕਰਦਾ, ਉਚੀ-ਉਚੀ ਰੋਈ ਜਾਂਦਾ ਹੈ। ਜਿੰਨੇ ਬੈਠੇ ਸੀ ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾਣਾ ਸ਼ੁਰੂ ਹੋ ਗਿਆ ਕਿ ਕੋਈ ਮਾੜੀ ਖਬਰ ਹੋਣੀ ਹੈ।

ਉਸ ਵੇਲੇ ਮਹਾਰਾਜ ਨੇ ਕਿਹਾ ਕਿ ਮਾਹੀ ਜੋ ਕੁੱਛ

ਤੂੰ ਦੇਖ ਕੇ ਆਇਆ ਹੈਂ, ਜੋ ਸੁਣ ਕੇ ਆਇਆ ਹੈ ਉਹ ਦੱਸ ਸਾਰਿਆਂ ਨੂੰ। ਸੰਗਤ ਬੈਠੀ ਹੈ ਸਾਰੀ।

ਉਸ ਵੇਲੇ ਮਹਾਰਾਜ ਪਲੰਘ ਤੇ ਬੈਠੇ ਨੇ, ਛੋਟੀ ਕਰਦ ਕੱਢੀ ਹੋਈ ਹੈ ਹੱਥ ਵਿਚ, ਉਥੇ ਕਾਂਹੀ ਦਾ ਬੂਟਾ ਹੈ, ਉਹਦੇ ਆਲੇ ਦੁਆਲੇ ਮਿੱਟੀ 'ਚ ਕਰਦ ਫੇਰ ਰਹੇ ਨੇ, ਨਾਲੇ ਬਚਨ ਸੁਣੀ ਜਾਂਦੇ ਨੇ।

ਕਹਿਣ ਲੱਗਿਆ ਮਾਹੀ ਕਿ ਪਾਤਸ਼ਾਹ! ਮੇਰੇ ਤੋਂ ਦੱਸ ਨਹੀਂ ਹੋਣਾ, ਮੈਨੂੰ ਪਹਿਲਾਂ ਤਾਕਤ ਦਿਓ ਪਹਿਲਾਂ, ਮੇਰਾ ਰੋਣਾ ਥੰਮ ਜਾਏ ਤੇ ਮੈਂ ਤੁਹਾਨੂੰ ਦੱਸਾਂ।

ਮਹਾਰਾਜ ਕਹਿੰਦੇ ਕੋਈ ਨਾ, ਹੌਂਸਲਾ ਕਰ, ਦੱਸ ਸਾਨੂੰ। ਕਹਿਣ ਲੱਗਿਆ ਸੱਚੇ ਪਾਤਸ਼ਾਹ! ਜਿਹੜਾ ਤੁਹਾਡਾ ਰਸੋਈਆ ਸੀ ਗੰਗੂ, ਉਹ ਲਾਲਚੀ ਹੋ ਗਿਆ, ਲਾਲਚੀ ਹੋਏ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਾ ਦਿਤਾ। ਠੰਢੇ ਬੁਰਜ ਦੇ ਵਿਚ ਰੱਖ ਦਿਤੇ ਨਾ ਕੋਈ ਕੱਪੜਾ, ਮਾਤਾ ਦੇ ਗੋਦ ਵਿਚ ਦੋਵੇਂ ਸਾਹਿਬਜ਼ਾਦੇ ਪਏ ਨੇ। ਨਿੱਘ ਕੋਈ ਨਹੀਂ ਸੀ। ਸਵੇਰੇ ਮਹਾਰਾਜ ਜੀ ਉਨ੍ਹਾਂ ਦੀ ਪੇਸ਼ੀ ਹੋ ਗਈ ਸ਼ੁਰੂ। ਮਾਤਾ ਨੇ ਕਿਹਾ ਕਿ ਦੇਖਿਓ ਬੇਟਾ, ਡਰਨਾ ਨਹੀਂ ਹੈ ਕਿਸੇ ਗੱਲ ਤੋਂ। ਤੁਸੀਂ ਗੁਰੂ ਦੀ ਬਾਣੀ ਪੜ੍ਹੀ ਹੈ, ਤੁਸੀਂ ਸਰੀਰ ਨਹੀਂ ਹੋ, ਆਤਮਾ ਹੋ ਇਸ ਗੱਲ ਨੂੰ ਨਹੀਂ ਭੁੱਲਣਾ।

ਉਸ ਵਕਤ ਜਿਸ ਵਕਤ ਕਚਹਿਰੀ ਵਿਚ ਜਾਂਦੇ ਨੇ ਉਥੇ ਰੂਲ ਸੀ ਕਿ ਸੱਤ ਸਲਾਮਾਂ ਕਰਨੀਆਂ ਨੇ। ਆਪ ਨੇ ਜਾਂਦਿਆਂ ਨੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਦੋਹਾਂ ਨੇ ਗੱਜਵੱਜ ਕੇ ਬੁਲਾਈ। ਉਸ ਵੇਲੇ ਜਦੋਂ ਬਚਨ ਹੋਣੇ ਸ਼ੁਰੂ ਹੋਏ ਤਾਂ ਉਹ ਜਵਾਬਦੇਹ ਨੇ। ਜਿਹੜਾ ਸੁੱਚਾ ਨੰਦ ਸੀ, ਕਹਿੰਦਾ ਨਵਾਬ ਸਾਹਿਬ ਦੇਖੋ, ਆਹ ਬੱਚੇ ਕਿੰਨੇ ਨਿਧੜਕ ਨੇ, ਭੋਰਾ ਜਿੰਨਾ ਤਾਂ ਡਰ ਮੰਨਣ ਕਚਹਿਰੀ ਦਾ, ਤੁਸੀਂ ਬੈਠੇ ਓਂ, ਸਾਰੇ ਜਰਨੈਲ ਬੈਠੇ ਨੇ, ਆਰਮੀ ਦੇ ਵੱਡੇ-ਵੱਡੇ ਆਫੀਸਰ ਬੈਠੇ ਨੇ, ਇਹ ਭੋਰਾ ਜਿੰਨਾ ਵੀ ਨਹੀਂ ਡਰਦੇ।

ਕਹਿਣ ਲੱਗੇ, ਕਿ ਬੱਚਿਓ! ਤੁਸੀਂ ਡਰਦੇ ਕਿਉਂ ਨਹੀਂ ਹੋ? ਸਾਹਿਬਜ਼ਾਦਿਆਂ ਨੇ ਕਿਹਾ ਕਿ ਨਵਾਬ ਸਾਹਿਬ! ਡਰਦਾ ਕੌਣ ਹੁੰਦਾ ਹੈ ਪਹਿਲਾਂ ਇਹ ਦੇਖੋ। ਸਾਰੇ ਵਾਹਿਗੁਰੂ ਪਰੀਪੂਰਨ ਹੈ, ਸਾਡੇ ਨਾਲ ਹੈ, ਅੰਗ ਸੰਗ ਹੈ, ਜਦੋਂ ਵਾਹਿਗੁਰੂ ਸਾਡੇ ਅੰਗ ਸੰਗ ਹੈ ਫੇਰ ਸਾਨੂੰ ਡਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਡਰਦੇ ਉਹ ਹੁੰਦੇ ਨੇ ਜਿਹੜੇ ਵਾਹਿਗੁਰੂ ਨਾਲੋਂ ਟੁੱਟੇ ਹੁੰਦੇ ਨੇ।

*ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ*
*ਸੋ ਡਰੈ ਜਿਨਿ ਪਾਪ ਕਮਤੇ ਰਾਮ ॥*
*ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ*
*ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥*
*ਅੰਗ - ੫੪੦*

ਡਰਨਾ ਤਾਂ ਤੁਹਾਨੂੰ ਚਾਹੀਦਾ ਹੈ ਜਿਨ੍ਹਾਂ ਨੇ ਪਾਪ ਕਮਾਏ ਨੇ। ਦੋਜਕ ਤਿਆਰ ਹੈ ਤੁਹਾਡੇ ਵਾਸਤੇ, ਤੁਹਾਨੂੰ ਡਰਨਾ ਚਾਹੀਦਾ ਹੈ। ਉਸ ਵੇਲੇ ਕਾਜ਼ੀ ਕਹਿਣ ਲੱਗਿਆ, ਦੇਖੋ ਬੱਚਿਓ! ਤੁਸੀਂ ਦੀਨ ਵਿਚ ਆਓ, ਕਹਿਣ ਲੱਗੇ ਕਿਹੜੇ ਵਿਚ? ਤੁਸੀਂ ਸਾਨੂੰ ਦੱਸ ਦਿਓ ਕਿਹੜੇ ਵਿਚ ਆਉਣਾ ਹੈ?

ਕਹਿਣ ਲੱਗੇ, ਸਾਡੇ ਦੀਨ ਵਿਚ ਆਓ ਅਸੀਂ ਇਸਲਾਮ ਵਾਲੇ ਹਾਂ, ਕਹਿਣ ਲੱਗੇ ਕਾਫਰਾਂ ਦੇ ਦੀਨ ਵਿਚ ਆਈਏ? ਤੁਸੀਂ ਤਾਂ ਕੁਰਾਨ ਸ਼ਰੀਫ ਦੀਆਂ ਧੱਜੀਆਂ ਉਡਾ ਦਿਤੀਆਂ। ਕੁਰਾਨ ਸ਼ਰੀਫ ਦੇ ਨਾਲ ਚਿੱਠੀ ਬੰਨ੍ਹ ਕੇ ਮੇਰੇ ਪਿਤਾ ਜੀ ਨਾਲ ਭੇਜੀ, ਮੇਰੇ ਪਿਤਾ ਜੀ ਨੇ ਉਹਦੀ ਲਾਜ ਰੱਖੀ, ਉਹਨੂੰ ਨੀਵਾਂ ਨਹੀਂ ਪੈਣ ਦਿਤਾ ਤੇ ਤਾਂ ਕੁਰਾਨ ਸ਼ਰੀਫ ਦੀਆਂ ਧੱਜੀਆਂ ਉਡਾ ਕੇ ਉਸੇ ਵੇਲੇ ਹਮਲਾ ਕਰ ਦਿਤਾ। ਤੁਸੀਂ ਮੋਮਨ ਹੋਂ ਕਿ ਕਾਫਰ ਹੋਂ? ਤੁਹਾਨੂੰ ਸ਼ਰ੍ਹਾ ਮੰਨਣੀ ਚਾਹੀਦੀ ਹੈ, ਤੁਸੀਂ ਸ਼ਰ੍ਹਾ ਨੂੰ ਨਹੀਂ ਮੰਨਦੇ। ਤੁਸੀਂ ਰੋਜ਼ੇ ਰਖਦੇ ਹੋਂ, ਸਾਡੇ ਗੁਰੂ ਸਾਹਿਬ ਨੇ ਕਿਹਾ ਹੈ 'ਅਲਪ ਅਹਾਰ ਸੁਲਪ ਸੀ ਨਿੰਦਰਾ ਦਇਆ ਛਿਮਾ ਤਨ ਪ੍ਰੀਤ।' ਹਰ ਰੋਜ਼ ਸਾਡੇ ਰੋਜ਼ੇ ਨੇ, ਹਰ ਵਕਤ ਸਾਡੀ ਨਮਾਜ਼ ਹੈ, ਅਸੀਂ ਇਕ ਸਕਿੰਟ ਵਾਸਤੇ ਵੀ ਵਾਹਿਗੁਰੂ ਨੂੰ ਨਹੀਂ ਭੁੱਲਦੇ। ਤੁਸੀਂ ਪੰਜ ਵਾਰੀ ਯਾਦ ਕਰਦੇ ਓਂ। ਅਸੀਂ ਤਾਂ ਹਰ ਵਕਤ ਹੀ ਪ੍ਰਮੇਸ਼ਰ ਦੇ ਨਾਲ ਜੁੜੇ ਰਹਿੰਦੇ ਹਾਂ। ਅਸੀਂ ਕਿਸੇ ਨਾਲ ਕੋਈ ਵੈਰ ਨਹੀਂ ਕਰਦੇ, ਕਿਸੇ ਦਾ ਬੁਰਾ ਨਹੀਂ ਕਰਦੇ। ਏਸ ਦੀਨ ਵਿਚ ਲਿਆਉਣਾ ਚਾਹੁੰਦੇ ਓਂ ਸਾਨੂੰ ਤੁਸੀਂ? ਇਹ ਤਾਂ ਕਾਫਰਾਂ ਦਾ ਹੈ। ਕਹਿਣ ਲੱਗੇ, ਦੇਖੋ ਬੱਚਿਓ! ਇਹ ਗੱਲਾਂ ਛੱਡੋ ਤੁਸੀਂ, ਇਹ ਤੁਹਾਡੇ ਕਰਨ ਵਾਲੀਆਂ ਨਹੀਂ ਹਨ। ਦੇਖੋ, ਅਸੀਂ ਤੁਹਾਨੂੰ ਘਰ ਬਣਾ ਕੇ ਦੇਵਾਂਗੇ, ਕੋਠੀਆਂ ਬਣਾ ਕੇ ਦੇਵਾਂਗੇ, ਤੁਹਾਨੂੰ ਪੀਰਾਂ ਵਾਂਗੂੰ ਮੰਨਾਂਗੇ, ਬੇਅੰਤ ਧਨ ਦੇਵਾਂਗੇ, ਦੌਲਤ ਦੇਵਾਂਗੇ। ਕਹਿਣ ਲੱਗੇ, ਨਵਾਬ ਸਾਹਿਬ! ਇਨ੍ਹਾਂ ਦੌਲਤਾਂ ਨੂੰ ਕੋਈ ਮਾਣ ਸਕਿਆ ਹੈ ਅੱਜ ਤੱਕ, ਇਥੇ ਜੀਵ ਆਇਆ ਹੈ, ਉਹਨੇ ਆਪਣੇ ਭਾਗਾਂ ਦੇ ਮੁਤਾਬਿਕ ਭੋਗ ਕੇ ਉਸ ਤੋਂ ਬਾਅਦ ਸੰਸਾਰ ਤੋਂ ਜਾਣਾ ਪੈਂਦਾ ਹੈ। ਜਾਂਦਾ ਹੋਇਆ ਕੋਈ ਨਹੀਂ ਲੈ ਕੇ ਜਾਂਦਾ। ਤੁਹਾਡਾ ਜਿਹੜਾ ਵੱਡਾ ਬਾਦਸ਼ਾਹ ਸੀ, ਮਹਿਮੂਦ ਗਜਨਵੀ। ਉਹ ਜਦੋਂ ਜਾਣ ਲੱਗਿਆ ਸਿਰ ਦਾ ਅਟੈਕ ਹੋ ਗਿਆ ਉਸਨੂੰ, ਪਤਾ ਲੱਗ ਗਿਆ ਕਿ ਹੁਣ ਨਹੀਂ ਮੈਂ ਬਚਦਾ, ਉਹਨੇ ਪਹੀਆਂ ਵਾਲੀ ਕੁਰਸੀ ਮੰਗਾ ਕੇ ਹੁਕਮ ਕਰ ਦਿਤਾ ਕਿ ਜਿੰਨੀਆਂ ਲੁੱਟਾਂ ਮੈਂ ਲੁੱਟੀਆਂ ਨੇ ਲਾਈਨਾਂ ਲਾ ਦਿਓ, ਲਾਇਨਾਂ ਲਾ ਦਿਤੀਆਂ। ਰੋਂਦਾ ਜਾ ਰਿਹਾ ਹੈ, ਕਿ ਆਹ ਮੈਂ ਸੋਮਨਾਥ ਦੇ ਮੰਦਰ 'ਚੋ ਲਿਆਂਦਾ ਸੀ, ਆਹ ਫਲਾਣੇ ਥਾਉਂ ਤੋਂ ਲਿਆਇਆ, ਐਨੇ ਬੰਦੇ ਮਾਰੇ, ਰੋ ਰਿਹਾ ਹੈ ਰਿਹਾ ਹੈ ਉਸ ਵੇਲੇ ਬਹੁਤ। ਜਦੋਂ ਘੁੰਮ ਆਇਆ। ਕਹਿਣ

ਲੱਗਿਆ ਇਕ ਗੱਲ ਕਰ ਦਿਓ ਮੇਰੇ ਜਨਾਜੇ ਦੇ ਨਾਲ ਲਿਖ ਕੇ ਲਾ ਦਿਓ ਕਿ ਮਹਿਮੂਦ ਜਿਹਨੇ ਦੁਨੀਆਂ ਨੂੰ ਲੁੱਟ ਕੇ ਦੌਲਤ ਲਿਆਂਦੀ ਹੈ, ਆਹ ਦੇਖੋ ਖਾਲੀ ਹੱਥ ਜਾ ਰਿਹਾ ਹੈ, ਨੰਗੇ ਪੈਰੀਂ ਜਾ ਰਿਹਾ ਹੈ।

ਸੋ ਤੁਹਾਡੀ ਦਿਤੀ ਹੋਈ ਦੌਲਤ ਸਾਡੇ ਨਾਲ ਨਿਭ ਜਾਏਗੀ?

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***

***ਅੰਗ - ੧੩੬੫***

ਧਨ ਦਾ ਲਾਲਚ ਦਿੰਦੇ ਓਂ ਸਾਨੂੰ? ਇਹ ਤਾਂ ਇਕ ਵਾਰੀ ਹੋਇਐ ਦੂਜੀ ਵਾਰੀ ਦਿਸਦਾ ਨਹੀਂ ਹੈ। ਧਰਮ ਜਿਹੜਾ ਹੈ ਉਹ ਨਾਲ ਜਾਂਦਾ ਹੈ। ਫੇਰ ਸਾਨੂੰ ਪਤਾ ਹੈ ਕਿ ਤੁਸੀਂ ਸ਼ਰਾ ਵਾਲੇ ਨਹੀਂ ਹੋ, ਤੁਸੀਂ ਦੀਨ ਵਾਲੇ ਨਹੀਂ ਹੋਂ, ਤੁਸੀਂ ਕਾਫਲ ਹੋ। ਤੁਹਾਡੇ ਰੋਜ਼ੇ ਵੀ ਗਲਤ, ਤੁਹਾਡੀਆਂ ਨਮਾਜ਼ਾਂ ਵੀ ਗਲਤ, ਮਨ ਤੁਹਾਡੇ ਕਿਤੇ ਫਿਰਦੇ ਨੇ ਪਾਪ ਕਮਾਉਂਦੇ ਹੋਂ।

ਵਾਹਿਗੁਰੂ ਜੀ ਨੂੰ ਤਾਂ ਅਸੀਂ ਹਰ ਥਾਂ ਪਰੀਪੂਰਨ ਦੇਖਦੇ ਹਾਂ -

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥***

***ਅੰਗ - ੨੯੩***

ਸੋ ਇਸ ਤਰ੍ਹਾਂ ਦੇ ਬਚਨ ਕਰ ਰਹੇ ਨੇ। ਹੋਰ ਵੀ ਸਾਰੇ ਵਾਰੀ-ਵਾਰੀ ਬੋਲੀ ਜਾਂਦੇ ਨੇ। ਉਹ ਕਹਿਣ ਲੱਗੇ, ਕਿ ਦੇਖੋ ਸਾਡੇ ਵਾਸਤੇ ਮਨੁੱਖ ਇਕ ਹੈ, ਤਰੀਕੇ ਅੱਡ-ਅੱਡ ਨੇ।

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,

***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜੋਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,***
***ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ,***
***ਏਕ ਹੀ ਕੀ ਸੇਵਾ ਸਭ ਹੀ ਕੋ ਗੁਰਦੇਵ ਏਕ,***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥***

***ਅਕਾਲ ਉਸਤਤਿ***

ਇਕੋ ਜੋਤ ਹੈ ਸਾਰਿਆਂ ਦੇ ਅੰਦਰ ਇਹ ਤਾਂ ਨਾਉਂ ਪਏ ਹੋਏ ਨੇ।

ਸੋ ਕਹਿਣ ਲੱਗੇ, ਚਾਹੇ ਨਮਾਜ਼ ਪੜ੍ਹ ਲਓ, ਪੂਜਾ ਕਰ ਲਓ, ਸਾਰੀ ਵਾਹਿਗੁਰੂ ਨਾਲ ਤਾਂ ਕੀਤੀ ਜਾਂਦੀ ਹੈ। ਇਹਦੇ ਵਿਚ ਤੁਹਾਡਾ ਧਰਮ ਕਿੱਥੋਂ ਆ ਗਿਆ ਵੱਡਾ। ਸਾਰੇ ਆਪਣੀ-ਆਪਣੀ ਭਾਵਨਾ ਦੇ ਨਾਲ ਕਰਦੇ ਨੇ।

ਕਹਿਣ ਲੱਗੇ ਕਿ ਇਹ ਕਾਹਦੀ ਵੰਡ ਹੈ? ਸਾਰੇ ਵਾਹਿਗੁਰੂ ਨੂੰ ਪਿਆਰ ਕਰਦੇ ਨੇ। ਅਸੀਂ ਵੀ ਕਰਦੇ ਹਾਂ ਤੁਸੀਂ ਵੀ ਕਰਦੇ ਓਂ। ਪਰ ਜਿਹੜਾ ਤੁਸੀਂ ਕਹਿੰਦੇ ਹੋਂ ਕਿ ਸਾਡੀ ਸ਼ਰਾ 'ਚ ਆ ਜਾਓ, ਉਹ ਤੁਹਾਡੀ ਕਾਫਰਾਂ ਦੀ ਹੈ, ਦੈਂਤਾਂ ਦੀ ਹੈ। ਇਹ ਦੇਵਤਿਆਂ ਦੀ ਨਹੀਂ ਹੈ। ਇਹਦੇ ਵਿਚ ਤੁਸੀਂ ਕਿੰਨੇ ਜ਼ੁਲਮ ਕਰਦੇ ਓਂ।

ਮਜ਼੍ਹਬ ਕੀ ਹੁੰਦਾ ਹੈ। ਦੇਖੋ! ਹਰ ਘਟ ਦੇ ਵਿਚ ਵਾਹਿਗੁਰੂ ਵਸਦਾ ਹੈ, ਅੱਲਾਹ ਵਸਦਾ ਹੈ, ਕੋਈ ਐਸਾ ਨਹੀਂ ਜਿਸ ਵਿਚ ਉਹਦਾ ਵਸਦਾ ਨਹੀਂ। ਮਜ਼੍ਹਬ ਕਹਿੰਦੇ ਨੇ ਖੋਜ ਨੂੰ। ਹਰ ਬੰਦਾ ਖੋਜ ਕਰਦਾ ਹੈ ਕਿ ਵਾਹਿਗੁਰੂ ਤੱਕ ਕਿਵੇਂ ਪਹੁੰਚ ਜਾਈਏ। ਅਸੀਂ ਵੀ ਅੰਦਰ ਖੋਜ ਕਰਦੇ ਹਾਂ, ਵਾਹਿਗੁਰੂ ਤੱਕ ਪਹੁੰਚਣ ਵਾਸਤੇ। ਪੜਦਾ ਹੈ ਬਹੁਤ ਜ਼ਬਰਦਸਤ ਅੰਦਰ ਹਉਮੈ ਦਾ। ਹਉਮੈ ਨੇ ਵਾਹਿਗੁਰੂ ਨੂੰ ਢਕਿਆ ਹੋਇਆ। ਇਲਾਜ ਤਾਂ ਹਉਮੈ ਦਾ ਕਰਨਾ ਹੈ, ਨਾ ਕਿ ਮੁਸਲਮਾਨ ਬਣਨਾ ਹੈ, ਨਾ ਕਿ ਹਿੰਦੂ ਬਣਨਾ ਹੈ ਕਿ ਸਿੱਖ ਬਣਨਾ ਹੈ। ਉਹ ਪੜ੍ਹਦਾ ਜਿਹੜਾ ਹੈ ਇਹਨੂੰ ਕੱਟਣਾ ਹੈ, ਆਪੇ ਦੀ ਪਛਾਣ ਕਰਨਾ ਸਾਡਾ ਮੁੱਖ ਕਰਮ ਹੈ। ਸਤਿ ਕਰਮ ਕਰਕੇ ਸਾਧਨ ਪੱਖ ਹੈ ਇਹਦਾ। ਸਤਿ ਦੀ ਪਛਾਣ ਹੁੰਦੀ ਹੈ।

ਸਾਹਿਬਜ਼ਾਦਿਆਂ ਨੇ ਤੁਸੀਂ ਸਾਡੇ ਉਤੇ ਦੋਸ਼ ਥਾਪਦੇ ਓਂ, ਸਾਡਾ ਕਿਹੜਾ ਦੋਸ਼ ਹੈ? ਸਾਡੇ ਪਿਤਾ ਦਾ ਕੀ ਦੋਸ਼ ਹੈ? ਤੁਸੀਂ ਚੜ੍ਹ ਕੇ ਆਏ ਹੋਂ ਜਿੰਨੀ ਵਾਰੀ ਆਏ ਹੋਂ। ਉਹ ਤਾਂ ਨਹੀਂ ਨਾ ਕਿਤੇ ਗਏ।

ਏਸ ਤਰ੍ਹਾਂ ਮਾਹੀ ਨੇ ਦੱਸਿਆ ਕਿ ਸੱਚੇ ਪਾਤਸ਼ਾਹ! ਬੜੀ ਦਲੇਰੀ ਦੇ ਨਾਲ ਤਿੰਨ ਦਿਨ ਜਵਾਬ ਦਿੰਦੇ ਰਹੇ। ਸਾਰੇ ਨਿਰੁੱਤਰ ਹੋ ਗਏ। ਲੇਕਿਨ ਇਕ ਖੱਤਰੀ ਸੀਗਾ। ਝੂਠਾ ਨੰਦ ਉਹਨੇ ਕਿਹਾ ਨਵਾਬ ਸਾਹਿਬ! ਇਹ ਸੱਪਾਂ ਦੇ ਬੱਚੇ ਨੇ, ਸਪੋਲੀਏ, ਜੇ ਹੁਣੇ ਸਿਰ ਫੇਹ ਦਿਓਂਗੇ ਤਾਂ ਬੱਚ ਜਾਓਂਗੇ ਨਹੀਂ ਤਾਂ ਵੱਡੇ ਹੋ ਏ ਖੜੱਪੇ ਨਾਗ ਬਣ ਜਾਣੇ ਨੇ, ਅੱਗੇ ਹੀ ਉਨ੍ਹਾਂ ਨੇ ਕਿੰਨੀ ਬਿਪਤਾ ਪਾ ਛੱਡੀ ਹੈ।

ਕਹਿੰਦੇ, ਫੇਰ ਸਾਰੇ ਤਿਆਰ ਹੋ ਗਏ। ਨੀਵੀਆਂ ਪਾਈ ਬੈਠੇ ਸੀ। ਉਸ ਵੇਲੇ ਪੁੱਛਿਆ ਗਿਆ, ਕਹਿਣ ਲੱਗੇ ਇਹ ਗੱਲਾਂਬਾਤਾਂ ਹੋਰ ਨਹੀਂ ਅਸੀਂ ਸੁਣਨੀਆਂ ਜਾਂ ਤਾਂ ਦੀਨ-ਏ-ਇਸਲਾਮ ਨੂੰ ਕਬੂਲ ਕਰ ਲਓ ਜਾਂ ਫੇਰ ਮੌਤ ਦੀ ਸਜ਼ਾ ਮਿਲੇਗੀ ਤੁਹਾਨੂੰ। ਦੋਹਾਂ ਨੇ ਇਕ ਦੂਜੇ ਵਲ ਦੇਖਿਆ, ਫਤਹਿ ਸਿੰਘ ਨੂੰ ਕਹਿਣ ਲੱਗੇ ਜ਼ੋਰਾਵਾਰ ਸਿੰਘ ਜੀ -

***ਹਮਰੇ ਬੰਸ ਰੀਤ ਇਵ ਆਈ***
***ਸੀਸ ਦੇਤ ਪਰ ਧਰਮ ਨ ਜਾਈ।***

ਗੁਰੂ ਪੰਜਵੇਂ ਪਾਤਸ਼ਾਹ ਨੇ, ਆਪਣੇ ਦਾਦਾ ਜੀ ਗੁਰੂ ਤੇਗ ਬਹਾਦਰ ਸਾਹਿਬ ਨੇ ਸੀਸ ਤਾਂ ਦੇ ਦਿਤਾ ਪਰ ਧਰਮ ਨਹੀਂ ਛੱਡਿਆ। ਇਹ ਆਪਾਂ ਨੂੰ ਹੁਣ ਮੌਤ ਦਾ ਡਰ ਪਾਉਂਦੇ ਨੇ। ਇਨ੍ਹਾਂ ਜਵਾਬ ਦੇ ਦੇਈਏ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***
***ਅੰਗ - ੧੩੬੫***

ਮਾਹੀ ਕਹਿੰਦਾ ਹੈ ਕਿ ਪਾਤਸ਼ਾਹ! ਮੈਂ ਕਿਵੇਂ ਦੱਸਾਂ? ਜਿਗਰ ਫਟ ਰਿਹਾ ਹੈ ਮੇਰਾ। ਛੋਟੇ-ਛੋਟੇ ਬੱਚੇ ਸਾਰੇ ਦੇਖਣ ਵਾਲੇ, ਜਿਹੜੇ ਮੈਨੂੰ ਮਿਲੇ ਨੇ, ਕਹਿ ਰਹੇ ਸੀ ਕਿ ਐਨੇ ਭੋਲੇ ਐਨੇ ਸੁੰਦਰ ਬੱਚੇ ਕਿ ਸਾਡੀਆਂ ਤਾਂ ਰੋਂਦਿਆਂ ਦੀਆਂ ਅੱਖਾਂ ਹੀ ਨਹੀਂ ਸੁੱਕੀਆਂ। ਆਹ ਕੀ ਜ਼ੁਲਮ ਇਨ੍ਹਾਂ ਦੇ ਨਾਲ ਹੋ ਰਿਹਾ ਹੈ। ਪਾਤਸ਼ਾਹ! ਉਨ੍ਹਾਂ ਨੂੰ ਨੀਹਾਂ ਦੇ ਵਿਚ ਚਿਣਨ ਲਗ ਗਏ। ਕੰਧ ਜਦੋਂ ਉਤੇ ਗਈ ਉਹ ਫਟ ਕੇ ਗਿਰ ਗਈ, ਉਹਦੇ ਬਾਅਦ ਇਕ ਜਲਾਦ ਆਇਆ ਦਿੱਲੀ ਤੋਂ, ਨਵਾਬ ਨੇ ਕਿਹਾ ਕਿ ਇਨ੍ਹਾਂ ਨੂੰ ਜਿਹਬਾ ਕਰ ਦਿਓ, ਪਰ ਕੋਈ ਤਿਆਰ ਨਾ ਹੋਇਆ। ਉਨ੍ਹਾਂ ਜਲਾਦਾਂ ਨੇ ਦੋਹਾਂ ਨੇ, ਛਾਤੀਆਂ ਦੇ ਉਤੇ ਗੋਡੇ ਰੱਖ ਕੇ ਮਹਾਰਾਜ! ਅੱਗੇ ਮੈਂ ਨਹੀਂ ਕੁਛ ਕਹਿ ਸਕਦਾ। ਸ਼ਹੀਦ ਕਰ ਦਿਤਾ ਛੁਰੀਆਂ ਨਾਲ।

ਉਸ ਵੇਲੇ ਸਾਰੀ ਸੰਗਤ ਹਉਕੇ ਲੈ-ਲੈ ਕੇ ਰੋ ਰਹੀ ਹੈ। ਮਹਾਰਾਜ ਕਹਿਣ ਲੱਗੇ, ਦੇਖੋ ਇਹ ਅਫਸੋਸ ਦਾ ਨਹੀਂ ਖੁਸ਼ੀ ਮਨਾਉਣ ਦਾ ਕੰਮ ਹੈ ਕਿ ਉਨ੍ਹਾਂ ਨੇ ਧਰਮ ਰੱਖ ਕੇ ਦਿਖਾ ਦਿਤਾ।

ਪਰ ਮਾਹੀਂ ਐਉਂ ਦੱਸ ਮਾਤਾ ਜੀ ਨਾਲ ਕੀ ਬਣਿਆ? ਕਹਿਣ ਲੱਗੇ, ਜਦੋਂ ਮਾਤਾ ਜੀ ਨੂੰ ਖਬਰ ਹੋਈ, ਉਹ ਉਸੇ ਵੇਲੇ ਅਰਦਾਸ ਵਿਚ ਚਲੇ ਗਏ, ਅਰਦਾਸ ਕਰੀ, ਚੌਂਕੜਾ ਮਾਰ ਲਿਆ। ਉਸ ਤੋਂ ਬਾਅਦ ਸ੍ਵਾਸ ਦਸਵੇਂ ਦੁਆਰ 'ਚ ਖਿੱਚ ਕੇ ਬ੍ਰਹਮ ਰੁੰਦਰ ਨੂੰ ਤੋੜ ਕੇ, ਗੁਰਮੁਖਾਂ ਵਾਂਗੂੰ ਸਰੀਰ ਛੱਡ ਦਿਤਾ। ਉਸ ਵੇਲੇ ਮਹਾਰਾਜ, ਟੋਡਰ ਮੱਲ ਨੇ ਮਹਾਰਾਜ ਮੋਹਰਾਂ ਦੇ ਕੇ ਥਾਂ ਖਰੀਦਿਆ ਤੇ ਉਥੇ ਸਸਕਾਰ ਕਰ ਦਿਤਾ ਬੱਚਿਆਂ ਦਾ।

ਉਸ ਵੇਲੇ ਗੁਰੂ ਮਹਾਰਾਜ ਜਿਸ ਬੂਟੇ ਦੇ ਦੁਆਲੇ ਛੋਟੀ ਕਿਰਪਾਨ ਨਾਲ ਮਿੱਟੀ ਵਿਚ ਫੇਰੀ ਜਾਂਦੀ ਸੀ, ਉਨ੍ਹਾਂ ਪੁੱਟ ਦਿਤਾ। ਕਹਿੰਦੇ, ਲਓ ਸਾਧਸੰਗਤ ਜੀ! ਮੁਗਲ ਰਾਜ ਦੀ ਜੜ੍ਹ ਪੁੱਟੀ ਗਈ। ਖਤਮ ਹੋ ਜਾਏਗਾ, ਥੋੜ੍ਹੇ ਦਿਨ ਨੇ। ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਮਾਂਹੀ! ਸਾਰੀ ਕਚਹਿਰੀ ਵਿਚ ਕੋਈ ਬੰਦਾ ਨਹੀਂ ਸੀਗਾ, ਜਿਹਨੇ ਹਾਅ ਦਾ ਨਾਅਰਾ ਮਾਰਿਆ ਹੋਵੇ। ਕਹਿਣ ਲੱਗਿਆ, ਮਹਾਰਾਜ! ਮੈਂ ਦੱਸਣਾ ਭੁੱਲ ਗਿਆ। ਜਦੋਂ ਸਜ਼ਾ ਸੁਣਾਈ ਸੀ ਉਸ ਵੇਲੇ ਮਲੇਰ ਕੋਟਲੇ ਦਾ ਨਵਾਬ ਖੜ੍ਹਾ ਹੋਇਆ, ਉਹਨੇ ਸਵਾਲ ਕਰਿਆ ਕਿ ਦੱਸੋ, ਕਿਹੜੀ ਸ਼ਰਾ ਦੇ ਮੁਤਾਬਿਕ ਤੁਸੀਂ ਬੱਚਿਆਂ ਦੇ ਉਪਰ ਦੋਸ਼ ਲਾ ਰਹੇ ਓਂ, ਇਨ੍ਹਾਂ ਬੱਚਿਆਂ ਦਾ ਕਸੂਰ ਕੀ ਹੈ? ਤੁਹਾਡੇ ਬੱਚਿਆਂ ਵਰਗੇ ਨਹੀਂ ਹਨ ਇਹ? ਇਹ ਬਿਲਕੁਲ ਗਲਤ ਹੋ ਰਿਹਾ ਹੈ, ਕਚਹਿਰੀ ਵਿਚ, ਮੈਂ ਤੁਹਾਡੇ ਇਕ ਅੱਖਰ ਦੇ ਨਾਲ ਸਹਿਮਤ ਨਹੀਂ ਹੈਗਾ। ਮਹਾਰਾਜ ਫੇਰ ਉਹ ਆਪਣੇ ਸਾਰੇ ਬੰਦੇ ਲੈ ਕੇ, ਨਵਾਬ ਦੇ ਕਹਿਣ ਦੇ ਬਾਵਜੂਦ ਵੀ ਕਿ ਨਵਾਬ ਸਾਹਿਬ! ਬੈਠੋ-ਬੈਠੋ ਵਿਚਾਰ ਕਰ ਲੈਨੇ ਹਾਂ, ਉਹਨੇ ਕਿਹਾ ਕਿ ਐਹੋ ਜਿਹੀ ਦੁਸ਼ਟ ਸਭਾ ਦੇ ਵਿਚ ਮੈਂ ਬੈਠਣ ਲਈ ਤਿਆਰ ਨਹੀਂ। ਕਹਿਣ ਲੱਗੇ, ਤੇਰਾ ਤਾਂ ਭਰਾ ਮਾਰਿਆ ਹੈ ਗੁਰੂ ਗੋਬਿੰਦ ਸਿੰਘ ਨੇ? ਤਾਂ ਉਸ ਨੇ ਕਿ ਗੁਰੂ ਗੋਬਿੰਦ ਸਿੰਘ ਤੋਂ ਬਦਲਾ ਲਵਾਂਗੇ ਮੈਦਾਨ-ਏ-ਜੰਗ ਵਿਚ, ਸੂਰਮਿਆਂ ਵਾਂਗੂੰ, ਆਹ ਕੀ ਹੈ ਮਾਸੂਮ ਬੱਚਿਆਂ ਨੂੰ ਤੁਸੀਂ ਕੰਧਾਂ 'ਚ ਚਿਣਨ ਲੱਗੇ ਓਂ। ਮਹਾਰਾਜ! ਉਹ ਬੋਲਦਾ ਹੀ ਚਲਿਆ ਗਿਆ।

ਮਹਾਰਾਜ ਕਹਿੰਦੇ, ਮਲੇਰਕੋਟਲੇ ਦੀ ਜੜ੍ਹ ਹਰੀ ਰਹੇਗੀ। ਉਸ ਵੇਲੇ ਰਾਏ ਕੱਲੇ ਨੇ ਕਿਹਾ ਕਿ ਮਹਾਰਾਜ! ਮੈਂ ਵੀ ਇਸਲਾਮ ਨਾਲ ਸਬੰਧ ਰਖਦਾ ਹਾਂ, ਮੇਰੀ ਸਟੇਟ? ਮਹਾਰਾਜ ਕਹਿੰਦੇ ਅਸੀਂ ਤੈਨੂੰ ਆਪਣੀ ਸ੍ਰੀ ਸਾਹਿਬ ਦਿੰਦੇ ਹਾਂ, ਜਿੰਨੀ ਦੇਰ ਤੱਕ ਤੁਸੀਂ ਇਹਦਾ ਆਦਰ ਸਤਿਕਾਰ ਕਰੋਂਗੇ, ਤੁਹਾਡੇ ਵਲ ਕੋਈ ਝਾਕ ਨਹੀਂ ਸਕੇਗਾ। ਜਿਸ ਦਿਨ ਤੁਸੀਂ ਇਹਦੀ ਬੇਅਦਬੀ ਕਰੋਂਗੇ ਓਦਣ ਤੁਹਾਡਾ ਰਾਜ ਜਾਂਦਾ ਰਹੇਗਾ। ਬਾਕੀ ਪਿਆਰਿਓ, ਜੋ ਛੋਟੀਆਂ-ਛੋਟੀਆਂ ਜਿੰਦਾਂ ਨੇ ਕਰਿਆ ਹੈ, ਉਹ ਤਾਂ ਸਾਰਾ ਸੰਸਾਰ ਯਾਦ ਰੱਖੇਗਾ।

ਮਹਾਰਾਜ ਕਹਿਣ ਲੱਗੇ ਕਿ ਸਾਧਸੰਗਤ ਜੀ! ਇਹ ਅਫਸੋਸ ਕਰਨ ਦਾ ਸਮਾਂ ਨਹੀਂ। ਤੁਸੀਂ ਖੁਸ਼ ਹੋਵੋ ਕਿ ਨਿੱਕੀਆਂ ਜਿੰਦਾਂ ਨੇ ਕਿਵੇਂ ਧਰਮ ਦੀ ਪਾਲਣਾ ਕਰੀ। ਇਸ ਤਰ੍ਹਾਂ -

***ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ੍ ਕੀ ਕਥਾ ਨਿਰਾਰੀ ਰੇ ॥***
***ਆਵਹਿ ਨ ਜਾਹਿ ਨ ਕਬਹੂ ਮਰਤੇ***
***ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫***

ਉਹ ਖਤਮ ਨਹੀਂ ਹੋਇਆ ਕਰਦੇ, ਅਮਰ ਜ਼ਿੰਦਗੀ ਮਿਲ ਜਾਇਆ ਕਰਦੀ ਹੈ। ਸੋ ਇਸ ਤਰ੍ਹਾਂ ਆਪਾਂ ਥੋੜ੍ਹੇ ਪੱਖ ਗੁਰੂ ਮਹਾਰਾਜ ਦੀ ਜ਼ਿੰਦਗੀ ਦੇ ਵਿਚਾਰੇ ਨੇ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ।

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ**

# ਪੰਜਵੇਂ ਬਰਸੀ ਸਮਾਗਮ ਦੀ ਪੰਛੀ ਝਾਤ

## ਸੰਤ ਮਹਾਰਾਜ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ

**ਭਾਈ ਗੁਰਿੰਦਰ ਸਿੰਘ ਰਤਵਾੜਾ ਸਾਹਿਬ**

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਅਤੇ 'ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਬਾਨੀ ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਦਾ ਬਰਸੀ ਸਮਾਗਮ ਟਰੱਸਟ ਦੀ ਚੇਅਰ ਪਰਸਨ ਬੀਬੀ ਰਣਜੀਤ ਕੌਰ ਜੀ ਦੀ ਸਰਪ੍ਰਸਤੀ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਰਹਿਨੁਮਾਈ ਹੇਠ ਬੜੇ ਪਿਆਰ ਅਤੇ ਸ਼ਰਧਾ ਸਹਿਤ ਰਤਵਾੜਾ ਸਾਹਿਬ ਵਿਖੇ ਮਿਤੀ 28 ਅਕਤੂਬਰ ਨੂੰ ਸ਼ੁਰੂ ਹੋਇਆ। ਅੰਮ੍ਰਿਤ ਵੇਲੇ ਤਿੰਨ ਵਜੇ ਤੋਂ ਨਾਮ ਸਿਮਰਨ, ਆਸਾ ਜੀ ਦੀ ਵਾਰ, ਹੁਕਮਨਾਮੇ ਦੀ ਕਥਾ ਅਤੇ 9 ਵਜੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਬੈਂਡ ਵਾਜਿਆਂ ਨਾਲ ਪੰਡਾਲ ਵਿਚ ਸਸ਼ੋਭਤ ਕੀਤੇ ਗਏ। ਇਸ ਤੋਂ ਬਾਅਦ ਰਤਵਾੜਾ ਸਾਹਿਬ ਦੇ ਕੀਰਤਨੀ ਜੱਥਿਆਂ, ਸਕੂਲੀ ਬੱਚਿਆਂ ਦੁਆਰਾ ਰਸਭਿੰਨੇ ਕੀਰਤਨ ਰਾਹੀਂ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਬਾਅਦ ਭਾਈ ਗੁਰਪਾਲ ਸਿੰਘ ਜੀ ਦਾ ਜਥਾ, ਭਾਈ ਤਾਰਾ ਸਿੰਘ ਰਤਵਾੜਾ ਸਾਹਿਬ, ਭਾਈ ਸੁਰਜੀਤ ਸਿੰਘ ਰਾਣਾ ਕਵੀਸਰ ਜਥਾ ਫਤਹਿਗੜ੍ਹ ਸਾਹਿਬ ਵਾਲਿਆਂ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਕਵਿਤਾਵਾਂ ਪੜ੍ਹੀਆਂ, ਕਾਕਾ ਇੰਦਰਜੀਤ ਸਿੰਘ, ਉਪਰੰਤ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਿਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਕੀਤੇ। ਬੱਚੀ ਪਵਨੀਤ ਕੌਰ ਨੇ ਮਹਾਂਪੁਰਖਾਂ ਦੇ ਜੀਵਨ ਬਾਰੇ ਅੰਗਰੇਜ਼ੀ ਵਿਚ ਚਾਨਣਾ ਪਾਇਆ, ਮਾਸਟਰ ਸੁਰਿੰਦਰ ਸਿੰਘ ਰੋਪੜ, ਦਿਗੰਬਰ ਬਾਬਾ ਬਰਫਾਨੀ ਜੀ ਬਦਰੀਨਾਥ ਵਾਲਿਆਂ ਨੇ ਦਰਸ਼ਨ ਦਿੱਤੇ, ਭਾਈ ਵਿਕਰਮਦੀਪ ਸਿੰਘ, ਸਵਾਮੀ ਪ੍ਰੀਤਮ ਜੋਤੀ ਹਰੀ ਜੀ ਨੇ ਜੀਵ ਤੇ ਈਸ਼ਵਰ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਜੀਵ ਦੀ ਹਾਲਤ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਗੁਰੂ ਹੀ ਜੀਵ ਨੂੰ ਛੁਟਕਾਰਾ ਦਿਵਾ ਸਕਦਾ ਹੈ, ਉਪਰੰਤ ਸਵਾਮੀ ਸ਼ੰਕਰਾਨੰਦ ਭੂਰੀ ਵਾਲੇ, ਬਾਬਾ ਅਮਰ ਸਿੰਘ ਰਾੜਾ ਸਾਹਿਬ, ਬਾਬਾ ਗੁਰਪਾਲ ਸਿੰਘ ਫਗਵਾੜਾ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਪੰਜਾਬ ਨੇ ਮਹਾਂਪੁਰਸ਼ਾਂ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ ਅਤੇ ਉਨ੍ਹਾਂ ਦੇ ਪਰਉਪਕਾਰੀ ਜੀਵਨ ਬਾਰੇ ਪਿਆਰ ਪ੍ਰਗਟਾਇਆ। ਉਪਰੰਤ ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਨੇ ਮਹਾਂਪੁਰਖਾਂ ਦੇ ਜੀਵਨ ਦੀ ਅਲੌਕਿਕ ਕਥਾ ਸ਼ੁਰੂ ਕਰਦੇ ਹੋਏ ਸਮਾਪਤੀ ਕਰ ਦਿਤੀ। ਸਮਾਗਮ ਸਮੇਂ 24 ਘੰਟੇ ਲੰਗਰਾਂ ਦੇ ਅਨਿਕ ਪ੍ਰਕਾਰ ਦੇ ਭੋਜਨ ਭੰਡਾਰੇ ਚੱਲੇ।

ਇਸ ਮੌਕੇ ਤੇ ਬਾਬਾ ਜੀ ਵਲੋਂ ਸਥਾਪਿਤ ਕੀਤੇ ਗਏ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਿਰ (ਸੀ.ਬੀ.ਐਸ.ਈ ਤੋਂ ਮਾਨਤਾ ਪ੍ਰਾਪਤ) ਵਲੋਂ ਸਾਲਾਨਾ ਪ੍ਰਦਰਸ਼ਨੀ ਲਗਾਈ ਗਈ ਹੈ ਜਿਸਦਾ ਮੁੱਖ ਵਿਸ਼ਾ ਭਾਰਤ ਦੇ ਸਭਿਆਚਾਰ ਅਤੇ ਵਿਰਸਾ ਪ੍ਰਦਰਸ਼ਨੀ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ। ਚਾਰ ਦਿਸ਼ਾਵਾਂ (ਉਤਰ, ਦੱਖਣ, ਪੂਰਬ, ਪੱਛਮ) ਦੇ ਸਭਿਆਚਾਰ ਨੂੰ ਦਰਸਾਉਂਦੀ ਹੈ। ਪ੍ਰਦਰਸ਼ਨੀ ਦਾ ਮੁੱਖ ਆਕਰਸ਼ਨ ਰੰਗਲਾ ਪੰਜਾਬ ਅਤੇ ਇਸ ਦਾ ਮੁੱਖ ਉਦੇਸ਼ ਪੰਜਾਬ ਦੇ ਪੇਂਡੂ ਵਿਰਸੇ ਦੀ ਸੰਭਾਲ ਸੀ।

ਇਸੇ ਤਰ੍ਹਾਂ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਐਫੀਲੇਟਿਡ ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਵੀ ਪ੍ਰਦਰਸ਼ਨੀ ਵਿਚ ਵੱਖ-ਵੱਖ ਤਰ੍ਹਾਂ ਦੇ ਦ੍ਰਿਸ਼ ਪੇਸ਼ ਕੀਤੇ ਗਏ ਹਨ। ਜਿਸ ਵਿਚ ਸੱਚਖੰਡਵਾਸੀ ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦੇ ਜੀਵਨ ਦੇ ਹਰ ਪੱਖ ਨੂੰ ਪੇਸ਼ ਕਰਨ ਦਾ ਉਪਰਾਲਾ, ਪੰਜਾਬੀ ਸਭਿਆਚਾਰ, ਵਿਗਿਆਨ ਅਤੇ ਤਕਨੀਕ, ਖੂਨ ਦਾਨ, ਪੇਂਟਿੰਗ, ਆਰਟ ਐਂਡ ਕਰਾਫਟ, ਡੇਂਗੂ ਬੁਖਾਰ, ਵਾਤਾਵਰਣ ਜਾਗਰੂਕਤਾ, ਨਸ਼ਾ ਵਿਰੋਧੀ ਲਹਿਰ ਅਤੇ ਗਲੋਬਲ ਜਾਗਰੂਕਤਾ ਨੂੰ ਜਾਗ੍ਰਤ ਕਰਦੀ ਹੋਈ ਪ੍ਰਦਰਸ਼ਨੀ ਬਹੁਤ ਖਿੱਚ ਦਾ ਕੇਂਦਰ ਬਣੀ ਰਹੀ ਜਿਹੜੀ ਕਿ ਮਿਤੀ 28 ਤੋਂ 31 ਅਕਤੂਬਰ ਤਕ ਚਲਦੀ ਰਹੀ।

ਅੱਜ ਮਿਤੀ 29-10-2006 ਨੂੰ ਰਤਵਾੜਾ ਸਾਹਿਬ ਵਿਖੇ ਮਹਾਂਪੁਰਖਾਂ ਦੀ ਯਾਦ ਨੂੰ ਸਮਰਪਿਤ ਸਮਾਗਮ ਦੇ

ਦੂਸਰੇ ਦਿਨ ਸਵੇਰੇ ਅੰਮ੍ਰਿਤ ਵੇਲੇ 3.00 ਵਜੇ ਤੋਂ ਸਿਮਰਨ ਅਭਿਆਸ ਤੋਂ ਉਪਰੰਤ ਆਸਾ ਜੀ ਦੀ ਵਾਰ ਦੀ ਕੀਰਤਨ ਦੀ ਸਮਾਪਤੀ ਮਗਰੋਂ ਪੰਡਾਲ ਵਿਚ ਸਭ ਤੋਂ ਪਹਿਲੇ ਭਗਤ ਤ੍ਰਿਲੋਚਨ ਸਿੰਘ ਜੀ ਨੇ ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ ਸ਼ਬਦ ਗਾਇਨ ਕਰਕੇ ਕੀਰਤਨ ਦਾ ਆਰੰਭ ਕੀਤਾ। ਮਗਰੋਂ ਮਾਸਟਰ ਸੁਰਿੰਦਰ ਸਿੰਘ ਨੇ ਸਾਧੂ ਮਿਲ ਜਾਂਦੇ ਨੇ, ਸੁੱਤੇ ਜਦੋਂ ਭਾਗ ਜਾਗਦੇ ਧਾਰਨਾ ਪੜ੍ਹ ਕੇ ਆਪਣੀ ਹਾਜ਼ਰੀ ਲਗਵਾਈ। ਇਨ੍ਹਾਂ ਤੋਂ ਉਪਰੰਤ ਭਾਈ ਦਰਸ਼ਨ ਸਿੰਘ ਨੇ 'ਸੁਨਿਓ ਮੇਰੇ ਮੀਤਾ ਮਹਿਮਾ ਸਾਧੂਆਂ ਦੇ ਸੰਗ ਦੀ' ਗਾਇਨ ਕਰਕੇ ਮਹਾਂਪੁਰਖਾਂ ਨਾਲ ਆਪਣੇ ਪਿਆਰ ਦਾ ਪ੍ਰਗਟਾਵਾ ਕੀਤਾ। ਭਾਈ ਸੁਰਿੰਦਰ ਸਿੰਘ ਰਤਵਾੜਾ ਸਾਹਿਬ ਨੇ ਧਾਰਨਾ - ਤੇਰੀ ਕਰਨੀ ਨੂੰ ਵੇਖ ਜਗ ਰੋਵੇ ਸਚਖੰਡ ਜਾਣ ਵਾਲਿਆ ਪੜ੍ਹ ਕੇ ਸੰਗਤ ਨੂੰ ਨਿਹਾਲ ਕੀਤਾ। ਇਨ੍ਹਾਂ ਉਪਰੰਤ ਭਾਈ ਜੀਵਨ ਸਿੰਘ ਜੀ ਜੱਥਾ ਬਾਬਾ ਗੁਰਪਾਲ ਸਿੰਘ ਜੀ ਯੂ.ਪੀ./ਫਗਵਾੜੇ ਵਾਲਿਆਂ ਨੇ ਦਰਸ਼ਨ ਕੀ ਮਨ ਆਸ ਘਨੇਰੀ ਸ਼ਬਦ ਗਾਇਨ ਕਰਕੇ ਹਾਜ਼ਰੀ ਲਵਾਈ ਅਤੇ ਧਾਰਨਾ ਪੜ੍ਹੀ ਪਾਵਣਾ ਜੀ ਸਾਨੂੰ ਖੈਰ ਬੰਦਗੀ ਦਾ। ਮਗਰੋਂ ਸੰਤ ਵਰਿਆਮ ਸਿੰਘ ਜੀ ਮੈਮੋਰੀਅਲ ਸਕੂਲ ਦਿਆਂ ਬੱਚਿਆਂ ਅਤੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਦੇ ਬੱਚਿਆਂ ਨੇ ਸ਼ਬਦ ਗਾਇਨ ਕੀਤੇ ਅਤੇ ਬੱਚੀ ਹਰਕੀਰਤ ਕੌਰ ਇੰਗਲੈਂਡ ਵਾਲਿਆਂ ਨੇ ਮਹਾਂਪੁਰਖਾਂ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਕਾਕਾ ਆਤਮ ਪ੍ਰਕਾਸ਼ ਸਿੰਘ ਨੇ ਸੰਪੂਰਨ ਮਨੁੱਖ ਬਾਰੇ ਚਾਨਣਾ ਪਾਇਆ। ਉਪਰੰਤ ਭਾਈ ਬਲਵਿੰਦਰ ਸਿੰਘ ਜੀ ਨਾਮਧਾਰੀ, ਸੰਤ ਕੁਲਵੰਤ ਸਿੰਘ ਜੀ ਰਾੜਾ ਸਾਹਿਬ ਵਾਲਿਆਂ, ਇਸ ਮਗਰੋਂ ਬੱਚੀ ਪ੍ਰਨੀਤ ਕੌਰ ਨੇ ਮਹਾਂਪੁਰਖਾਂ ਦੇ ਪਿਆਰ ਵਿਚ ਕਵਿਤਾ ਉਚਾਰਨ ਕੀਤੀ। ਮਗਰੋਂ ਢਾਡੀ ਜਥਾ ਲਖਬੀਰ ਸਿੰਘ ਘੜੂਆਂ, ਉਪਰੰਤ ਸੰਤ ਫਕੀਰ ਸਿੰਘ ਜੀ ਖੰਨੇ ਵਾਲੇ, ਸਵਾਮੀ ਪ੍ਰੀਤਮ ਜੋਤੀ ਹਰੀ ਜੀ, ਸੰਤ ਫਕੀਰ ਸਿੰਘ ਜੀ ਨੇ, ਬਾਬਾ ਗੁਰਦੇਵ ਸਿੰਘ ਜੀ ਬਨੂੜ ਵਾਲਿਆਂ, ਸੰਤ ਸਵਰਨ ਸਿੰਘ ਜੀ ਖੇੜੀ, ਸੰਤ ਬਾਬਾ ਸਤਨਾਮ ਸਿੰਘ ਜੀ, ਯੂ.ਐਸ.ਏ, ਸੰਤ ਬਾਬਾ ਗੁਰਪਾਲ ਸਿੰਘ ਯੂ.ਪੀ., ਭਾਈ ਬਲਜੀਤ ਸਿੰਘ ਰਤਵਾੜਾ ਸਾਹਿਬ, ਭਾਈ ਤਾਰਾ ਸਿੰਘ ਰਤਵਾੜਾ ਸਾਹਿਬ, ਭਾਈ ਦਰਸ਼ਨ ਸਿੰਘ ਰਤਵਾੜਾ ਸਾਹਿਬ, ਬਾਬਾ ਉਜਾਗਰ ਸਿੰਘ ਕਥਾਕਾਰ ਰਤਵਾੜਾ ਸਾਹਿਬ, ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਨੇ ਟਰੱਸਟ ਰਤਵਾੜਾ ਸਾਹਿਬ ਵਿਖੇ ਚਲ ਰਹੇ ਜਨ ਸਮੂੰਹ ਦੀ ਭਲਾਈ ਵਾਸਤੇ ਚਲ ਰਹੇ ਪਰਉਪਕਾਰ ਦੇ ਕਾਰਜਾਂ ਬਾਰੇ ਬੜੇ ਵਿਸਥਾਰਪੂਰਵਕ ਜਾਣਕਾਰੀ ਦਿਤੀ ਅਤੇ ਆਉਣ ਵਾਲੇ ਸਮੇਂ ਵਿਚ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਧਰਤੀ ਤੇ ਹੋਰ ਵੀ ਪਰਉਪਕਾਰੀ ਕਾਰਜ ਕਰਨ ਦਾ ਵਿਸ਼ਵਾਸ਼ ਪ੍ਰਗਟਾਇਆ। ਮਹਾਂਪੁਰਖਾਂ ਦੁਆਰਾ ਲਿਖਤ ਬਾਰ੍ਹਾਂ ਪੁਸਤਕਾਂ ਵੱਖ ਵੱਖ ਸੰਪ੍ਰਦਾਵਾਂ ਦੇ ਸੰਤਾਂ ਮਹਾਤਮਾਵਾਂ ਦੁਆਰਾ ਰਿਲੀਜ਼ ਕਰਵਾਈਆਂ ਗਈਆਂ। **ਜਿਨ੍ਹਾਂ ਦੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ-**

**'ਸਿਮਰਤ ਕਹਾਂ ਨਹੀਂ',** - ਇਸ ਕਿਤਾਬ ਅੰਦਰ ਮਹਾਂਪੁਰਖਾਂ ਦੁਆਰਾ ਲਿਖਤ 11 ਲੇਖਾਂ ਦਾ ਸੰਗ੍ਰਹਿ ਹੈ। ਜਿਨ੍ਹਾਂ ਵਿਚ ਸਿਮਰਤ ਕਹਾਂ ਨਹੀ, ਬਿਨੁ ਗੁਰ ਮੁਕਤਿ ਨ ਹੋਵਈ, ਦਾਸ ਅੰਨਿਨ ਮੇਰੋ ਨਿਜ ਰੂਪ, ਪੀਰ ਮੁਰੀਦਾ ਪਿਰਹੜੀ, ਆਵੈ ਅੰਤ ਨ ਭਜਿਆ ਜਾਈ, ਹੁਕਮ ਰਜਾਈ ਚਲਣਾ, ਜਿਸਨੋ ਦਇਆਲ ਹੋਵੈ ਮੇਰਾ ਸੁਆਮੀ, ਜੀਵਨ ਮਨੋਰਥ, ਐਸੋ ਸਹਾਈ ਹਰਿ ਕੋ ਨਾਮੁ, ਦੂਰ ਦੇਸ ਦਾ ਰਾਜਾ, ਸਾਸਿ ਸਾਸਿ ਸਿਮਰਹੁ ਗੋਬਿੰਦ ਦੇ ਸਿਰਲੇਖ ਹੇਠ ਮਹਾਂਪੁਰਖਾਂ ਨੇ ਸੇਵਾ ਅਤੇ ਸਿਮਰਨ ਦੀਆਂ ਵਿਧੀਆਂ ਪ੍ਰਗਟਾਈਆਂ ਹਨ। ਜਿਸ ਨੂੰ ਪੜ੍ਹ ਕੇ ਗੁਰਮਤਿ ਦੇ ਗੂੜ੍ਹ ਸਿਧਾਂਤਾਂ ਦੀ ਜਾਣਕਾਰੀ ਮਿਲਦੀ ਹੈ। ਇਹ 317 ਪੰਨਿਆਂ ਦੀ ਵੱਡੇ ਆਕਾਰ ਵਿਚ ਪੁਸਤਕ ਹੈ।

**'ਅੰਦਰਲੀ ਖੋਜ',** - ਇਸ ਅੰਦਰ ਮਹਾਂਪੁਰਖਾਂ ਦੇ ਹਸਤ ਲਿਖਤ 13 ਲੇਖ ਹਨ, ਜਿਨ੍ਹਾਂ ਅੰਦਰ ਗੁਰ ਕੀ ਪ੍ਰਤੀਤ, ਸਾਂਈ ਨਾਮ ਅਮੋਲ, ਮਹਿਮਾ ਸਾਧੂ ਸੰਗ ਕੀ, ਮਨ ਬੈਰਾਗੀ ਹੋਇ ਅਤੀਤਾ, ਮਾਧਵੇ ਕਿਆ ਕਹੀਐ ਭ੍ਰਮੁ ਐਸਾ, ਭਗਤ ਪ੍ਰਹਿਲਾਦ, ਭਾਈ ਨੰਦ ਲਾਲ ਜੀ, ਸ਼ਾਹੋ ਵਿਛੜਿਆ ਵਣਜਾਰਾ, ਸਾਧ ਬਚਨ ਅਟਲਾਧਾ, ਗੋਬਿੰਦ ਭਾਉ ਭਗਤ ਦਾ ਭੁੱਖਾ, ਕਲਜੁਗ ਨਾਮੇ ਕੀ ਵਡਿਆਈ, ਅੰਦਰਲੀ ਖੋਜ, ਭਗਤ ਨਾਮਦੇਵ ਜੀ ਦੇ ਸਿਰਲੇਖ ਹੇਠ ਮਹਾਂਪੁਰਖਾਂ ਨੇ ਬਹੁਤ ਹੀ ਵਿਸਥਾਰਪੂਰਵਕ ਗੁਰਮਤਿ ਦੇ ਗੂੜ੍ਹ ਵਿਸ਼ਿਆਂ ਨੂੰ ਆਪਣੀ ਕਲਮ ਦੁਆਰਾ ਕਲਮਬੱਧ ਕੀਤਾ ਹੋਇਆ ਹੈ। ਇਹ ਪੁਸਤਕ ਵੱਡੇ ਆਕਾਰ ਵਿਚ 341 ਪੰਨਿਆਂ ਤੇ ਅੰਕਿਤ ਹੈ।

**ਵਿਦੇਸ਼ ਪ੍ਰਚਾਰ ਫੇਰੀ ਸਮੇਂ ਦੇ 'ਰੂਹਾਨੀ ਪ੍ਰਵਚਨ',** - ਇਹ ਪੁਸਤਕ ਜਦੋਂ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੇ 1998 ਵਿਚ ਅਮਰੀਕਾ

ਇੰਗਲੈਂਡ, ਕਾਨੇਡਾ ਦੀ ਪ੍ਰਚਾਰ ਫੇਰੀ ਕੀਤੀ, ਉਸ ਸਮੇਂ ਉਨ੍ਹਾਂ ਦੇ ਸੰਪਰਕ ਵਿਚ ਜਿਹੜੇ ਪ੍ਰੇਮੀ ਪਹੁੰਚੇ ਜਾਂ ਜਿਨ੍ਹਾਂ ਦੇ ਘਰ ਚਰਨ ਪਾਏ ਉਨ੍ਹਾਂ ਵਲੋਂ ਗੁਰਮਤਿ ਦੇ ਵਿਸ਼ਿਆਂ ਤੇ ਪ੍ਰਸ਼ਨ ਪੁੱਛਣ ਤੇ ਮਹਾਂਪੁਰਸ਼ਾਂ ਵਲੋਂ ਵਿਸਥਾਰਪੂਰਵਕ ਗੁਰਮਤਿ ਸਿਧਾਂਤ ਅਨੁਸਾਰ ਉਤਰ ਦਿਤੇ ਗਏ ਹਨ ਅਤੇ ਇਹ ਪੁਸਤਕ ਛੋਟੇ ਆਕਾਰ ਵਿਚ 141 ਪੰਨਿਆਂ ਵਿਚ ਅੰਕਿਤ ਹੈ।

**'ਅਨੰਦਮਈ ਜੀਵਨ ਜਾਂਚ',** – ਇਹ ਪੁਸਤਕ ਡਾ. ਸਵਾਮੀ ਰਾਮ ਜੀ ਦੁਆਰਾ ਇੰਗਲਿਸ਼ ਵਿਚ The art of Joyful living 'ਅਨੰਦ ਮਈ ਜੀਵਨ ਜਾਂਚ' ਦਾ ਅਨੁਵਾਦ ਡਾ. ਬੀਬੀ ਤੇਜਿੰਦਰ ਮਲਹੋਤਰਾ ਜੀ ਰਾਹੀਂ ਪੰਜਾਬੀ ਵਿਚ ਕੀਤਾ ਗਿਆ। ਇਸ ਵਿਚ ਡਾ. ਸਵਾਮੀ ਰਾਮ ਜੀ ਨੇ ਆਪਾ ਕਿਵੇਂ ਚੀਨਣਾ ਹੈ, ਸੱਚਾ ਜੀਵਨ ਜੀਉਂ ਕੇ ਆਦਤਾ ਕਿਵੇਂ ਬਦਲਣੀਆਂ ਹਨ, ਵਿਅਕਤੀਤ੍ਵ ਵਿਚ ਸੰਪੂਰਣਤਾ ਕਿਵੇਂ ਪ੍ਰਾਪਤ ਕਰਨੀ ਹੈ, ਇੱਛਾ ਸ਼ਕਤੀ ਦਾ ਕਿਵੇਂ ਵਿਕਾਸ ਕਰਨਾ ਹੈ, ਇਛਾਵਾਂ ਤੋਂ ਉਚੇ ਉੱਠ ਕੇ ਸੰਸਕਾਰਾਂ ਦੀ ਕਿਵੇਂ ਸੁਧਾਈ ਕਰਨੀ ਹੈ, ਨਕਾਰਾਤਮਕ ਮਨੋਭਾਵਾਂ ਦਾ ਸਰੂਪ, ਯਾਦਾਸ਼ਤ ਸ਼ਕਤੀ ਦਾ ਕਿਵੇਂ ਵਿਕਾਸ ਕਰਨਾ ਹੈ, ਅਨੁਭਵੀ ਅਤੇ ਬੌਧਿਕ ਗਿਆਨ ਦਾ ਵਿਕਾਸ, ਪਿਆਰ ਦੇ ਰਿਸ਼ਤੇ ਤੇ ਅਧਿਆਤਮਵਾਦ, ਆਪਣੇ ਚਕਿਤਿਸਕ ਬਣਨਾ ਸਿਖੋ, ਮਾਤਾ ਪਿਤਾ ਤੇ ਆਤਮ ਮਾਰਗ ਅਤੇ ਮੈਡੀਟੇਸ਼ਨ ਦੇ ਤਰੀਕਿਆਂ ਨੂੰ ਸਮਝਣਾ ਦੇ ਵਿਸ਼ਿਆਂ ਤੇ ਡਾ. ਸਵਾਮੀ ਰਾਮ ਜੀ ਨੇ 298 ਪੰਨਿਆਂ ਤੇ ਬਹੁਤ ਹੀ ਖੋਲ੍ਹ-ਖੋਲ੍ਹ ਕੇ ਬਿਆਨ ਕੀਤਾ ਹੈ।

**'ਇੰਗਲੈਂਡ ਵਿਖੇ ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉਤਰ',** – ਇਹ ਪੁਸਤਕ ਜਦੋਂ ਰਤਵਾੜਾ ਸਾਹਿਬ ਵਾਲੇ ਮਹਾਂਪੁਰਖ ਅਤੇ ਪਰਮ ਸਤਿਕਾਰਯੋਗ ਬੀਜੀ 14-2-1997 ਨੂੰ ਸ. ਸੁਖਜਿੰਦਰ ਸਿੰਘ ਖੇੜਾ ਵਾਲਸਲ ਇੰਗਲੈਂਡ ਵਾਲਿਆਂ ਦੇ ਘਰ ਉਨ੍ਹਾਂ ਦੀ ਫੈਕਟਰੀ ਕੇ.ਟੀ.ਸੀ. ਦਾ ਸ਼ਿਲਾ ਨਿਆਸ ਕਰਨ ਲਈ ਇੰਗਲੈਂਡ ਵਿਖੇ ਉਨ੍ਹਾਂ ਦੇ ਘਰ ਪਹੁੰਚੇ ਤਾਂ ਉਥੋਂ ਦੇ ਛਪਦੇ ਇਕ ਪੰਜਾਬੀ ਪਤ੍ਰਿਕਾ ਆਵਾਜ਼-ਏ-ਕੌਮ ਦੇ ਐਡੀਟਰ ਵਲੋਂ ਲਈ ਗਈ ਇੰਟਰਵਿਊ ਪੂਰੇ ਵੇਰਵੇ ਸਹਿਤ ਪ੍ਰਕਾਸ਼ਤ ਕੀਤੀ ਗਈ ਹੈ। ਇਹ ਪੁਸਤਕ ਦੀ 107 ਪੰਨਿਆਂ ਵਿਚ ਛੋਟੇ ਆਕਾਰ ਵਿਚ ਅੰਕਿਤ ਹੈ।

**'ਅਨੁਭਵੀ ਪ੍ਰਵਚਨ',** – ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਦੁਆਰਾ ਜਦੋਂ ਆਸਾ ਜੀ ਦੀ ਵਾਰ ਦੇ ਕੀਰਤਨ ਰੋਪੜ, ਚੰਡੀਗੜ੍ਹ, ਮੋਹਾਲੀ ਵਿਚ ਸ਼ੁਰੂ ਕੀਤੇ ਗਏ, ਉਸ ਸਮੇਂ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਆਏ ਹੁਕਮਨਾਮੇ ਤੇ ਆਪਣੇ ਪ੍ਰਵਚਨ ਕਰਿਆ ਕਰਦੇ ਸੀ। ਇਸ ਪੁਸਤਕ ਅੰਦਰ ਚਉਥੈ ਭਾਗ ਵਿਚ 250 ਪੰਨੇ ਵਿਚ ਅੰਕਿਤ ਹਨ।

**'ਅੰਮ੍ਰਿਤ ਬਚਨ ਸਾਧ ਕੀ ਬਾਨੀ',** – ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਦੁਆਰਾ ਜਦੋਂ ਆਸਾ ਜੀ ਦੀ ਵਾਰ ਦੇ ਕੀਰਤਨ ਰੋਪੜ, ਚੰਡੀਗੜ੍ਹ, ਮੋਹਾਲੀ ਵਿਚ ਸ਼ੁਰੂ ਕੀਤੇ ਗਏ, ਉਸ ਸਮੇਂ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਆਏ ਹੁਕਮਨਾਮੇ ਤੇ ਆਪਣੇ ਪ੍ਰਵਚਨ ਕਰਿਆ ਕਰਦੇ ਸੀ। ਇਹ ਪੁਸਤਕ ਵੱਡੇ ਆਕਾਰ ਵਿਚ 272 ਪੰਨਿਆਂ ਵਿਚ ਅੰਕਿਤ ਹੈ।

**'ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ',** – ਇਹ ਪੁਸਤਕ ਡਾ. ਸਵਾਮੀ ਰਾਮ ਜੀ ਦੁਆਰਾ ਲਿਖੀ ਗਈ ਹੈ। ਇਸ ਦੇ ਅੰਦਰ ਰਿਸ਼ੀਆਂ ਮੁਨੀਆਂ ਦਾ ਡੂੰਘਾ ਬ੍ਰਹਮਗਿਆਨ ਸਵਾਮੀ ਜੀ ਨੇ ਆਪਣੀ ਕਲਮ ਦੁਆਰਾ ਕਲਮਬੱਧ ਕੀਤਾ ਹੈ। ਇਸਨੂੰ ਪੜ੍ਹ ਕੇ ਉਪਨਿਸ਼ਦਾਂ ਬਾਰੇ ਜਾਣਕਾਰੀ ਮਿਲਦੀ ਹੈ ਤੇ ਇਹ ਪੁਸਤਕ ਛੋਟੇ ਆਕਾਰ ਵਿਚ 143 ਪੰਨਿਆਂ ਵਿਚ ਅੰਕਿਤ ਹੈ।

**'ਗੁਰੂ ਅਮਰਦਾਸ ਪਰਸੀਐ** – ਇਸ ਪੁਸਤਕ ਅੰਦਰ ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਨੇ ਲਗਾਤਾਰ ਤਿੰਨ-ਤਿੰਨ ਘੰਟੇ ਦੇ ਪੰਜ ਦੀਵਾਨ ਲਗਾ ਕੇ ਧੰਨ ਗੁਰੂ ਅਮਰਦਾਸ ਮਹਾਰਾਜ ਜੀ ਦੇ ਜੀਵਨ ਨੂੰ ਖੋਲ੍ਹ-ਖੋਲ੍ਹ ਕੇ ਬਿਆਨ ਕਰਿਆ ਹੋਇਆ ਹੈ। ਇਹ ਪੁਸਤਕ ਛੋਟੇ ਆਕਾਰ ਵਿਚ 220 ਪੰਨਿਆਂ ਤੇ ਅੰਕਿਤ ਹੈ।

**'ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ** – ਭਗਵਤ ਗੀਤਾ ਪੂਰਵੀ ਮਨੋਵਿਗਿਆਨ ਦਾ ਇਕ ਬਹੁਤ ਵੱਡਾ ਸ੍ਰੋਤ ਹੈ। ਸਵਾਮੀ ਰਾਮ ਜੀ ਦੀ ਵਿਆਖਿਆ ਦਾ ਮੰਤਵ ਗੀਤਾ ਵਿਚੋਂ ਮਨੋਵਿਗਿਆਨਕ ਤੱਤ ਕੱਢ ਕੇ ਪਾਠਕਾਂ ਤੱਕ ਪਹੁੰਚਾਉਣਾ ਹੈ। ਗੀਤਾ ਵਿਚ ਇਹ ਤੱਤ ਫਿਲਾਸਫੀ ਨਾਲ ਉਲਝੇ ਪਏ ਹਨ।

ਇਸ ਵਿਆਖਿਆ ਦਾ ਮੰਤਵ ਮਨੋ ਵਿਗਿਆਨਕ ਤੱਤਾਂ ਨੂੰ ਦਾਰਸ਼ਨਿਕ ਤੱਤਾਂ ਤੋਂ ਵਖਰੇ ਕਰਕੇ ਦੇਣਾ ਅਤੇ ਇਹ ਦੱਸਣਾ ਹੈ ਕਿ ਕਿਵੇਂ ਇਹ ਤੱਤ ਰੋਜ਼ਾਨਾ ਜੀਵਨ ਵਿਚ ਪ੍ਰੈਕਟੀਕਲੀ ਲਾਗੂ ਹੁੰਦੇ ਹਨ। ਇਹ ਪੁਸਤਕ ਵੱਡੇ ਆਕਾਰ ਵਿਚ 273 ਪੰਨਿਆਂ ਦੀ ਹੈ।

**Divine Word Contemplation Path (ਸੁਰਤਿ ਸ਼ਬਦਿ ਮਾਰਗ)** – ਇਸ ਕਿਤਾਬ ਅੰਦਰ ਗੁਰੂ ਦਸ਼ਮੇਸ਼ ਪਾਤਸ਼ਾਹ ਪਾਸ ਮਾਤਾ ਜੀਤੋ ਜੀ ਨਾਮ ਜਪਣ ਦੀ ਜੁਗਤੀ ਜਾਨਣ ਬਾਰੇ ਪ੍ਰਾਥਨਾ ਕਰਦੇ ਹਨ। ਇਸ ਪ੍ਰਸ਼ਨ ਦੇ ਉਤਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ, ਸੂਰਜ ਪ੍ਰਕਾਸ਼ ਵਿਚ ਆਏ ਪ੍ਰਸੰਗਾਂ ਅਤੇ ਸੰਤ ਮਹਾਰਾਜ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਦੀ ਦੀਵਾਨਾਂ ਵਿਚ ਸੁਣੇ ਹੋਏ ਪ੍ਰਵਚਨ ਆਦਿ ਨੂੰ ਇਨ੍ਹਾਂ ਕੀਰਤਨ ਵਿਖਿਆਨਾਂ ਦਾ ਆਧਾਰ ਬਣਾਇਆ ਗਿਆ ਹੈ। ਜਿਨ੍ਹਾਂ ਸਾਖੀਆਂ ਦਾ ਇਨ੍ਹਾਂ ਪ੍ਰਸੰਗਾਂ ਵਿਚ ਜ਼ਿਕਰ ਆਵੇਗਾ, ਉਹ ਵੀ ਮਹਾਂਪੁਰਸ਼ਾਂ ਤੋਂ ਸੁਣੀਆਂ ਜਾਂ ਅਨੇਕ ਪੁਸਤਕਾਂ ਵਿਚੋਂ ਪੜ੍ਹੀਆਂ ਹੋਈਆਂ ਹਨ, ਆਪਣੇ ਵਲੋਂ ਕੁਛ ਨਹੀਂ ਲਿਖਿਆ ਗਿਆ।

ਨਾਮ ਜਪਣ ਦਾ ਇਹ ਪ੍ਰਸੰਗ, ਸੱਤ ਵੀਡੀਓ ਫਿਲਮਾਂ ਵਿਚ ਦਰਜ 21 ਘੰਟਿਆਂ ਵਿਚ ਬੋਲਿਆ ਹੋਇਆ ਵਿਸਥਾਰ ਰੂਪ ਵਿਚ ਇਕ ਯਤਨ ਹੈ ਤਾਂ ਕਿ ਸਾਨੂੰ ਥਾਂ-ਥਾਂ ਭਟਕਣ ਦੀ ਲੋੜ ਨਾ ਰਹੇ ਅਤੇ ਗੁਰਮਤਿ ਅਨੁਸਾਰ ਨਾਮ ਜਾਪ ਦਾ ਉਤਸ਼ਾਹ ਪ੍ਰਾਪਤ ਹੋ ਕੇ ਮੰਜ਼ਿਲ ਦੀ ਪ੍ਰਾਪਤੀ ਹੋਵੇ। ਇਹ ਪੁਸਤਕ ਹੁਣ ਤੱਕ ਪੰਜਾਬੀ ਵਿਚ 23000 ਛਪ ਕੇ ਪਾਠਕਾਂ ਦੇ ਹੱਥਾਂ ਵਿਚ ਜਾ ਚੁੱਕੀ ਹੈ ਅਤੇ ਹੁਣ ਇਸ ਦੀ ਟਰਾਂਸਲੇਸ਼ਨ ਇੰਗਲਿਸ਼ ਵਿਚ ਕੀਤੀ ਗਈ ਹੈ।

ਇਸ ਤੋਂ ਇਲਾਵਾ ਰਤਵਾੜਾ ਸਾਹਿਬ ਵਿਖੇ ਤੱਖਰ ਪਰਿਵਾਰ ਇੰਗਲੈਂਡ ਵਲੋਂ ਅੱਖਾਂ ਦੀਆਂ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਚੈਕਅਪ ਕੀਤੇ ਗਏ। ਜਿਸ ਵਿਚ ਹਜ਼ਾਰਾਂ ਦੇ ਕਰੀਬ ਮਰੀਜ਼ ਪਹੁੰਚੇ ਜਿਨ੍ਹਾਂ ਵਿਚੋਂ ਮਰੀਜ਼ਾਂ ਨੂੰ ਫਰੀ ਐਨਕਾਂ, ਲੈਂਨਜ਼, ਆਪਰੇਸ਼ਨ ਕਰਕੇ ਪਾਏ ਗਏ ਹਨ। ਇਸ ਤੋਂ ਇਲਾਵਾ ਜੌਲੀ ਗਰਾਂਟ ਦੇਹਰਾਦੂਨ ਡਾ. ਸਵਾਮੀ ਰਾਮ ਜੀ ਦੇ ਹਾਸਪੀਟਲ ਤੋਂ 10 ਡਾਕਟਰਾਂ ਦੀ ਟੀਮ ਦਵਾਈਆਂ ਨਾਲ ਲੈੱਸ ਹੋ ਕੇ ਪਹੁੰਚੀ ਹੋਈ ਸੀ।

30-10-2006 ਨੂੰ ਸਵੇਰੇ ਸਿਮਰਨ ਅਭਿਆਸ, ਆਸਾ ਜੀ ਦੀ ਵਾਰ ਦੇ ਕੀਰਤਨ ਮਗਰੋਂ ਦੀਵਾਨ ਹਾਲ ਵਿਚ ਕੀਰਤਨ ਆਰੰਭ ਹੋਏ, ਜਿਸ ਵਿਚ ਸਭ ਤੋਂ ਪਹਿਲਾਂ ਸੰਤ ਬਾਬਾ ਹਰਪਾਲ ਸਿੰਘ ਜੀ ਮੁੱਖ ਸੇਵਾਦਾਰ ਵਲੋਂ ਨਾਮ ਸਿਮਰਨ ਨੂੰ ਅਪਨਾਉਣ ਦਾ ਉਪਦੇਸ਼ ਦਿਤਾ ਗਿਆ। ਇਸ ਪਿਛੋਂ ਰਾਗੀ ਭਾਈ ਜੀਵਨ ਸਿੰਘ, ਸੰਤ ਬਾਬਾ ਸੇਵਾ ਸਿੰਘ ਫਰੀਦਕੋਟ, ਭਾਈ ਗੁਰਜੰਟ ਸਿੰਘ, ਗੁਰਦੁਆਰਾ ਮੰਜੀ ਸਾਹਿਬ ਅੰਬਾਲਾ, ਉਪਰੰਤ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਿਰ ਸਿੰਘ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਸਕੂਲ ਦੇ ਬੱਚਿਆਂ ਨੇ ਗੁਰਬਾਣੀ ਦੇ ਕੀਰਤਨ ਰਾਹੀਂ ਨਿਹਾਲ ਕੀਤਾ। ਇਸ ਵਿਚ ਸਰਦਾਰ ਸੰਤੋਖ ਸਿੰਘ ਜੀ ਰੰਧਾਵਾ ਸਾਬਕਾ ਪ੍ਰਧਾਨ ਕਾਂਗਰਸ, ਭਾਈ ਜਸਵਿੰਦਰ ਸਿੰਘ ਘੋਲਾ, ਭਾਈ ਗੁਰਪਾਲ ਸਿੰਘ ਫਗਵਾੜਾ, ਸੰਤ ਸੇਵਾ ਸਿੰਘ ਰਾਮਪੁਰ ਖੇੜਾ, ਬਾਬਾ ਸੁਰਿੰਦਰ ਸਿੰਘ ਧੰਨਾ ਭਗਤ, ਡਾ. ਸ਼ਮਸ਼ੇਰ ਸਿੰਘ ਜੀ ਪਟਿਆਲਾ ਯੂਨੀਵਰਸਿਟੀ, ਸੰਤ ਹਰਜਿੰਦਰ ਸਿੰਘ ਜੀ ਧਬਲਾਨ, ਸੰਤ ਰਣਜੀਤ ਸਿੰਘ ਦਿਆਲ ਭਿੱਖੀ ਵਾਲੇ, ਸੰਤ ਭੁਪਿੰਦਰ ਸਿੰਘ ਜਰਗ, ਬੀਬੀ ਸਤਿਪ੍ਰੀਤ ਹਰੀ ਜੀ, ਭਾਈ ਸੁਰਿੰਦਰ ਸਿੰਘ ਰੋਪੜ, ਸੰਤ ਬਾਬਾ ਕੁਲਜੀਤ ਸਿੰਘ ਸ਼ੀਸ਼ ਮਹਿਲ, ਸੰਤ ਬਾਬਾ ਸਤਨਾਮ ਸਿੰਘ ਅਟਵਾਲ ਯੂ.ਐਸ.ਏ ਵਾਲਿਆਂ ਨੇ ਨਾਮ ਜਪਾਇਆ।

ਮਹਾਂਪੁਰਸ਼ਾਂ ਦੀ ਯਾਦ ਵਿਚ ਸ. ਸੰਤੋਖ ਸਿੰਘ ਰੰਧਾਵਾ ਨੇ ਰਤਵਾੜਾ ਸਾਹਿਬ ਦਾ ਕੈਲੰਡਰ ਰੀਲੀਜ਼ ਕੀਤਾ। ਤੀਸਰੇ ਦਿਨ ਦੀ ਸਮਾਪਤੀ ਬਾਬਾ ਹਰਪਾਲ ਸਿੰਘ ਨੇ ਸੰਗਤਾਂ ਨੂੰ ਸੇਵਾ ਤੇ ਸਿਮਰਨ ਦੇ ਉਪਦੇਸ਼ ਨਾਲ ਕੀਤਾ।

ਦੋ ਦਿਨ ਐਨ.ਐਸ.ਐਸ ਕੈਂਪ ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ ਰਤਵਾੜਾ ਸਾਹਿਬ ਵਿਖੇ ਮਿਤੀ 30 ਅਤੇ 31 ਲਗਾਇਆ ਗਿਆ। ਅੱਜ ਪਹਿਲੇ ਦਿਨ ਬੀ.ਐਡ ਕਾਲਜ ਦੇ ਬੱਚਿਆਂ ਨੇ ਭਾਗ ਲਿਆ ਅਤੇ ਖੂਨ ਦਾਨ ਕੈਂਪ ਵਿਚ ਅਨੇਕਾਂ ਹੀ ਨਿਸ਼ਕਾਮ ਸੇਵਾਦਾਰਾਂ ਦੇ ਨਾਲ ਹੀ 40 ਵਿਦਿਆਰਥੀਆਂ ਜਿਨ੍ਹਾਂ ਵਿਚ B.ed ਕਾਲਜ ਦੇ ਲੜਕੇ, ਲੜਕੀਆਂ ਅਤੇ ਅਧਿਆਪਕਾਂ ਨੇ ਆਪਣਾ ਯੋਗਦਾਨ ਪਾਇਆ। ਖੂਨ ਦਾਨ ਕੈਂਪ ਵਾਲੇ ਸਾਰੇ ਵਾਲੰਟੀਅਰਾਂ ਨੂੰ ਦੁੱਧ, ਕੇਲੇ, ਸੇਬ, ਫਲ ਫਰੂਟ ਰਾਹੀਂ ਸੇਵਾ ਕੀਤੀ ਗਈ ਅਤੇ ਟਰਾਫੀਆਂ ਵੰਡੀਆਂ ਗਈਆਂ। ਇਸ ਤੋਂ ਇਲਾਵਾ ਓਵਰਆਲ ਮੈਡੀਕਲ ਚੈਕਅਪ ਕੈਂਪ ਵੀ ਲਗਾਇਆ ਗਿਆ ਜਿਸ ਵਿਚ ਗੌਰਮਿੰਟ ਮੈਡੀਕਲ ਕਾਲਜ 32 ਸੈਕਟਰ ਤੋਂ ਡਾਕਟਰਾਂ ਨੇ ਆ ਕੇ ਸਟਾਫ ਅਤੇ ਵਿਦਿਆਰਥੀਆਂ ਦਾ ਮੈਡੀਕਲ ਚੈਕਅਪ

ਕੀਤਾ। ਬੀ.ਐਡ ਕਾਲਜ ਦੇ ਵਿਦਿਆਰਥੀਆਂ ਨੇ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਚਲ ਰਹੇ ਸਮਾਗਮ ਵਿਚ ਲੰਗਰ ਵਰਤਾਉਣ ਦੀ ਸੇਵਾ ਕੀਤੀ। ਕਾਲਜ ਦੇ ਚੌਗਿਰਦੇ ਦੀ ਸਫਾਈ ਵੀ ਕੀਤੀ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਿਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੇ ਬੱਚਿਆਂ ਵਲੋਂ ਲਗਾਈ ਗਈ ਪ੍ਰਦਰਸ਼ਨੀ ਨੂੰ ਵੀ ਭਰਵਾਂ ਹੁੰਗਾਰਾ ਮਿਲ ਰਿਹਾ ਸੀ ਅਤੇ ਕੀਰਤਨ ਜਾਰੀ ਰਹੇ ਸ਼ਾਮ ਨੂੰ ਬਾਬਾ ਉਜਾਗਰ ਸਿੰਘ ਜੀ ਦੁਆਰਾ ਸੂਰਜ ਪ੍ਰਕਾਸ਼ ਦੀ ਕਥਾ ਕੀਤੀ ਗਈ ਉਪਰੰਤ ਰਹਿਰਾਸ ਉਪਰੰਤ ਕੀਰਤਨ ਦਾ ਪ੍ਰਵਾਹ ਫੇਰ ਚਲਦਾ ਰਿਹਾ ਅਤੇ ਸਾਰੀ ਰਾਤ ਰੈਣ ਸਬਾਈ ਕੀਰਤਨ ਹੁੰਦਾ ਰਿਹਾ ਜਿਨਾਂ ਵਿਚ ਸਵਾਮੀ ਨਿਤਿਆ ਨੰਦ ਰਮਤਾ ਰਾਮ ਮੁੱਲਾਂਪੁਰ ਗਰੀਬਦਾਸ ਵਾਲਿਆਂ ਅਤੇ ਹੋਰ ਸਾਧੂ ਸੰਤਾਂ ਨੇ ਹਾਜਰੀ ਲਗਵਾਈ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਨੇ ਵੀ ਤਿੰਨ ਘੰਟੇ ਕੀਰਤਨ ਕੀਤਾ ਅਤੇ ਨਾਮ ਦੀਆਂ ਜੁਗਤੀਆਂ ਉਕਤੀਆਂ ਬਾਰੇ ਦੱਸਿਆ। ਦੇਸ਼ ਵਿਦੇਸ਼ ਤੋਂ ਪਹੁੰਚੀ ਹੋਈ ਸੰਗਤ ਨੇ ਰੈਣ ਸਬਾਈ ਕੀਰਤਨ ਦਾ ਦੇਸ਼, ਕਾਲ ਵਸਤੂ ਤੋਂ ਉਪਰ ਉਠ ਕੇ ਅਨੰਦ ਮਾਣਿਆ। ਤੜਕੇ 4.00 ਵਜੇ ਆਸਾ ਜੀ ਦੀ ਵਾਰ ਦੇ ਕੀਰਤਨ ਸ਼ੁਰੂ ਹੋਏ।

31 ਅਕਤੂਬਰ 2001 ਚੌਥੇ ਦਿਨ ਵੱਖ ਵੱਖ ਸੰਪ੍ਰਦਾਵਾਂ ਦੇ ਸਾਧੂ, ਸੰਤ ਮਹਾਤਮਾ ਸਵੇਰ ਤੋਂ ਹੀ ਰਤਵਾੜਾ ਸਾਹਿਬ ਦੀ ਧਰਤੀ ਤੇ ਆਉਣੇ ਸ਼ੁਰੂ ਹੋ ਗਏ। ਇਸ ਦਿਨ ਸੰਤ ਬਾਬਾ ਪਰਦੀਪ ਸਿੰਘ ਬਧਨੀਕਲਾਂ, ਸੰਤ ਅਵਤਾਰ ਸਿੰਘ ਧੂਲਕੋਟ, ਸੰਤ ਬਾਬਾ ਮਾਨ ਸਿੰਘ ਪਿਹੋਵੇ ਵਾਲੇ, ਸੰਤ ਕੁਲਵੰਤ ਸਿੰਘ ਰਾੜਾ ਸਾਹਿਬ, ਸੰਤ ਹਰਜਿੰਦਰ ਸਿੰਘ ਧਬਲਾਨ, ਸੰਤ ਬਾਬਾ ਜਰਨੈਲ ਸਿੰਘ ਹੈਡਗ੍ਰੰਥੀ ਰਾੜਾ ਸਾਹਿਬ, ਸਵਾਮੀ ਪ੍ਰੀਤਮ ਜੋਤੀ ਹਰੀ ਅੰਮ੍ਰਿਤਸਰ, ਸੰਤ ਗੁਰਪਾਲ ਸਿੰਘ ਫਗਵਾੜਾ, ਦਿਗੰਬਰ ਬਾਬਾ ਬਰਫਾਨੀ ਬਦਰੀਨਾਥ, ਸਵਾਮੀ ਨਿਤਿਆਨੰਦ ਰਮਤਾ ਰਾਮ ਮੁਲਾਂਪੁਰ ਗਰੀਬਦਾਸ, ਭਾਈ ਬਲਵਿੰਦਰ ਸਿੰਘ ਨਾਮਧਾਰੀ, ਬਾਬਾ ਸਤਨਾਮ ਸਿੰਘ ਯੂ.ਐਸ.ਏ, ਸੰਤ ਸਵਰਨ ਸਿੰਘ ਖੇੜੀ, ਸੰਤ ਸੇਵਾ ਸਿੰਘ ਰਾਮਪੁਰ ਖੇੜਾ ਕਾਰਸੇਵਾ ਵਾਲੇ, ਸੰਤ ਸੁਰਿੰਦਰ ਸਿੰਘ ਧੰਨਾ ਭਗਤ, ਸੰਤ ਰਣਜੀਤ ਸਿੰਘ ਦਿਆਲਪੁਰ ਭਿੱਖੀ ਵਾਲੇ, ਸੰਤ ਭੁਪਿੰਦਰ ਸਿੰਘ ਜਰਗ, ਬੀਬੀ ਸਤਿਪ੍ਰੀਤ ਹਰੀ ਜੀ ਅੰਮ੍ਰਿਤਸਰ, ਸੰਤ ਮਨਜੀਤ ਸਿੰਘ ਮੁੱਲਾਂਪੁਰ, ਸੰਤ ਮਹਿੰਦਰ ਸਿੰਘ ਲੰਬਿਆ



ਗੁਰਦੁਆਰਾ ਈਸਰ ਪ੍ਰਕਾਸ਼ ਰਤਵਾੜਾ ਸਾਹਿਬ



ਸੰਗਤਾਂ ਗੁਰੂ ਕੇ ਲੰਗਰਾਂ ਵਿਚ



ਬੀਬੀਆਂ ਲੰਗਰ ਲੋਹ ਦੀ ਸੇਵਾ ਨਿਭਾਉਂਦੀਆਂ ਹੋਈਆਂ




ਵਿਦਿਆ ਮੰਦਰ ਦੇ ਬੱਚੇ ਸਮਾਗਮ ਸਮੇਂ ਸਬਦ ਕੀਰਤਨ ਕਰਦੇ ਹੋਏ।



ਸਮਾਗਮ ਸਮੇਂ ਲਗੇ ਖੂਨ ਦਾਨ ਕੈਂਪ ਵਿਚ B.ed college Ratwara Sahib ਦੇ ਵਿਦਿਆਰਥੀਆਂ ਨਾਲ ਸੰਤ ਬਾਬਾ ਹਰਪਾਲ ਸਿੰਘ ਜੀ।



ਤੇਖਰ ਪਰਿਵਾਰ ਇੰਗਲੈਂਡ ਵੱਲੋਂ ਲਗਾਏ ਗਏ ਕੈਂਪ ਦਾ ਇਕ ਦ੍ਰਿਸ਼।



ਖੂਨ ਦਾਨ ਕੈਂਪ ਸਮੇਂ ਦੇ ਵਿਦਿਆਰਥੀ ਅਤੇ ਸਟਾਫ ਦੀ ਇਕ ਤਸਵੀਰ।



ਸਮਾਗਮ ਸਮੇਂ ਮਰੀਜਾਂ ਦਾ ਫਰੀ ਮੈਡੀਕਲ ਚੈਕਅਪ ਇਕ ਦ੍ਰਿਸ਼।

ਵਾਲੇ, ਸੰਤ ਘਾਲਾ ਸਿੰਘ ਨਾਨਕਸਰ ਕਲੇਰਾਂ, ਭਾਈ ਜੀਵਨ ਸਿੰਘ ਫਗਵਾੜਾ, ਬਾਬਾ ਸੇਵਾ ਸਿੰਘ ਫਰੀਦਕੋਟ, ਢਾਡੀ ਜਥਾ ਲਖਬੀਰ ਸਿੰਘ ਘੜੂਆਂ, ਸੰਤ ਫਕੀਰ ਸਿੰਘ ਖੰਨੇ ਵਾਲੇ, ਸੰਤ ਸਵਰਨ ਸਿੰਘ ਖੇੜੀ, ਡਾ. ਸ਼ਮਸ਼ੇਰ ਸਿੰਘ ਪਟਿਆਲਾ ਯੂਨੀਵਰਸਿਟੀ, ਸੰਤ ਕੁਲਜੀਤ ਸਿੰਘ ਸ਼ੀਸ਼ ਮਹਿਲ, ਸੰਤ ਨਛੱਤਰ ਸਿੰਘ ਝਾਂਮਪੁਰ, ਸੰਤ ਠੀਕਰ ਨਾਥ ਚੰਡੀਗੜ੍ਹ, ਸੰਤ ਸਤਨਾਮ ਸਿੰਘ ਪੋਲੋਮਾਜਰਾ, ਸੰਤ ਭੁਪਿੰਦਰ ਸਿੰਘ ਮਾਜਰਾ, ਸੰਤ ਸਰਬਜੀਤ ਸਿੰਘ ਸੰਧੂਆਂ, ਸੰਤ ਪਰਮਿੰਦਰ ਸਿੰਘ ਸੰਧੂਆਂ, ਸੰਤ ਗੁਰਦੇਵ ਸਿੰਘ ਬਨੂੜ ਰਾਜਪੁਰਾ, ਭਾਈ ਬਲਜੀਤ ਸਿੰਘ ਰਤਵਾੜਾ ਸਾਹਿਬ, ਭਾਈ ਤਾਰਾ ਸਿੰਘ ਰਤਵਾੜਾ ਸਾਹਿਬ, ਭਾਈ ਸੁਰਜੀਤ ਸਿੰਘ ਰਾਣਾ ਕਵੀਸਰ, ਭਾਈ ਬਿਕਰਮਦੀਪ ਸਿੰਘ, ਸੰਤ ਕੁਲਦੀਪ ਸਿੰਘ ਨਾਨਕਸਰ ਮਝਾਰੀ, ਭਾਈ ਸੁਰਿੰਦਰ ਸਿੰਘ ਰੋਪੜ, ਭਾਈ ਦਰਸ਼ਨ ਸਿੰਘ ਰਤਵਾੜਾ ਸਾਹਿਬ, ਬਾਬਾ ਉਜਾਗਰ ਸਿੰਘ ਕਥਾਕਾਰ ਰਤਵਾੜਾ ਸਾਹਿਬ, ਸ. ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ, ਸ. ਜਗਮੋਹਨ ਸਿੰਘ ਕੰਗ, ਸ. ਸੰਤੋਖ ਸਿੰਘ ਰੰਧਾਵਾ ਸਾਬਕਾ ਪ੍ਰਧਾਨ ਕਾਂਗਰਸ, ਸ. ਤੇਜ ਪ੍ਰਕਾਸ਼ ਸਿੰਘ ਕੋਟਲੀ ਨੇ ਵੀ ਆਪਣੀ ਸ਼ਰਧਾਂਜਲੀ ਮਹਾਂਪੁਰਖਾਂ ਨੂੰ ਅਰਪਤ ਕੀਤੀ। ਅਖੀਰ ਉਹ ਸਮਾਂ ਆ ਗਿਆ ਜਦੋਂ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਲੱਖਾਂ ਸੰਗਤਾਂ ਦੇ ਧੇਅ 31 ਅਕਤੂਬਰ ਦੁਪਿਹਰ 1.15 ਤੇ ਸਰੀਰਕ ਵਿਛੋੜਾ ਦੇ ਗਏ ਸਨ ਆਪ ਸੱਚਖੰਡ ਜਾ ਵਿਰਾਜੇ ਸੀ। ਸੰਤ ਬਾਬਾ ਹਰਪਾਲ ਸਿੰਘ ਜੀ ਨੇ ਸਾਰੀਆਂ ਸੰਗਤਾਂ ਨੂੰ ਸਾਵਧਾਨ ਹੋਣ ਲਈ ਕਿਹਾ ਅਤੇ ਮਹਾਂਪੁਰਖਾਂ ਦੁਆਰਾ ਉਚਾਰੀ ਗਈ ਵਾਹਿਗੁਰੂ ਮੰਤਰ ਦੀ ਧੁੰਨ ਸਪੀਕਰਾਂ ਤੇ ਗੂੰਜ ਰਹੀ ਸੀ ਅਤੇ ਸਾਰੀ ਸੰਗਤ ਜਿਥੇ ਕੋਈ ਖੜ੍ਹਾ ਸੀ ਬੈਠ ਗਿਆ ਜਿਥੇ ਕੋਈ ਵੀ ਪ੍ਰੇਮੀ ਮਹਾਂਪੁਰਖਾਂ ਦੇ ਪਿਆਰ ਵਿਚ ਸੇਵਾ ਨਿਭਾਅ ਰਿਹਾ ਸੀ ਉਸ ਧੁੰਨ ਦੇ ਅਕਿਹ ਰਸ ਵਿਚ ਲੀਨ ਹੋ ਗਿਆ ਅਤੇ ਮਹਾਂਪੁਰਖਾਂ ਦੇ ਧਿਆਨ ਵਿਚ ਜੁੜ ਗਿਆ ਸਾਰੀਆਂ ਸੰਗਤਾਂ ਦੇ ਅੱਖਾਂ ਵਿਚ ਪਿਆਰੇ ਦੇ ਪਿਆਰ ਅੰਦਰ ਹੰਝੂ ਕਿਰ ਰਹੇ ਸੀ ਅਤੇ ਉਸ ਪਿਆਰੇ ਦੀ ਯਾਦ ਵਿਚ ਜੁੜੇ ਹੋਏ ਸੀ। ਉਪਰੰਤ ਬਾਬਾ ਜੀ ਨੇ ਮਹਾਂਪੁਰਖਾਂ ਦੁਆਰਾ ਦਰਸਾਈ ਗਈ ਗੁਰਮਤਿ ਸਹਿਜ ਜੋਗ ਦੀ ਜੁਗਤ ਬਾਰੇ ਸੰਗਤਾਂ ਨੂੰ ਦੱਸਿਆ ਕਿ ਨਾਮ ਅਭਿਆਸ ਲਈ ਇਹ

ਬਹੁਤ ਹੀ ਸਰਲ ਸੁਖਾਲੀ ਜੁਗਤ ਹੈ। ਜਿਸ ਰਾਹੀਂ ਹਰ ਇਕ ਪ੍ਰਾਣੀ ਸਹਿਜੇ ਹੀ ਗੁਰਮੰਤਰ ਦੀ ਕਮਾਈ ਕਰਕੇ ਨਾਮ ਤੱਕ ਪਹੁੰਚ ਸਕਦਾ ਹੈ। ਜਿਸ ਬਾਰੇ ਫੁਰਮਾਨ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***

***ਅੰਗ - 293***

ਮਹਾਂਪੁਰਖਾਂ ਦੁਆਰਾ ਚਲਾਏ ਗਏ ਪਰਉਪਕਾਰ ਦੇ ਕਾਰਜਾਂ ਵਿਚ ਜਿਵੇਂ ਬੀ.ਐਡ. ਕਾਲਜ, ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਐਫੀਲੇਟਿਡ ਸੀ.ਬੀ.ਐਸ.ਈ, ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਐਫੀਲੇਟਿਡ ਪੰਜਾਬ ਸਕੂਲ ਸਿਖਿਆ ਬੋਰਡ, ਚਲ ਰਹੀ ਸਰੋਵਰ ਦੀ ਕਾਰਸੇਵਾ, ਹਾਸਪੀਟਲ ਦੀ ਸੇਵਾ ਪ੍ਰਚਾਰ ਹਿਤ ਮਹਾਂਪੁਰਖਾਂ ਦੀਆਂ ਗੂੜ੍ਹ ਵਿਸ਼ਿਆਂ ਤੇ ਆਧਾਰਿਤ ਸੌ ਦੇ ਕਰੀਬ ਪੁਸਤਕਾਂ, ਆਤਮ ਮਾਰਗ ਮੈਗਜ਼ੀਨ ਬਾਰੇ ਦੱਸਿਆ ਅਤੇ ਮਹਾਂਪੁਰਖਾਂ ਦਾ ਸਾਰਾ ਲਿਟਰੇਚਰ ਅੱਧੇ ਰੇਟ ਤੇ ਸੰਗਤਾਂ ਨੂੰ ਦਿਤਾ ਗਿਆ।

ਅਖੀਰ ਵਿਚ ਭਾਈ ਮਨਜੀਤ ਸਿੰਘ ਸਪੁੱਤਰ ਸੰਤ ਵਰਿਆਮ ਸਿੰਘ ਜੀ ਨੇ ਮੁੱਖ ਸੇਵਾਦਾਰਾ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਦੇਖਰੇਖ ਹੇਠ ਚੱਲ ਰਹੇ ਟਰੱਸਟ ਦੇ ਸਾਰੇ ਕਾਰਜਾਂ ਨੂੰ ਸਲਾਹਿਆ ਅਤੇ ਆਉਣ ਵਾਲੇ ਸਮੇਂ ਵਿਚ ਟਰੱਸਟ ਨੂੰ ਪੂਰਾ ਸਹਿਯੋਗ ਦੇਣ ਅਤੇ ਸੇਵਾ ਕਰਨ ਦੀ ਬੇਨਤੀ ਕੀਤੀ। ਉਪਰੰਤ ਸਾਰੀ ਰਾਤ ਰੈਣ ਸਬਾਈ ਕੀਰਤਨ ਹੋਇਆ 1 ਨਵੰਬਰ ਨੂੰ ਸਵੇਰੇ ਆਸਾ ਜੀ ਦੀ ਵਾਰ ਦੇ ਉਪਰੰਤ ਸਮਾਪਤੀ ਦੀ ਅਰਦਾਸ ਕੀਤੀ ਗਈ।

ਭਾਈ ਅਮਰਜੀਤ ਸਿੰਘ ਯੂ.ਐਸ.ਏ ਵਾਲਿਆਂ ਵਲੋਂ ਪੁਸਤਕਾਂ ਅਤੇ ਆਤਮ ਮਾਰਗ ਮੈਗਜ਼ੀਨ ਦਾ ਅੱਧੇ ਰੇਟ ਤੇ ਸਮਾਗਮ ਸਮੇਂ ਸੇਵਾ ਕੀਤੀ ਗਈ, ਜਿਸ ਦਾ ਸੰਗਤਾਂ ਨੇ ਬਹੁਤ ਲਾਭ ਉਠਾਇਆ। 500 ਦੇ ਕਰੀਬ ਇਕ ਸਾਲ ਵਾਸਤੇ ਮੈਂਬਰ ਬਣੇ ਅਤੇ 70 ਦੇ ਕਰੀਬ ਲਾਈਫ ਮੈਂਬਰਸ਼ਿਪ ਲਈ ਗਈ। ਬੇਅੰਤ ਪੁਸਤਕਾਂ ਸੰਗਤਾਂ ਨੇ ਖਰੀਦੀਆਂ।



ਐਨ. ਆਰ. ਆਈ. ਪ੍ਰੇਮੀ ਅਤੇ ਬਾਬਾ ਜੀ ਰਤਵਾੜਾ ਸਾਹਿਬ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਰਿਲੀਜ਼ ਕਰਦੇ ਹੋਏ।



ਬਾਬਾ ਜੀ ਅਤੇ ਐਨ.ਆਰ.ਆਈ. ਪ੍ਰੇਮੀ ਸਕੂਲ ਪ੍ਰਦਰਸ਼ਨੀ ਦਾ ਉਦਘਾਟਨ ਕਰਦੇ ਹੋਏ।



ਸ. ਪ੍ਰਕਾਸ਼ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀਦਲ, ਸਕੂਲ ਪ੍ਰਦਰਸ਼ਨੀ ਦੇਖਦੇ ਹੋਏ।




ਸੰਤ ਬਾਬਾ ਸੇਵਾ ਸਿੰਘ ਅਤੇ ਸ. ਸੰਤੋਖ ਸਿੰਘ ਰੰਧਾਵਾ ਸਕੂਲ ਪ੍ਰਦਰਸ਼ਨੀ ਵਿਚ

# ਕਰਮ ਬੰਧਨ ਤੋਂ ਮੁਕਤੀ
## ((Freedom from the Bond of Karma))

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

### ਅਧਿਆਇ ਦੂਸਰਾ
### ਮਨ – ਇਕ ਸੂਖਮ ਪਰ ਅਤਿ ਕਰੜੀ ਡੋਰੀ

ਇਸ ਤੋਂ ਪਹਿਲਾਂ ਕਿ ਸਮਸੱਤ ਸੰਸਾਰ ਵਿਚ ਕੁਝ ਹੋਵੇ ਕੁਝ ਵਾਪਰੇ ਮਨ ਦੇ ਸੂਖਮ ਸੰਸਾਰ ਵਿਚ ਪਹਿਲਾਂ ਹੀ ਕੁਝ ਹੋਣ ਲਗ ਪੈਂਦਾ ਹੈ। ਕਾਰਜ ਪਹਿਲਾਂ ਹੀ ਮਨ ਵਿਚ ਸੂਖਮ ਮਨ ਵਿਚ ਆ ਜਾਂਦੇ ਹਨ ਕਿਉਂਕਿ ਸੂਖਮ ਮਨ ਨਾਲੋਂ ਵੀ ਸੂਖਮ ਵਿਚਾਰ ਹਨ, ਕਾਰਜ ਨਾਲੋਂ ਵੀ ਸੂਖਮ ਵਿਚਾਰ ਹਨ। ਪਰ ਇਹ ਗੱਲ ਜਾਣ ਲੈਣੀ ਚਾਹੀਦੀ ਹੈ ਕਿ ਵਿਚਾਰ ਤੇ ਕਾਰਜ ਦਾ ਸਬੰਧ ਕੋਈ ਸਿੱਧਾ ਸਾਦਾ ਨਹੀਂ ਹੈ। ਬਾਈਬਲ ਅਤੇ ਬੁੱਧ ਮਜ਼ਹਬ ਵਿਚ ਸੋਚ ਤੇ ਕਾਰਜ ਦੀ ਰੱਸੀ ਦੇ ਸੂਖਮ ਸਬੰਧ ਬਾਰੇ ਕਿਹਾ ਗਿਆ ਹੈ ਕਿ ਇਨ੍ਹਾਂ ਦੇ ਸਬੰਧ ਦੀ ਰੱਸੀ ਕਾਰਜ ਦੀ ਰੱਸੀ, ਕਰਮਾਂ ਦੀ ਰੱਸੀ ਵਿਚ ਲਪੇਟੀ ਪਈ ਹੈ। ਬੁੱਧ ਨੇ ਕਿਹਾ ਹੈ ਜੋ ਕੁਝ ਵੀ ਮਨੁੱਖ ਲੋਚਦਾ ਹੈ ਉਹ ਓਹੀ ਬਣ ਜਾਂਦਾ ਹੈ। ਈਸਾ ਜੀ ਨੇ ਵੀ ਇਹੋ ਹੀ ਕਿਹਾ ਹੈ ਜਦੋਂ ਉਹ ਕਹਿੰਦੇ ਹਨ ਤੇ ਆਪਣੇ ਸ਼ਿਸ਼ਾਂ ਨੂੰ ਸਿਖਾਉਂਦੇ ਹਨ ਜਿਥੇ ਤੁਹਾਡਾ ਖਜ਼ਾਨਾ ਹੋਏਗਾ ਉਥੇ ਹੀ ਤੁਹਾਡਾ ਮਨ ਹੋਏਗਾ। ਅਸੀਂ ਜੋ ਸੋਚਦੇ ਹਾਂ ਉਹ ਬਣ ਜਾਂਦੇ ਹਾਂ, ਸਾਡੇ ਵਿਚਾਰ ਉਹ ਹੀ ਹੁੰਦੇ ਹਨ ਜਿਹੜੇ ਸਾਡੇ ਪਿਛਲੇ ਕਰਮ ਪਿਛਲੇ ਜਨਮਾਂ ਦੇ ਜਮ੍ਹਾਂ ਕੀਤੇ ਪਏ ਹੁੰਦੇ ਹਨ, ਇਹ ਕਰਮ ਅਰਧ ਚੇਤਨ ਮਨ ਵਿਚ ਹੀ ਪਏ ਹੁੰਦੇ ਹਨ। ਕਰਮਾਂ ਦੇ ਬੰਧਨ ਤੋਂ ਛੁਟਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੀ ਸੋਚ ਦੇ ਬੰਧਨ ਤੋਂ ਛੁਟੀਏ ਤੇ ਨਾਲ ਹੀ ਇਸ ਗੱਲ ਪੱਖੋਂ ਸੁਚੇਤ ਹੋਈਏ ਤੇ ਦੇਖੀਏ ਕਿ ਸਾਡਾ ਮਨ ਕਿਵੇਂ ਕੰਮ ਕਰਦਾ ਹੈ। ਸਾਡਾ ਮਨ ਇਕ ਬਹੁਤ ਹੀ ਰੁਝਿਆ ਹੋਇਆ ਕਾਰਖਾਨਾ ਹੈ ਤੇ ਇਹ ਸਾਨੂੰ ਆਤਮਾ ਤਕ, ਆਪਣੇ ਆਪ ਤਕ ਪਹੁੰਚਣ ਹੀ ਨਹੀਂ ਦਿੰਦਾ। ਇਸ ਕਰਕੇ ਇਹ ਅਤਿ ਅਵਸ਼ਕ ਹੈ ਕਿ ਮਨ ਨੂੰ ਸਮਝਿਆ ਜਾਵੇ, ਸਮਝ ਕੇ ਇਸ ਨੂੰ ਕਰਮਬੱਧ ਕੀਤਾ ਜਾਵੇ, ਇਸ ਕਾਰਖਾਨੇ ਨੂੰ ਨਿਯਮਤ ਕੀਤਾ ਜਾਵੇ ਤਾਂ ਜੋ ਅਸੀਂ ਆਤਮਾ ਤਕ ਪਹੁੰਚ ਕੇ ਉਸ ਨੂੰ ਜਾਣ ਸਕੀਏ, ਪਛਾਣ ਸਕੀਏ।



ਡਾ. ਸਵਾਮੀ ਰਾਮ ਜੀ

ਠੀਕ ਸਿਖਿਆ ਉਦੋਂ ਹੀ ਸ਼ੁਰੂ ਹੁੰਦੀ ਹੈ ਜਦੋਂ ਤੁਸੀਂ ਅਗਿਆਨ ਤੋਂ ਸੁਚੇਤ ਹੋ ਜਾਓ। ਜਿਹੜਾ ਵੀ ਇਹ ਕਹਿੰਦਾ ਹੈ ਕਿ ਉਹ ਸਭ ਕੁਝ ਜਾਣਦਾ ਹੈ ਉਹ ਮੂਰਖ ਹੈ। ਇਕ ਸਿਆਣਾ, ਗਿਆਨੀ, ਨਮਰ ਮਨੁੱਖ ਕਹਿੰਦਾ ਹੈ ਉਹ ਕੁਝ ਨਹੀਂ ਜਾਣਦਾ, ਇਹੋ ਜਿਹਾ ਮਨੁੱਖ ਸੱਚਮੁੱਚ ਹੀ ਕੁਝ ਜਾਣਦਾ ਹੈ। ਗਾਂਧੀ ਜੀ ਨੇ ਕਿਹਾ ਸੀ ਕਿ ਉਨ੍ਹਾਂ ਨੇ ਬਹੁਤ ਸਾਰੀਆਂ ਗੱਲਾਂ, ਚੀਜ਼ਾਂ ਬੱਚਿਆਂ ਕੋਲੋਂ ਹੀ ਸਿੱਖੀਆਂ ਹਨ। ਬੱਚਿਆਂ ਦੀ ਜਾਨਣ ਦੀ ਕਿਰਿਆ ਜਾਨਣ ਦੀ ਸਕਤੀ ਇਕ ਸਹਿਜ ਪ੍ਰਵਿਰਤੀ ਹੁੰਦੀ ਹੈ, ਉਹ ਸਹਿਜ ਵਿਚ ਹੀ ਵਿਚਰਦੇ ਹਨ ਬੁੱਧੀ ਦੇ ਪੱਧਰ ਤੇ ਨਹੀਂ। ਇਸ ਤਰ੍ਹਾਂ ਨਾਲ ਬੱਚੇ ਅੰਤਰ ਗਿਆਨ ਦੇ ਨੇੜੇ ਹੁੰਦੇ ਹਨ, ਅਨੁਭਵੀ ਗਿਆਨ ਵਿਚ ਹੁੰਦੇ ਹਨ, ਉਨ੍ਹਾਂ ਦਾ ਸੁਭਾਅ ਆਪਣਾ ਅੰਦਰੂਨੀ ਸੁਭਾਅ ਹੁੰਦਾ ਹੈ ਬਾਹਰੋਂ ਸਿਖਿਆ ਨਹੀਂ ਹੁੰਦਾ। ਸਾਨੂੰ ਵੀ ਬੱਚਿਆਂ ਦੇ ਸੁਭਾਅ ਦਾ ਇਹ ਗੁਣ ਅਪਨਾਉਣਾ ਚਾਹੀਦਾ ਹੈ। ਅਸੀਂ ਤਾਂ ਉਸ ਉਤੇ ਇਕਾਗਰ ਕਰਦੇ ਹਾਂ ਜਿਹੜਾ ਸਾਨੂੰ ਸਤਿ ਦੇ ਚਾਨਣ ਤੋਂ ਪਰ੍ਹੇ ਰਖਦਾ ਹੈ ਤੇ ਉਹ ਹੈ ਮਨ। ਅਸੀਂ ਦੇਖਾਂਗੇ ਕਿ ਪ੍ਰਭੂ ਦਾ ਤਾਂ ਸਾਨੂੰ ਪਤਾ ਹੀ ਹੈ ਅਸੀਂ ਜਾਣਦੇ ਹਾਂ। ਸਾਨੂੰ ਤਾਂ ਆਪਣੇ ਆਪ ਨੂੰ ਜਾਨਣਾ ਹੈ ਆਪਣੇ ਆਪ ਨੂੰ ਸਮਝਣਾ ਹੈ ਤਾਂ ਜੋ ਅਸੀਂ ਆਪਣਾ ਵਾਸਤਵਿਕ ਸੁਭਾਅ ਜਾਣ ਸਕੀਏ, ਆਪਣਾ ਅਸਲੀ ਰੂਪ ਜਾਣ ਸਕੀਏ।

ਕਰਮਾਂ ਦਾ ਸੁਭਾਅ ਬਾਹਰੋਂ ਜਾਨਣ ਨਾਲ ਅਸੀਂ ਉਨ੍ਹਾਂ ਦੇ ਅੰਦਰ ਦੇ ਸਤਿ ਨੂੰ ਨਹੀਂ ਜਾਣ ਸਕਦੇ। ਸਾਨੂੰ ਇਕ ਗੱਲ ਜਾਣ ਲੈਣੀ ਚਾਹੀਦੀ ਹੈ ਸਮਝ ਲੈਣੀ ਚਾਹੀਦੀ ਹੈ ਉਹ ਇਹ ਕਿ ਸਰੀਰ ਸਾਰੇ ਦਾ ਸਾਰਾ ਤਾਂ ਮਨ ਵਿਚ ਹੈ ਪਰ ਮਨ ਸਾਰਾ ਸਰੀਰ ਵਿਚ ਨਹੀਂ ਹੈ। ਕੇਵਲ ਮਨ ਹੀ ਤੁਹਾਡੇ ਲਈ ਨਰਕ ਜਾਂ ਸਵਰਗ ਬਣਾਂਦਾ ਹੈ। ਮਨ ਦੀ ਆਤਮ ਸਿੱਧੀ ਦਾ ਇਕੋ ਇਕ ਸਾਧਨ ਹੈ, ਪਰ ਇਸ ਦੀ ਸ਼ਰਤ ਇਹ ਹੈ ਕਿ ਮਨ ਦੇ ਸਾਰੇ ਕਾਰਜ ਚੰਗੀ ਤਰ੍ਹਾਂ ਨਾਲ ਸਮਝ ਲਏ ਜਾਣ, ਜਾਣ ਲਏ ਜਾਣ। ਸੰਪੂਰਨਤਾ ਪ੍ਰਾਪਤ ਕਰਨ ਲਈ, ਮਨ ਤੇ ਪੂਰਾ ਪੂਰਾ ਕੰਟਰੋਲ ਕੀਤਾ ਜਾਵੇ ਉਸ ਨੂੰ ਚੰਗੀ ਤਰ੍ਹਾਂ ਕਾਬੂ ਕੀਤਾ ਜਾਵੇ ਤੇ ਉਸ ਦੀ ਸੁਧਾਈ ਕੀਤੀ ਜਾਵੇ। ਆਪਣੇ ਆਪ ਨੂੰ ਉਚਾ ਚੁੱਕਣਾ ਬਹੁਤ ਹੀ ਅਵੱਸ਼ਕ ਹੈ, ਜ਼ਰੂਰੀ ਹੈ। ਇਸ ਤਰ੍ਹਾਂ ਕਰਨ ਲਈ ਭਾਵ ਆਪਣੇ ਆਪ ਨੂੰ ਉਚੇ ਚੁੱਕਣ ਲਈ ਬਾਹਰੋਂ ਬਹੁਤ ਘੱਟ ਸਹਾਇਤਾ ਮਿਲਦੀ ਹੈ। ਅਸੀਂ ਸਾਰੇ ਹੀ ਆਤਮ ਮਾਰਗ ਤੇ ਚੱਲ ਕੇ ਉਚਾਈਆਂ ਪ੍ਰਾਪਤ ਕਰਨਾ ਚਾਹੁੰਦੇ ਹਾਂ। ਕੋਈ ਵੀ ਮਨੁੱਖ ਆਪਣਾ ਪਤਨ ਨਹੀਂ ਚਾਹੁੰਦਾ, ਪਰ ਟਾਂਵੇ ਟਾਂਵੇ ਉਹ ਵੀ ਹਨ ਜਿਹੜਾ ਬੜੀ ਸੁਹਿਰਦਤਾ ਨਾਲ ਇਸ ਮਾਰਗ ਤੇ ਚਲਦੇ ਹਨ। ਆਮ ਮਨੁੱਖ ਇਹ ਆਸ ਰਖਦਾ ਹੈ ਕਿ ਦੂਸਰੇ ਉਸ ਦੀ ਸਹਾਇਤਾ ਕਰਨਗੇ। ਆਮ ਤੌਰ ਤੇ ਅਸੀਂ ਕਹਿੰਦੇ ਹਾਂ ਓ ਫਲਾਣੇ ਨੇ ਮੇਰੀ ਬੜੀ ਸਹਾਇਤਾ ਕੀਤੀ ਹੈ ਤੇ ਫਲਾਣੇ ਨੇ ਤੇ ਮੇਰੀ ਤਬਾਹੀ ਹੀ ਕਰ ਦਿਤੀ ਹੈ। ਜੋ ਵੀ ਹੈ ਇਸ ਤਰ੍ਹਾਂ ਨਾਲ ਸੋਚਣਾ ਠੀਕ ਨਹੀਂ। ਕੀ ਇਹ ਕਹਿਣਾ ਠੀਕ ਹੋਵੇਗਾ ਕਿ ਜਿਹੜੇ ਲੱਖਾਂ ਲੋਕੀ ਅੱਜ ਰੋ ਰਹੇ ਹਨ ਉਨ੍ਹਾਂ ਨੇ ਸਾਰਾ ਸੰਤਾਪ ਆਪ ਹੀ ਪੈਦਾ ਕੀਤਾ ਹੈ? ਇਸ ਦਾ ਸਹੀ ਤੇ ਠੀਕ ਉਤਰ ਇਹ ਹੀ ਹੈ, 'ਹਾਂ' ਉਹ ਹੀ ਆਪਣੇ ਸੰਤਾਪਾਂ ਲਈ ਜ਼ਿੰਮੇਵਾਰ ਹਨ। ਹਰ ਮਨੁੱਖ ਆਪਣੀਆਂ ਖੁਸ਼ੀਆਂ ਦਾ ਆਪਣੇ ਸੰਤਾਪਾਂ ਦਾ ਆਪ ਹੀ ਜ਼ਿੰਮੇਵਾਰ ਹੈ।

ਮਨੁੱਖ ਦੋ ਸੰਸਾਰਾਂ ਦਾ ਵਾਸੀ ਹੈ। ਇਕ ਸੰਸਾਰ ਉਸ ਦੀ ਸੋਚਣੀ ਦਾ ਸੰਸਾਰ, ਦੂਸਰਾ ਸੰਸਾਰ ਉਸ ਦੇ ਆਲੇ-ਦੁਆਲੇ ਦਾ ਸੰਸਾਰ। ਮਨੁੱਖ ਆਪਣੇ ਅੰਦਰ ਦੇ ਵਿਚਾਰ ਹੀ ਬਾਹਰ ਦੇ ਸੰਸਾਰ ਤੇ ਦੇਖਦਾ ਹੈ ਤੇ ਸਭ ਕੁਝ ਉਸ ਤਰ੍ਹਾਂ ਹੀ ਦੇਖਦਾ ਹੈ ਜਿਵੇਂ ਉਹ ਦੇਖਣਾ ਚਾਹੁੰਦਾ ਹੈ, ਉਸ ਤਰ੍ਹਾਂ ਨਹੀਂ ਦੇਖਦਾ ਜਿਵੇਂ ਬਾਹਰੀ ਸੰਸਾਰ ਹੈ। ਮਿਸਾਲ ਵਜੋਂ ਜੇ ਤੁਸੀਂ ਬਾਹਰੀ ਸੰਸਾਰ ਤੇ ਰਿਸ਼ਤੇ ਦੇਖੋ ਤੇ ਜਾਨਣਾ ਚਾਹੋ ਪਤੀ ਪਤਨੀ ਦਾ ਹੀ ਰਿਸ਼ਤਾ ਲੈ ਲੋਵੇ ਤੁਸੀਂ ਦੇਖੋਗੇ ਕਿ ਉਹ ਇਕ ਦੂਸਰੇ ਨੂੰ ਹੀ ਉਲਾਂਭੇ ਮਿਹਣੇ ਦਿੰਦੇ ਰਹਿਣਗੇ। ਇਕ ਦੂਸਰੇ ਨੂੰ ਹੀ ਕਸੂਰਵਾਰ ਦਸਦੇ ਰਹਿਣਗੇ। ਆਪਣੇ ਦੁਖਾਂ ਦਾ ਕਾਰਣ ਇਕ ਦੂਸਰੇ ਨੂੰ ਹੀ ਦਸਦੇ ਰਹਿਣਗੇ। ਵਾਸਤਵ ਵਿਚ ਉਹ ਆਪਣੀ ਇਕ ਦੂਸਰੇ ਬਾਰੇ ਸੋਚਣੀ ਹੀ ਦਿਖਾ ਰਹੇ ਹਨ, ਦੱਸ ਰਹੇ ਹਨ, ਪਰ ਇਸ ਤਰ੍ਹਾਂ ਕਰਕੇ ਆਪ ਦੁਖੀ ਹੋ ਰਹੇ ਹਨ ਜੇ ਸਾਰੇ ਰਿਸ਼ਤਿਆਂ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ, ਦੇਖਿਆ ਜਾਵੇ ਜੀਵਨ ਰੂਪੀ ਫੁੱਲ ਬਹੁਤ ਹੀ ਸੋਹਣੀ ਤਰ੍ਹਾਂ ਨਾਲ ਖਿਲ ਸਕਦਾ ਹੈ।

ਭਾਰਤ ਵਰਸ਼ ਵਿਚ ਵਿਆਹ ਆਤਮ ਸਿੱਧੀ ਲਈ ਕੀਤੇ ਜਾਂਦੇ ਹਨ, ਮਨੁੱਖ ਦੇ ਸਰੀਰ ਦੀ ਲੋੜ ਨੂੰ ਬਹੁਤ ਹੀ ਘੱਟ ਮਹੱਤਵ ਦਿਤਾ ਜਾਂਦਾ ਹੈ। ਇਸ ਤੋਂ ਇਹ ਭਾਵ ਨਹੀਂ ਤੁਸੀਂ ਇਕ ਦੂਸਰੇ ਲਈ ਨਿਰਮੋਹੇ ਹੋ ਜਾਓ ਜਾਂ ਇਕ ਦੂਸਰੇ ਨੂੰ ਸਮਝੋ ਹੀ ਨਾ। ਇਸ ਤਰ੍ਹਾਂ ਨਹੀਂ ਹੈ ਉਸ ਦੇ ਉਲਟ ਜੀਵਾਂ ਦੇ ਆਤਮਕ ਮਿਲਣ ਆਤਮਕ ਪ੍ਰਾਪਤੀਆਂ ਤੇ ਵਧੇਰੇ ਜ਼ੋਰ ਦਿਤਾ ਜਾਂਦਾ ਹੈ। ਰਾਮਦਾਸ ਜੀ ਨੇ ਫੁਰਮਾਇਆ ਹੈ, ਹੇ ਮਨ ਸ਼ਰਧਾ ਦੇ ਮਾਰਗ ਤੇ ਚਲ ਨਿਸ਼ਟਾ ਦੇ ਮਾਰਗ ਤੇ ਲਗਨ ਦੇ ਮਾਰਗ ਤੇ ਚਲ। ਇਸ ਮਾਰਗ ਤੇ ਵੱਧ ਤੋਂ ਵੱਧ ਸ਼ਕਤੀ ਲਗਾਉਣੀ ਚਾਹੀਦੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਤੁਸੀਂ ਆਪਾ ਚੀਨੋ, ਆਪਣੇ ਆਪ ਨਾਲ ਵਾਰਤਾਲਾਪ ਕਰੋ ਆਪਣੇ ਆਪ ਨੂੰ ਦੇਖੋ। ਜੇ ਤੁਹਾਡੇ ਵਿਚਾਰ ਕਾਬੂ ਨਾ ਹੋਣ, ਤੁਸੀਂ ਵਿਚਾਰਾਂ ਨੂੰ ਕੰਟਰੋਲ ਨਾ ਕਰ ਸਕੋ ਫੇਰ ਤਾਂ ਪਾਗਲਖਾਨੇ ਹੀ ਜਾਣਾ ਪਵੇਗਾ। ਇਸ ਦੇ ਉਲਟ ਜੇ ਤੁਸੀਂ ਆਪਣੇ ਵਿਚਾਰਾਂ ਨੂੰ ਕੰਟਰੋਲ ਕਰਕੇ ਰੱਖੋਗੇ ਆਪਣੇ ਆਪ ਨਾਲ ਗੱਲਬਾਤ ਕਰੋਗੇ, ਵਿਚਾਰ ਵਟਾਂਦਰਾ ਕਰੋਗੇ ਤੁਸੀਂ ਮਨ ਦੇ ਸੁਭਾਅ ਨੂੰ ਸਮਝ ਜਾਓਗੇ ਤੇ ਇਹ ਗੱਲ ਤੁਹਾਨੂੰ ਮੈਡੀਟੇਸ਼ਨ ਕਰਨ ਵਿਚ ਵੀ ਸਹਾਇਕ ਹੋਵੇਗੀ ਤੁਹਾਡੇ ਸਿਮਰਨ ਭਜਨ ਲਈ ਵੀ ਸਹਾਇਕ ਹੋਵੇਗੀ।

ਵਾਸਤਵ ਵਿਚ ਮਨ ਕੀ ਹੈ? ਇਸ ਦੇ ਕੀ ਵੱਖ-ਵੱਖ ਕਾਰਜ ਹਨ? ਅੱਜ ਦੀ ਸਿਖਿਆ ਵਿਚ ਮਨ ਦੇ ਇਕ ਹੀ ਪੱਖ ਨੂੰ ਵਧਾਵਾ ਦਿਤਾ ਜਾਂਦਾ ਹੈ ਤੇ ਉਹ ਹੈ ਤਰਕਸ਼ੀਲਤਾ ਵਿਵੇਕਸ਼ੀਲਤਾ। ਅਸੀਂ ਇਸ ਪੱਖ ਨੂੰ ਲੈ ਕੇ ਬਹੁਤ ਮਾਣ ਕਰਦੇ ਹਾਂ ਤੇ ਇਸ ਦੀ ਵਰਤੋਂ ਹਉਮੈ ਚੇਤਨਤਾ ਨੂੰ ਵਧਾਉਣ ਲਈ ਲਗਾਉਂਦੇ ਹਾਂ, ਜਿਹੜੀ ਕਿ ਆਤਮ ਮਾਰਗ ਤੇ ਚੱਲਣ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਸਾਨੂੰ ਆਪਣੇ ਮਨ ਨੂੰ ਸਮਝਣਾ ਚਾਹੀਦਾ ਹੈ, ਮਨ ਦੇ ਵੱਖ-ਵੱਖ ਪੱਖਾਂ ਨੂੰ ਜਾਨਣਾ ਚਾਹੀਦਾ ਹੈ, ਉਨ੍ਹਾਂ ਨੂੰ ਵਿਕਸਿਤ ਕਰਨਾ ਚਾਹੀਦਾ ਹੈ ਉਨ੍ਹਾਂ ਦਾ ਵਿਕਾਸ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਅਸੀਂ ਆਪਣੇ ਅਗਿਆਨ ਤੋਂ ਜਾਣੂ ਹੋਵਾਂਗੇ ਤੇ ਆਪਣੇ ਆਪ ਨੂੰ ਸੱਚੇ ਗਿਆਨ ਲਈ ਤਿਆਰ ਕਰ ਸਕਾਂਗੇ।

ਮਨ ਨੂੰ ਜਾਨਣ ਦੇ ਬਹੁਤ ਸਾਰੇ ਵੱਖ-ਵੱਖ ਤਰੀਕੇ ਹਨ। ਯੋਗ ਮਨੋਵਿਗਿਆਨ ਮਨ ਨੂੰ ਸਮਝਣ ਲਈ ਵਰਤਿਆ ਜਾਣਾ ਚਾਹੀਦਾ ਹੈ ਜਿਹੜੀਆਂ ਕਿ ਮਨ ਦੀਆਂ ਹੀ ਸੁਧਾਈਆਂ ਹਨ। ਪੰਤਾਂਜਲ ਜਿਸ ਨੇ ਯੋਗ ਵਿਗਿਆਨ ਨੂੰ ਨਿਯਮਬੱਧ ਕੀਤਾ ਹੈ, ਉਨ੍ਹਾਂ ਨੇ ਮਨ ਨੂੰ ਸਾਧਨ ਦਾ ਪੂਰਾ ਤਰੀਕਾ ਪੂਰਾ ਪ੍ਰੋਗਰਾਮ ਦਿੱਤਾ ਹੈ, ਸੰਸ਼ੋਧਨ ਦੇ ਬਾਰੇ ਦੱਸਿਆ ਹੈ ਜਿਸ ਨੂੰ ਕਰਕੇ ਤੁਸੀਂ ਸਮਾਧੀ ਦੀ ਅਵਸਥਾ ਤੇ ਪਹੁੰਚ ਜਾਂਦੇ ਹੋ। ਪੰਤਾਂਜਲ ਨੇ ਮਨ ਨੂੰ ਸੋਧਣ ਲਈ ਚਾਰ ਪੌੜੀਆਂ ਦਿਤੀਆਂ ਹਨ ਪਹਿਲੀ ਪੌੜੀ ਹੈ, ਪ੍ਰਤੀਹਾਰ। ਇਸ ਵਿਚ ਇੰਦ੍ਰੀਆਂ ਦਾ ਜਾਂ ਕਹਿ ਲਵੋ ਇੰਦ੍ਰੀਆਂ ਨੂੰ ਮੋੜਨ ਲਈ ਕਿਹਾ ਗਿਆ ਹੈ, ਆਪਣੇ ਅੰਦਰ ਉਨ੍ਹਾਂ ਨੂੰ ਖਿੱਚ ਲਓ, ਅੰਦਰ ਕਰ ਲਓ, ਪ੍ਰਗਟ ਹੋਣ ਤੋਂ ਰੋਕ ਲਓ। ਦੂਸਰਾ ਹੈ 'ਧਾਰਨਾ' ਜਾਂ ਕਹਿ ਲਓ ਇਕਾਗਰ ਹੋਣਾ। ਤੀਸਰਾ ਹੈ 'ਧਿਆਨ' ਜਾਂ ਮੈਡੀਟੇਸ਼ਨ ਤੇ ਚੌਥਾ ਹੈ 'ਮੈਡੀਟੇਸ਼ਨ' ਆਤਮਕ ਸਿੱਧੀ। ਇਹ ਉਹ ਪੌੜੀਆਂ ਹਨ ਉਹ ਤਰੀਕਾ ਹੈ ਜਿਸ ਨਾਲ ਮਨੁੱਖ ਹੌਲੀ ਹੌਲੀ ਚੜ੍ਹਦਾ ਜਾਂਦਾ ਹੈ ਤੇ ਆਪਣੇ ਵਿਅਕਤੀਤਵ ਨੂੰ ਸੋਧਦਾ ਜਾਂਦਾ ਹੈ।

ਪੰਤਾਂਜਲ ਦੇ ਤਰੀਕੇ ਵਿਚ ਵਿਸ਼ਲੇਸ਼ਨ ਨਾਲੋਂ ਸੋਧਣ ਤੇ ਵਧੇਰੇ ਜ਼ੋਰ ਪਾਇਆ ਗਿਆ ਹੈ। ਯੋਗ ਵਿਗਿਆਨ ਅਨੁਸਾਰ ਬਾਹਰੀ ਵਿਹਾਰ ਦਾ ਵਿਸ਼ਲੇਸ਼ਨ ਬਿਲਕੁਲ ਅਧੂਰਾ ਹੈ ਕੇਵਲ ਇਸ ਨਾਲ ਤੁਸੀਂ ਮਨ ਨੂੰ ਨਹੀਂ ਜਾਣ ਸਕਦੇ, ਨਹੀਂ ਸਮਝ ਸਕਦੇ, ਮਨ ਤੇ ਦਿਮਾਗ ਦੇ ਸੁਭਾਅ ਨੂੰ ਨਹੀਂ ਜਾਣ ਸਕਦੇ। ਲੋੜ ਹੈ ਸੋਚਣ ਦੇ ਤਰੀਕੇ ਨੂੰ ਜਾਨਣ ਦੀ ਤਾਂ ਜੋ ਸੋਚਣੀ ਕਾਰਨ ਜੋ ਸਮਸਿਆ ਕ੍ਰਿਆ ਕਰਮ ਕਰਨ ਵਿਚ ਆਉਂਦੀ ਹੈ ਉਸ ਨੂੰ ਸਿਝ ਲਿਆ ਜਾਵੇ। ਅੱਜ ਦਾ ਮਨੋਵਿਗਿਆਨ ਮਨੁੱਖ ਦੇ ਸੰਵੇਗ ਦੇਖਦਾ ਹੈ ਉਨ੍ਹਾਂ ਤੇ ਕੰਮ ਕਰਦਾ ਹੈ ਮਨੁੱਖ ਨੂੰ ਉਸ ਦੇ ਸੰਵੇਗਾਂ ਨੂੰ ਮੁੱਖ ਰੱਖ ਕੇ ਹੀ ਮਨੁੱਖ ਦਾ ਵਿਸ਼ਲੇਸ਼ਨ ਕਰਦਾ ਹੈ ਜਦੋਂ ਕਿ ਯੋਗ ਮਨੋਵਿਗਿਆਨ ਮਨੁੱਖ ਨੂੰ ਵੱਖ-ਵੱਖ ਪੱਧਰਾਂ ਤੇ ਸਿਖਿਆ ਦਿੰਦਾ ਹੈ ਭਾਵ ਸਰੀਰਕ ਪੱਧਰ, ਮਾਨਸਿਕ ਪੱਧਰ ਤੇ ਅਧਿਆਤਮਕ ਪੱਧਰ ਤੇ। ਸੰਵੇਗਾਂ ਨੂੰ ਦੇਖ ਕੇ ਤੁਸੀਂ ਮਨ ਦੀਆਂ ਡੂੰਘਾਈਆਂ ਵਿਚ ਨਹੀਂ ਜਾ ਸਕਦੇ। ਸੰਵੇਗਾਂ ਨੂੰ ਪ੍ਰਗਟਾਅ ਕੇ ਤੁਸੀਂ ਸੰਵੇਗਕ ਪਰਪੱਕਤਾ ਨਹੀਂ ਲਿਆ ਸਕਦੇ। ਇਹ ਗੱਲ ਦੇਖਣਯੋਗ ਹੈ ਕਿ ਅੱਜ ਦੇ ਮਨੋਵਿਗਿਆਨ ਦੀ ਕੋਈ ਵੀ ਧਾਰਨਾ ਅਰਧ ਚੇਤਨ ਮਨ ਦੇ ਅਨੁਭਵ ਅਤੀਤ ਤਕ ਪਹੁੰਚਣ ਲਈ ਨਹੀਂ ਦਸਦੇ। ਜਦੋਂ ਕਦੇ ਮਨੋਵਿਗਿਆਨ ਦੀਆਂ ਇਹ ਸਾਖਾਵਾਂ ਅਨੁਭਵ ਅਤੀਤ ਦੀ ਗੱਲ ਕਰਦੀਆਂ ਹਨ ਜਾਂ ਜਦੋਂ ਵੀ ਕਦੀ ਕਰਨਗੀਆਂ ਇਨ੍ਹਾਂ ਨੂੰ ਮੈਡੀਟੇਸਨ ਦੀ ਗੱਲ ਕਰਨੀ ਹੀ ਪਵੇਗੀ ਜਿਹੜੀ ਕਿ ਯੋਗ ਵਿਗਿਆਨ ਵਿਚ ਸਦੀਆਂ ਤੋਂ ਕਰਮਬੱਧ ਕੀਤੀ ਗਈ ਹੈ।

ਮੈਡੀਟੇਸ਼ਨ ਵਿਚ ਬਹੁਤ ਸਾਰੀਆਂ ਚੀਜ਼ਾਂ ਸਾਡੀ ਚੇਤਨਤਾ ਦੇ ਪੱਧਰ ਤੇ ਆ ਕੇ ਸਾਨੂੰ ਅਸ਼ਾਂਤ ਕਰਦੀਆਂ ਹਨ। ਮਿਸਾਲ ਵਜੋਂ ਅਸੀਂ ਆਪਣੇ ਮਨ ਕਾਰਣ ਜਾਂ ਸਮੂਹਕ ਮਨਾਂ ਕਾਰਣ ਅਸ਼ਾਂਤ ਹੋ ਕੇ ਮੈਡੀਟੇਸ਼ਨ ਨਾ ਕਰ ਸਕੀਏ। ਲਗਾਤਾਰ ਮੈਡੀਟੇਸ਼ਨ ਕਰਨ ਅਭਿਆਸ ਕਰਨ ਨਾਲ ਅਸੀਂ ਮਨ ਤੇ ਕਾਬੂ ਪਾ ਸਕਦੇ ਹਾਂ। ਮੈਡੀਟੇਸ਼ਨ ਕਰਕੇ ਤੁਸੀਂ ਬਿਲਕੁਲ ਸੁਚੇਤ ਹੋ ਜਾਂਦੇ ਹੋ ਮਨ ਇਕਾਗਰ ਹੋ ਕੇ ਇਕ ਬਿੰਦੂ ਤੇ ਟਿਕ ਜਾਂਦਾ ਹੈ। ਮਾਨਸਿਕ ਗਤੀਵਿਧੀ, ਸੋਚ ਇਸ ਤਰ੍ਹਾਂ ਨਾਲ ਹੋ ਜਾਂਦੀਆਂ ਹਨ ਐਨੀਆਂ ਸੋਚੀਆਂ ਜਾਂਦੀਆਂ ਹਨ ਕਿ ਉਨ੍ਹਾਂ ਦਾ ਬਹਾਅ ਪਾਣੀ ਦੀ ਤਰ੍ਹਾਂ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਵਹਿ ਤੁਰਦੀਆਂ ਹਨ ਜਿਵੇਂ ਤੇਲ ਤੁਸੀਂ ਇਕ ਭਾਂਡੇ ਤੋਂ ਦੂਸਰੇ ਵਿਚ ਉਲਟਾਈਏ, ਤੇਲ ਉਲਟਾਉਂਦੇ ਸਮੇਂ ਅਸੀਂ ਭਾਵੇਂ ਪੂਰੀ ਤਰ੍ਹਾਂ ਸੁਚੇਤ ਰਹੀਏ, ਤੇਲ ਦੀ ਇਕ-ਇਕ ਬੂੰਦ ਦਾ ਧਿਆਨ ਰੱਖੀਏ, ਪਰ ਫੇਰ ਵੀ ਇਹ ਬਹਾਅ ਹੁੰਦਾ ਹੈ। ਇਸ ਤਰ੍ਹਾਂ ਸਾਡੇ ਵਿਚਾਰਾਂ ਵਿਚ ਕੋਈ ਵੀ ਵਿਚਾਰ ਲੜੀ ਟੁੱਟਦੀ ਨਹੀਂ। ਮੈਡੀਟੇਸ਼ਨ ਨਾਲ ਵਿਅਕਤਿਤਵ ਦਾ ਵਿਸਤਾਰ ਹੁੰਦਾ ਹੈ ਤੇ ਤੁਸੀਂ ਸਾਰੀਆਂ ਚੀਜ਼ਾਂ ਨਾਲ ਜੁੜਦੇ ਹੋ। ਵਿਸ਼ਵ 'ਮੈਂ' ਦਾ ਪਸਾਰਾ ਹੁੰਦਾ ਹੈ। ਅਸੀਂ ਸਾਰਿਆਂ ਵਿਚ ਇਕ ਹੀ ਸਤਿ ਦੇਖਣ ਲਗ ਪੈਂਦੇ ਹਾਂ ਸਾਡੇ ਲਈ ਸੱਪ ਤੇ ਸਵਾਮੀ ਇਕ ਹੀ ਹੋ ਜਾਂਦੇ ਹਨ।

ਹੋਰ ਬਹੁਤ ਸਾਰੀਆਂ ਸਥਿਤੀਆਂ ਮਨ ਨੂੰ ਖਲੇਰ ਦਿੰਦੀਆਂ ਹਨ, ਸਾਨੂੰ ਚਾਹੀਦਾ ਹੈ ਕਿ ਅਸੀਂ ਕੋਸ਼ਿਸ਼ ਕਰਕੇ ਉਨ੍ਹਾਂ ਤੇ ਕਾਬੂ ਪਾਈਏ। ਮਿਸਾਲ ਵਜੋਂ ਸਾਡੇ ਸੁਪਨੇ ਸਾਡੀਆਂ ਇਛਾਵਾਂ ਪੂਰੀਆਂ ਕਰਦੇ ਹਨ। ਜਦੋਂ ਸਾਡੀਆਂ ਇਛਾਵਾਂ ਤੇ ਸਾਡਾ ਉਤਸ਼ਾਹ ਅਸੀਂ ਵਾਸਤਵਿਕ ਰੂਪ ਵਿਚ ਨਹੀਂ ਬਦਲ ਸਕਦੇ ਉਦੋਂ ਸਾਨੂੰ ਉਨ੍ਹਾਂ ਬਾਰੇ ਸੁਪਨੇ ਆਉਂਦੇ ਹਨ, ਅਸੀਂ ਸੁਪਨਿਆਂ ਵਿਚ ਉਨ੍ਹਾਂ ਦੀ ਪੂਰਤੀ ਦੇਖਦੇ ਹਾਂ। ਸੋ ਸੁਪਨੇ ਦੇਖਣੇ ਸਾਡੀਆਂ ਇਛਾਵਾਂ ਦੀ ਹੀ ਪੂਰਤੀ ਹੈ। ਸੁਪਨਿਆਂ ਦਾ ਆਧਾਰ ਤਾਂ ਸੱਚ ਹੀ ਹੁੰਦਾ ਹੈ, ਪਰ ਉਹ ਸੱਚ ਦਸਦੇ ਨਹੀਂ। ਇਥੇ ਇਹ ਦੱਸ ਦੇਣਾ ਲੋੜੀਂਦਾ ਹੈ ਕਿ ਇਕ ਸਵਾਮੀ ਲਈ ਸੁਪਨੇ ਅਵਸਥਾ ਤੇ ਜਾਗਤ ਅਵਸਥਾ ਵਿਚ ਕੋਈ ਅੰਤਰ ਨਹੀਂ। ਇਕ ਸਵਾਮੀ ਦੀਆਂ ਕੋਈ ਵੀ ਇਹੋ ਜਿਹੀਆਂ ਇਛਾਵਾਂ ਨਹੀਂ ਜਿਹੜੀਆਂ ਦੱਬੀਆਂ ਪਈਆਂ ਹੋਣ, ਛੁਪੀਆਂ ਹੋਣ ਜਿਨ੍ਹਾਂ ਨੂੰ ਉਸ ਨੇ ਸੁਪਨੇ ਵਿਚ ਪੂਰਾ ਕਰਨਾ ਹੋਵੇ। ਸੋ ਸੁਪਨਿਆਂ ਦੀ ਕੋਈ ਲੋੜ ਹੀ ਨਹੀਂ। ਨੀਂਦ ਤੇ ਸੁਪਨੇ ਸਾਡੀ ਸਖਸ਼ੀਅਤ ਬਦਲ ਨਹੀਂ ਸਕਦੇ, ਸਮਾਧੀ ਸਾਡੀ ਸਖਸ਼ੀਅਤ ਬਦਲ ਸਕਦੀ ਹੈ।

ਪਰਾ ਚੇਤਨ ਅਵਸਥਾ ਇਕ ਮਹਾਤਮਾ ਨੂੰ ਇਕ ਬ੍ਰਹਮਗਿਆਨੀ ਬਣਾ ਸਕਦੀ ਹੈ। ਕਿਉਂਕਿ ਗੁਰੂਆਂ ਨੇ ਪਰਾ ਚੇਤਨਾ ਪ੍ਰਾਪਤ ਕੀਤੀ ਹੁੰਦੀ ਹੈ ਇਸ ਤਰ੍ਹਾਂ ਉਨ੍ਹਾਂ ਦੇ ਦਿਤੇ ਗਿਆਨ ਨੂੰ ਬ੍ਰਹਮਗਿਆਨ ਨੂੰ ਤਾਂ ਸਾਂਭ ਕੇ ਰੱਖਣਾ ਹੁੰਦਾ ਹੈ। ਗੁਰੂ ਤਾਂ ਇਕ ਤਰ੍ਹਾਂ ਨਾਲ ਇਕ ਸਾਧਨ ਦੀ ਤਰ੍ਹਾਂ ਹਨ ਜਿਹੜੇ ਅਕਾਲ ਪੁਰਖ ਦਾ ਦਿਤਾ ਗਿਆਨ ਅਕਾਲ ਪੁਰਖ ਦੀ ਦਿਤੀ ਰੋਸ਼ਨੀ ਚਾਨਣ ਅੱਗੇ ਜਗਿਆਸੂਆਂ ਨੂੰ ਦਿੰਦੇ ਹਨ, ਸ਼ਕਤੀ ਦਿੰਦੇ ਹਨ। ਇਸ ਤਰ੍ਹਾਂ ਨਾਲ ਗੁਰੂ ਦਾ ਸਤਿਕਾਰ ਗੁਰੂ ਦਾ ਸਤਿਕਾਰ ਨਹੀਂ ਹੁੰਦਾ ਉਸਦਾ ਨਿਜੀ ਸਤਿਕਾਰ ਨਹੀਂ ਹੁੰਦਾ, ਉਹ ਸਤਿਕਾਰ ਤਾਂ ਗਿਆਨ ਦਾ ਸਤਿਕਾਰ, ਬ੍ਰਹਮਗਿਆਨ ਦਾ ਸਤਿਕਾਰ ਹੁੰਦਾ ਹੈ ਜਿਹੜਾ ਉਸ ਦੇ ਸਰੀਰ ਰਾਹੀਂ ਤੁਸੀਂ ਪ੍ਰਾਪਤ ਕਰਦੇ ਹੋ। ਇਸ ਕਰਕੇ ਇਹ ਕਾਫੀ ਨਹੀਂ ਕਿ ਤੁਸੀਂ ਗੁਰੂ ਦੀ ਪੂਜਾ ਕਰਦੇ ਹੋ ਉਸ ਦੇ ਸਰੀਰ ਦੀ ਪੂਜਾ ਕਰਦੇ ਹੋ, ਕਰਮਕਾਂਡ ਕਰਦੇ ਹੋ। ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਦੇ ਬਚਨ ਕਮਾਈਏ ਉਨ੍ਹਾਂ ਦੇ ਬਚਨਾਂ ਨੂੰ ਸਤਿ ਕਰਕੇ ਮੰਨੀਏ, ਉਨ੍ਹਾਂ ਦੇ ਗਿਆਨ ਨੂੰ ਰੱਬੀ ਗਿਆਨ ਮੰਨ ਕੇ ਚੱਲੀਏ, ਇਹ ਸਮਝੀਏ ਕਿ ਇਹ ਗਿਆਨ ਜਿਹੜਾ ਉਹ ਦੇ ਰਹੇ ਹਨ ਇਹ ਕਈ ਪੀੜ੍ਹੀਆਂ ਤੋਂ ਇਸੇ ਤਰ੍ਹਾਂ ਚਲਿਆ ਆ ਰਿਹਾ ਹੈ ਤੇ ਇਸ ਦਾ ਆਦਿ ਸਰੋਤ ਤਾਂ ਵਾਹਿਗੁਰੂ ਆਪ ਹੀ ਹੈ। ਇਸ ਸਤਿ ਦੀ ਪ੍ਰਾਪਤੀ ਉਦੋਂ ਹੀ ਹੋ ਸਕਦੀ ਹੈ ਉਦੋਂ ਹੀ ਸੰਭਵ ਹੈ ਜਦੋਂ ਤੁਸੀਂ ਚੌਥੇ ਪਦ ਵਿਚ ਪਹੁੰਚ ਜਾਂਦੇ ਹੋ ਜਦੋਂ ਤੁਸੀਂ ਇਕਾਗਰ ਹੋ ਕੇ ਇਕ, ਕੇਵਲ ਇਕ ਉਸ ਦੇ ਹੀ ਹੋ ਜਾਂਦੇ ਹੋ, ਉਹ ਹੀ ਤੁਹਾਡਾ ਧੇਅ ਰਹਿ ਜਾਂਦਾ ਹੈ, ਤੁਹਾਡਾ ਮਨ ਪੂਰੀ ਤਰ੍ਹਾਂ ਤੁਹਾਡੇ ਕਾਬੂ ਹੁੰਦਾ ਹੈ।

ਵਿਚਾਰਾਂ ਨੂੰ ਵਿਚਾਰਧਾਰਾ ਨੂੰ ਸਿਰਜਣ ਵਾਸਤੇ ਬਹੁਤ ਸਮਸਿਆਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਵਿਚਾਰਾਂ ਨੂੰ ਕਿਵੇਂ ਸੋਧਿਆ ਜਾਵੇ ਕਿਉਂਕਿ ਵਿਚਾਰਾਂ ਦੇ ਵੱਖ-ਵੱਖ ਰੂਪ ਹਨ, ਵੱਖ-ਵੱਖ ਚਿੰਨ੍ਹ ਹਨ, ਆਕਾਰ ਹਨ, ਬਿੰਬ ਬਨ, ਵਿਚਾਰ ਹਨ, ਭਰਮ ਹਨ, ਕਲਪਨਾ ਹੈ, ਇਨ੍ਹਾਂ ਸਭ ਦੀਆਂ ਜੜ੍ਹਾਂ ਮਨ ਵਿਚ ਬਹੁਤ ਡੂੰਘੀਆਂ ਹਨ। ਅਸੀਂ ਇਨ੍ਹਾਂ ਨੂੰ ਮਨੋਵੇਗ ਕਹਿ ਸਕਦੇ ਹਾਂ। ਸਾਡੇ ਮਨੋਵੇਗ ਹੀ ਸਾਡੇ ਸੰਵੇਗਾਂ ਦੀ ਜੜ੍ਹ ਹਨ। ਸਾਡੇ ਆਪਣੇ ਮਨੋਵੇਗਾਂ ਤੇ ਸਾਨੂੰ ਬੜੇ ਨਿਸ਼ਕਪਟ ਹੋ ਕੇ ਕੰਮ ਕਰਨਾ ਪਵੇਗਾ। ਮਿਸਾਲ ਵਜੋਂ ਇਕ ਘਟਨਾ ਦੱਸੀ ਜਾਂਦੀ ਹੈ ਜਿਸ ਵਿਚ ਦਸਿਆ ਜਾਂਦਾ ਹੈ ਕਿ ਇਕ ਸਵਾਮੀ ਨੂੰ ਉਸ ਦੇ ਗੁਰੂ ਨੇ ਦੂਸਰੇ ਕਿਸੇ ਅਧਿਆਪਕ ਕੋਲ ਭੇਜਿਆ ਤਾਂ ਜੋ ਉਸ ਕੋਲੋਂ ਸਿਖਿਆ ਪ੍ਰਾਪਤ ਕਰਕੇ ਆਪਣੇ ਗੁੱਸੇ ਤੇ ਕਾਬੂ ਪਾ ਸਕੇ। ਸਵਾਮੀ ਨੇ ਉਸ ਅਧਿਆਪਕ ਨੂੰ ਬਹੁਤ ਢੂੰਡਿਆਂ ਆਖਰ ਵਿਚ ਪਤਾ ਲਗਾ ਕੇ ਉਹ ਤਾਂ ਇਕ ਪਹਾੜ ਤੇ ਹੈ, ਬਹੁਤ ਦੂਰ ਇਕ ਪਹਾੜ ਤੇ ਬੈਠੇ ਹਨ। ਦੇਖਣ ਵਿਚ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਉਨ੍ਹਾਂ ਦਾ ਕੇਵਲ ਸਰੀਰ ਹੀ ਪਿਆ ਹੋਵੇ ਮਿਰਤਕ ਸਰੀਰ। ਇਸ ਸਵਾਮੀ ਨੇ ਕਾਫੀ ਸਮਾਂ ਇਸ ਗੱਲ ਤੇ ਲਗਾ ਦਿਤਾ ਕਿ ਉਹ ਜੀਵਤ ਹਨ ਜਾਂ ਮਿਰਤਕ ਉਨ੍ਹਾਂ ਨੇ ਹਰ ਤਰ੍ਹਾਂ ਨਾਲ ਇਹ ਜਾਨਣ ਦੀ ਕੋਸ਼ਿਸ਼ ਕੀਤੀ ਤੇ ਅੰਤ ਵਿਚ ਜਦੋਂ ਉਹ ਸਭ ਕੁਝ ਕਰਕੇ ਦੇਖ ਕੇ ਥੱਕ ਗਏ ਉਹ ਇਹ ਮੰਨ ਗਏ ਕਿ ਇਹ ਤਾਂ ਇਕ ਮਿਰਤਕ ਸਰੀਰ ਹੀ ਪਿਆ ਹੈ, ਸਵਾਮੀ ਉਥੋਂ ਚਲੇ ਗਏ। ਜਦੋਂ ਉਹ ਸਵਾਮੀ ਪਹਾੜ ਤੋਂ ਉਤਰ ਰਹੇ ਸੀ, ਉਨ੍ਹਾਂ ਨੂੰ ਆਵਾਜ਼ ਆਈ ਉਹ ਸਰੀਰ ਜਿਸਨੂੰ ਉਹ ਮਿਰਤਕ ਕਹਿ ਕੇ ਛੱਡ ਆਏ ਸੀ ਉਹ ਉਨ੍ਹਾਂ ਨੂੰ ਵਾਪਸ ਬੁਲਾ ਰਹੇ ਸੀ, ਉਹ ਵਾਪਸ ਗਏ ਤੇ ਉਨ੍ਹਾਂ ਨੇ ਦੇਖਿਆ, ਉਹ ਅਧਿਆਪਕ ਠੀਕ ਸੀ, ਬਿਲਕੁਲ ਸੁਅਸਥ ਸੀ। ਉਹ ਸਵਾਮੀ ਉਨ੍ਹਾਂ ਦੇ ਚਰਨਾਂ ਤੇ ਲਗ ਗਏ ਆਪਣਾ ਸਿਰ ਉਨ੍ਹਾਂ ਦੇ ਚਰਨਾਂ ਤੇ ਰੱਖ ਦਿਤਾ ਤੇ ਉਨ੍ਹਾਂ ਤੋਂ ਖਿਮਾ ਮੰਗੀ ਕਿ ਸਵਾਮੀ ਨੇ ਕਿਹਾ ਮੈਂ ਤੁਹਾਡੇ ਨਾਲ ਕੋਈ ਚੰਗਾ ਵਿਵਹਾਰ ਨਹੀਂ ਕੀਤਾ। ਮੈਂ ਤਾਂ ਇਹ ਹੀ ਦੇਖਦਾ ਰਿਹਾ ਕਿ ਤੁਸੀਂ ਜੀਵਤ ਹੋ ਜਾਂ ਕੇਵਲ ਤੁਹਾਡਾ ਸਰੀਰ ਹੀ ਪਿਆ ਹੈ, ਸਵਾਮੀ ਨੇ ਬੇਨਤੀ ਕੀਤੀ ਕਿ ਉਹ ਤਾਂ ਆਪਣੇ ਗੁੱਸੇ ਤੇ ਕਾਬੂ ਪਾਉਣ ਦੀ ਸਿਖਿਆ ਲੈਣ ਆਇਆ ਹੈ। ਉਸ ਅਧਿਆਪਕ ਨੇ ਗੁਰੂ ਨੇ ਸਵਾਮੀ ਦੀ ਛਾਤੀ ਵਿਚ ਲੱਤ ਮਾਰੀ ਤੇ ਉਹ ਰਿੜ੍ਹਦਾ ਪਹਾੜ ਤੋਂ ਥੱਲੇ ਡਿੱਗ ਪਿਆ। ਸਵਾਮੀ ਗੁੱਸੇ ਦਾ ਭਰਿਆ ਉਠਿਆ ਤੇ ਦੌੜ ਕੇ ਉਸ ਗੁਰੂ ਕੋਲ ਵਾਪਸ ਗਿਆ। ਗੁਰੂ ਕਹਿਣ ਲੱਗੇ, ਤੂੰ ਹੁਣ ਵਾਪਸ ਜਾ ਸਕਦਾ ਹੈਂ, ਤੈਨੂੰ ਆਪਣੇ ਗੁੱਸੇ ਤੇ ਕੋਈ ਕਾਬੂ ਪਾਉਣ ਦੀ ਸਿਖਿਆ ਮਿਲ ਗਈ ਹੈ। ਬੇਨਤੀਆਂ ਕਰਨ ਦਾ ਕੀ ਲਾਭ ਹੈ, ਤਰਲੇ ਕੱਢਣ ਦਾ ਕੀ ਫਾਇਦਾ ਹੈ? ਤੂੰ ਕੇਵਲ ਇਸ ਕਰਕੇ ਹੀ ਐਨਾ ਗੁੱਸੇ ਹੋ ਗਿਆ ਏਨੇ ਗੁੱਸੇ ਵਿਚ ਆ ਗਿਆ ਕਿ ਮੈਂ ਤੈਨੂੰ ਠੁੱਡਾ ਮਾਰ ਕੇ ਪਹਾੜ ਤੋਂ ਥੱਲੇ ਸੁੱਟ ਦਿਤਾ ਸੀ? ਕੀ ਇਕ ਸਵਾਮੀ ਇਸ ਤਰ੍ਹਾਂ ਨਾਲ ਵਿਵਹਾਰ ਕਰਦਾ ਹੈ? ਕੀ ਇਕ ਸਵਾਮੀ ਨੂੰ ਇਸ ਤਰ੍ਹਾਂ ਹੀ ਕਰਨਾ ਚਾਹੀਦਾ ਹੈ? ਇਹ ਘਟਨਾ ਸਾਨੂੰ ਦਸਦੀ ਹੈ ਕਿ ਯੋਗ ਮਨੋਵਿਗਿਆਨ ਰਾਹੀਂ ਗੁਰੂ ਜਾਂ ਅਧਿਆਪਕ ਕੇਵਲ ਸਾਨੂੰ ਆਪਣੇ ਅੰਦਰ ਹੀ ਦੇਖਣ ਲਈ ਝਾਤੀ ਮਾਰ ਕੇ ਆਪਣੇ ਆਪ ਨੂੰ ਖੋਜਣ ਲਈ ਹੀ ਨਹੀਂ ਸਿਖਿਆ ਦਿੰਦਾ, ਪਰ ਉਹ ਤਾਂ ਨਾਲ ਹੀ ਪ੍ਰੈਕਟੀਕਲ ਸਿਖਿਆ ਵੀ ਦਿੰਦਾ ਹੈ, ਕਰਕੇ ਵੀ ਦਿਖਾਉਂਦਾ ਹੈ ਸ਼ਿਸ਼ ਨੂੰ ਵਾਸਤਵ ਘਟਨਾ ਦਾ ਮੁਕਾਬਲਾ ਵੀ ਕਰਨਾ ਸਿਖਾਉਂਦਾ ਹੈ ਤੇ ਸਾਨੂੰ ਸ਼ਕਤੀ ਪੈਦਾ ਕਰਨਾ ਵੀ ਦਸਦਾ ਹੈ ਤਾਂ ਜੋ ਅਸੀਂ ਕਿਸੇ ਵੀ ਸਮੱਸਿਆ ਦਾ ਸਾਮ੍ਹਣਾ ਕਰ ਸਕੀਏ।

ਜਦੋਂ ਅਸੀਂ ਗੁੱਸੇ ਵਿਚ ਹੁੰਦੇ ਹਾਂ ਕੀ ਹੁੰਦਾ ਹੈ? ਵਾਸਤਵ ਵਿਚ ਅਸੀਂ ਹਉਮੈ ਤੇ ਸੁਆਰਥ ਵਿਚ ਲਪੇਟੇ ਜਾਂਦੇ ਹਾਂ। ਇਕ ਤਰ੍ਹਾਂ ਦੀ ਮਨੋਵੇਗ ਦੀ ਅੱਗ ਜੋ ਕਿ ਇਕ ਆਸਾਧਾਰਨ ਸਥਿਤੀ ਹੈ ਉਸ ਵਿਚ ਸਾਰਾ ਮਨ ਲਪੇਟਿਆ ਜਾਂਦਾ ਹੈ। ਸਾਨੂੰ ਇਹ ਆਦਤਾਂ ਛੱਡ ਦੇਣੀਆਂ ਚਾਹੀਦੀਆਂ ਹਨ ਇਨ੍ਹਾਂ ਆਦਤਾਂ ਨੂੰ ਛੱਡਣ ਲਈ ਨਾ ਕੇਵਲ ਸਾਨੂੰ ਆਪਣੇ ਆਪ ਦਾ ਵਿਸ਼ਲੇਸ਼ਣ ਤਾਂ ਕਰਨਾ ਹੀ ਚਾਹੀਦਾ ਹੈ ਪਰ ਨਾਲ ਨਾਲ ਇਨ੍ਹਾਂ ਤੇ ਕਾਬੂ ਪਾਉਣ ਦੇ ਪੱਕੇ ਤੇ ਚੰਗੇ ਤਰੀਕੇ ਵੀ ਵਰਤਣੇ ਚਾਹੀਦੇ ਹਨ ਤਾਂ ਜੋ ਇਸ ਸਮੱਸਿਆ ਨੂੰ ਕਾਬੂ ਕਰ ਸਕੀਏ।

ਮੰਡੂਕ ਉਪਨਿਸ਼ਦ ਨੂੰ ਪੜ੍ਹ ਕੇ ਇਸ ਦਾ ਅਧਿਆਨ ਕਰਕੇ ਅਸੀਂ ਮਨ ਨੂੰ ਸਮਝ ਸਕਦੇ ਹਾਂ। ਜੋ ਅਸੀਂ ਜਾਣਦੇ ਹਾਂ ਉਹ ਕਿਵੇਂ ਜਾਣਦੇ ਹਾਂ, ਸਾਨੂੰ ਕਿਵੇਂ ਪਤਾ ਹੈ ਕਿ ਸਾਡਾ ਮਨ ਹੈ? ਦੂਸਰੇ ਲੋਕ ਹਨ ਇਹ ਅਸੀਂ ਕਿਵੇਂ ਜਾਣਦੇ ਹਾਂ ਤੇ ਹੋਰ ਸਭ ਕੁਝ? ਇਹ ਸਾਰੀਆਂ ਗੱਲਾਂ ਇਹ ਸਭ ਕੁਝ ਸਾਡੀ ਚੇਤਨ ਅਵਸਥਾ ਦਾ ਹੀ ਕਾਰਜ ਹੈ। ਇਸ ਅਵਸਥਾ ਵਿਚ ਇੰਦ੍ਰੀਆਂ ਨੂੰ ਚੇਤਨ ਅਵਸਥਾ ਹੀ ਕਾਬੂ ਕਰਦੀ ਹੈ ਤੇ ਇਨ੍ਹਾਂ ਦਾ ਸਮਵਰਗ ਕਰਦੀ ਹੈ। ਇਸ ਤਰ੍ਹਾਂ ਨਾਲ ਫੇਰ ਤੁਸੀਂ ਜਾਂ ਤਾਂ ਸੁਪਨ ਅਵਸਥਾ ਵਿਚ ਹੁੰਦੇ ਹੋ ਜਾਂ ਮੈਡੀਟੇਸ਼ਨ ਵਿਚ ਹੁੰਦੇ ਹੋ। ਇਹ ਸਾਧਾਰਨ ਚੇਤਨ ਅਵਸਥਾ ਹੀ ਸਿਖਿਆ ਦੇ ਅਦਾਰੇ ਵਿਚ ਮਹੱਤਵਪੂਰਣ ਗਿਣੀ ਜਾਂਦੀ ਹੈ, ਖਾਸ ਕਰਕੇ ਪੱਛਮ ਵਿਚ ਇਸ ਕੀਮਤ ਉਤੇ ਤੇ ਵਿਵੇਕਸ਼ੀਲਤਾ ਤੇ ਬਹੁਤ ਜ਼ੋਰ ਦਿਤਾ ਜਾਂਦਾ ਹੈ। ਯੋਗ ਵਿਗਿਆਨ ਅਨੁਸਾਰ ਜਿਵੇਂ ਕਿ ਅਸੀਂ ਪਹਿਲੇ ਦੱਸ ਆਏ ਹਾਂ ਚੇਤਨਾ ਦੀਆਂ ਚਾਰ ਪੌੜੀਆਂ ਹਨ ਪਹਿਲੀ ਚੇਤਨ ਅਵਸਥਾ, ਦੂਸਰੀ ਸੁਪਨ ਅਵਸਥਾ, ਤੀਸਰੀ ਸੌਣ ਦੀ ਅਵਸਥਾ, ਚੌਥੀ ਤੁਰੀਆ ਅਵਸਥਾ।

ਤੁਰੀਆ ਅਵਸਥਾ ਜਾਂ ਸਮਾਧੀ ਬ੍ਰਹਮਗਿਆਨ ਦੀ ਅਵਸਥਾ ਹੈ, ਆਤਮ ਸਿੱਧੀ ਦੀ ਅਵਸਥਾ ਹੈ ਇਸ ਅਵਸਥਾ ਨੂੰ ਪ੍ਰਾਪਤ ਕੀਤੇ ਬਿਨਾਂ ਤੁਸੀਂ ਕਰਮਾਂ ਦੇ ਬੰਧਨ ਤੋਂ ਮੁਕਤ ਨਹੀਂ ਹੁੰਦੇ। ਵਾਸਤਵ ਵਿਚ ਦੇਖਿਆ ਜਾਵੇ ਤਾਂ ਮਨੁੱਖ ਨਾਲੋਂ ਜਾਨਵਰ ਕਿਤੇ ਚੰਗੀ ਤਰ੍ਹਾਂ ਵਿਚਰਦਾ ਹੈ। ਮਿਸਾਲ ਵਜੋਂ ਜਾਨਵਰਾਂ ਨੂੰ ਪਤਾ ਲਗ ਜਾਂਦਾ ਹੈ ਜੇ ਭੁਚਾਲ ਆਉਣਾ ਹੋਵੇ। ਉਨ੍ਹਾਂ ਦੇ ਮਨ ਕੁਦਰਤ ਨਾਲ ਇਹ ਕਹਿ ਸਕਦੇ ਹੋ ਇਕ ਤਰ੍ਹਾਂ ਨਾਲ ਸਤਿ ਨਾਲ ਜੁੜੇ ਹੁੰਦੇ ਹਨ ਤੇ ਉਨ੍ਹਾਂ ਦੇ ਅੰਦਰ ਜਾਣ ਜਾਂਦੇ ਹਨ ਕਿ ਕੀ ਹੋਣ ਵਾਲਾ ਹੈ। ਬਹੁਤ ਵਾਰੀ ਦੇਖਿਆ ਗਿਆ ਹੈ ਜਾਨਵਰ ਬਹੁਤ ਚੰਗੀ ਤਰ੍ਹਾਂ ਨਾਲ ਸਮੱਸਿਆਵਾਂ ਨਾਲ ਨਿਬੜ ਲੈਂਦੇ ਹਨ, ਮਨੁੱਖ ਨਾਲੋਂ ਕਿਤੇ ਚੰਗੀ ਤਰ੍ਹਾਂ ਨਾਲ। ਦੂਸਰੇ ਪਾਸੇ ਮਨੁੱਖ ਦਾ ਮਨ ਤਾਂ ਸੰਸਾਰਕ ਸਮੱਸਿਆਵਾਂ ਨਾਲ ਐਨਾ ਗ੍ਰਸਿਆ ਹੁੰਦਾ ਹੈ ਉਹ ਕੁਦਰਤ ਦੇ ਬਾਹਰ ਦੇ ਚਿੰਨ੍ਹ ਪਕੜ ਹੀ ਨਹੀਂ ਸਕਦਾ। ਪੱਛਮ ਵਿਚ ਚੇਤਨ ਅਵਸਥਾ ਤੇ ਐਨਾ ਵੱਧ ਜ਼ੋਰ ਪਾਇਆ ਗਿਆ ਹੈ ਕਿ ਸੁਪਨ ਅਵਸਥਾ ਤੇ ਸੌਣ ਦੀ ਅਵਸਥਾ ਦਾ ਸਿਖਣ ਲਈ ਕੀ ਪ੍ਰਯੋਗ ਕੀਤਾ ਜਾ ਸਕਦਾ ਹੈ? ਕਿਵੇਂ ਪ੍ਰਯੋਗ ਕੀਤਾ ਜਾ ਸਕਦਾ ਹੈ ਉਸ ਬਾਰੇ ਕਿਸੇ ਨੂੰ ਕੁਝ ਪਤਾ ਹੀ ਨਹੀਂ ਨਾ ਹੀ ਉਹ ਪਤਾ ਕਰਨਾ ਚਾਹੁੰਦੇ ਹਨ। ਬਹੁਤ ਸਾਰੇ ਪਰਿਵਾਰਾਂ ਵਿਚ ਅੱਜ ਵੀ ਬੱਚਿਆਂ ਨੂੰ ਸੁਪਨੇ ਵਿਚ ਸਿਖਿਆ ਦਿਤੀ ਜਾਂਦੀ ਹੈ। ਜੇ ਮਾਤਾ ਪਿਤਾ ਨੂੰ ਸੁਪਨੇ ਵਿਚ ਸਿਖਣ ਦੀ ਵਿਧੀ ਪਤਾ ਹੋਵੇ ਤਾਂ ਉਹ ਬੱਚੇ ਦੇ ਵਿਕਾਸ ਵਿਚ ਸਹਾਇਤਾ ਕਰ ਸਕਦੇ ਹਨ, ਬੱਚੇ ਦੇ ਸੰਸਕਾਰ ਬਣਾ ਸਕਦੇ ਹਨ। ਬੱਚੇ ਦਾ ਮਨ ਤਾਂ ਇਕ ਕੱਚੇ ਬਾਂਸ ਦੀ ਤਰ੍ਹਾਂ ਹੈ ਜਿਸ ਪਾਸੇ ਚਾਹੋ ਮੋੜ ਸਕਦੇ ਹੋ, ਵੱਡਿਆਂ ਦਾ ਮਨ ਰੁਝਿਆ ਹੀ ਰਹਿੰਦਾ ਹੈ।

ਅੱਜ ਦੀ ਪੱਛਮੀ ਸੋਚ ਤਾਂ ਮਨ ਦਾ ਜਿਹੜਾ ਪਾਸਾ ਵਿਵੇਕਸ਼ੀਲ ਨਹੀਂ ਹੈ ਉਸ ਨੂੰ ਤਰਕਹੀਣ, ਅਵਿਵੇਕੀ ਬਣਾ ਰਹੇ ਹਨ, ਅਤਿ-ਤਰਕ ਬੁੱਧੀ ਤੋਂ ਡਰਦੇ ਹਨ ਉਸ ਤੋਂ ਇਸ ਤਰ੍ਹਾਂ ਹਟਦੇ ਹਨ ਉਸ ਤੋਂ ਇਸ ਤਰ੍ਹਾਂ ਮੂੰਹ ਮੋੜਦੇ ਹਨ ਜਿਵੇਂ ਕਿ ਇਹ ਤਰਕ ਉਲੰਘਨ ਹੋਵੇ। ਪੱਛਮ ਦੀ ਇਕ ਇਹ ਹੀ ਪ੍ਰਵਿਰਤੀ ਰਹੀ ਹੈ ਜਿਸ ਕਾਰਨ ਪੱਛਮ ਅਗਿਆਨ ਰਿਹਾ ਹੈ ਤੇ ਪੱਛਮ ਉਸ ਸਿਖਿਆ ਤੋਂ ਅਸਮਰਥ ਰਿਹਾ ਹੈ ਜਿਹੜੀ ਅਨੁਭਵ ਤੋਂ ਆਉਂਦੀ ਹੈ। ਚੌਥੇ ਪਦ ਤੋਂ ਆਉਂਦੀ ਹੈ ਜਿਸ ਨੂੰ ਅੰਤਰ ਗਿਆਨ ਕਹਿੰਦੇ ਹਨ।

ਸਾਡੇ ਮਨ ਦਾ ਬਹੁਤ ਹੀ ਥੋੜ੍ਹਾ ਜਿਹਾ ਹਿੱਸਾ ਵਰਤੋਂ ਵਿਚ ਆਉਂਦਾ ਹੈ ਤੇ ਬਹੁਤ ਹੀ ਥੋੜ੍ਹਾ ਦੇਖਿਆ ਜਾਂਦਾ ਹੈ, ਉਹ ਹੈ ਚੇਤਨਾ ਦਾ ਭਾਗ ਸਮੁੱਚੇ ਮਨ ਨੂੰ ਸਾਰੇ ਮਨ ਨੂੰ ਦੇਖਿਆ ਹੀ ਨਹੀਂ ਜਾਂਦਾ, ਵਰਤੋਂ ਵਿਚ ਲਿਆਇਆ ਹੀ ਨਹੀਂ ਜਾਂਦਾ, ਨਾ ਹੀ ਉਸ ਦਾ ਵਿਸਤਾਰ ਦਿਤਾ ਜਾਂਦਾ ਹੈ ਨਾ ਉਸ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਜੀਵਨ ਨੂੰ ਚੰਗੀਆਂ ਗਹਿਰਾਈਆਂ ਤਕ ਡੂੰਘਾਈਆਂ ਤਕ ਲੈਜਾਇਆ ਜਾ ਸਕਦਾ ਹੈ ਜੇ ਅਸੀਂ ਡੂੰਘੀ ਤੇ ਤੀਬਰ ਮੈਡੀਟੇਸ਼ਨ ਕਰੀਏ, ਉਸ ਦਾ ਅਨੁਭਵ ਲਈਏ ਤੇ ਨਾਲ ਹੀ ਅਸੀਂ ਆਪਣਾ ਬਾਹਰੀ ਵਿਹਾਰ ਠੀਕ ਕਰਦੇ ਰਹੀਏ, ਜੋ ਵੀ ਅਨੁਭਵ ਅਸੀਂ ਮੈਡੀਟੇਸ਼ਨ ਵਿਚ ਲਈਏ ਉਹ ਸੂਖਸ਼ਮ ਤਰੀਕੇ ਨਾਲ ਅਸੀਂ ਸੰਸਾਰ ਵਿਚ ਵਰਤੀਏ। ਅਸੀਂ ਸਾਰੇ ਹੀ ਆਪਣੇ ਅਨੁਭਵਾਂ ਦੇ ਸੰਗ੍ਰਹਿ ਦੇ ਬਧੇ ਹੋਏ ਹਾਂ। ਮਨ ਕਦੀ ਵੀ ਉਸ ਤੋਂ ਬਾਹਰ ਨਹੀਂ ਜਾ ਸਕਦਾ ਜੋ ਦੇਖਿਆ ਹੋਵੇ, ਸੁਣਿਆ ਹੋਵੇ, ਕਲਪਨਾ ਕੀਤਾ ਹੋਵੇ, ਪੜ੍ਹਿਆ ਹੋਵੇ ਪਰ ਮੈਡੀਟੇਸ਼ਨ ਨਾਲ ਤੁਸੀਂ ਨਵਾਂ, ਅਲੌਕਿਕ ਅੰਤਰ

ਅਨੁਭਵ ਪ੍ਰਾਪਤ ਕਰ ਸਕਦੇ ਹੋ, ਜਿਹੜੀ ਤੁਹਾਡੇ ਵਿਸਤਾਰ ਵਿਚ ਸਹਾਇਕ ਹੋ ਸਕਦੀ ਹੈ। ਇਥੇ ਇਹ ਦਸਣਾ ਅਵਸ਼ਕ ਹੈ ਕਿ ਤੁਹਾਨੂੰ ਦੇਖਣਾ ਪਵੇਗਾ ਕਿ ਕਿਹੜਾ ਅਨੁਭਵ ਅੰਤਰੀ ਹੈ ਤਾਂ ਜੋ ਤੁਸੀਂ ਆਪਣਾ ਵਿਕਾਸ ਪ੍ਰਮਾਣਿਤ ਕਰ ਸਕੋ, ਅਰਥ ਪੂਰਣ ਹੋ ਸਕੋ। ਮ੍ਰਿਗ ਤ੍ਰਿਸ਼ਨਾ ਕਲਪਨਾ, ਵਹਿਮ ਭਰਮ ਕ੍ਰਾਂਤੀ ਨਾਲ ਵਿਅਕਤੀਤਵ ਨਹੀਂ ਬਦਲਿਆ ਜਾ ਸਕਦਾ, ਭਾਵੇਂ ਇਹ ਕਿੰਨੀਆਂ ਹੀ ਪ੍ਰਭਾਵਸ਼ਾਲੀ ਕਿਉਂ ਨਾ ਹੋਣ। ਜਿਹੜੇ ਲੋਕੀ ਇਸ ਗੱਲ ਵਿਚ ਵਿਸ਼ਵਾਸ਼ ਰਖਦੇ ਹਨ ਤੇ ਮੰਨਦੇ ਹਨ ਕਿ ਉਨ੍ਹਾਂ ਨੂੰ ਭੂਤਾਂ ਪ੍ਰੇਤਾਂ ਨੇ ਪਕੜਿਆ ਹੋਇਆ ਹੈ ਜਕੜਿਆ ਹੋਇਆ ਹੈ, ਵਾਸਤਵ ਵਿਚ ਉਨ੍ਹਾਂ ਕੋਲ ਮਨੋਬਲ ਦੀ ਘਾਟ ਹੈ ਉਨ੍ਹਾਂ ਨੂੰ ਆਪਣੇ ਆਪ ਤੇ ਵਿਸ਼ਵਾਸ਼ ਨਹੀਂ ਹੈ ਤੇ ਉਨ੍ਹਾਂ ਨੂੰ ਭੁਚੱਕੇ ਪੈਂਦੇ ਹਨ ਉਨ੍ਹਾਂ ਨੂੰ ਵਹਿਮ ਹੈ। ਜਦੋਂ ਤੁਸੀਂ ਆਪਣੇ ਸੰਪੂਰਣ ਮਨ ਨੂੰ ਜਾਣ ਜਾਂਦੇ ਹੋ ਉਸ ਤੇ ਕਾਬੂ ਪਾ ਲੈਂਦੇ ਹੋ, ਪੂਰੀ ਵਰਤੋਂ ਕਰਦੇ ਹੋ, ਉਦੋਂ ਅਸੀਂ ਇਹੋ ਜਿਹੀਆਂ ਆਕਰਸ਼ਕ, ਮਨੋਹਰਤਾਂ ਤੋਂ ਗਲਤ ਅਨੁਭਵਾਂ ਤੋਂ ਬਚ ਸਕਦੇ ਹਾਂ। ਪੂਰਣ ਮਨ ਦਾ ਪੂਰਣ ਗਿਆਨ ਸਾਡੀ ਰੱਖਿਆ ਕਰਦਾ ਹੈ। ਇਸੇ ਨੂੰ ਹੀ ਬਾਈਬਲ ਦਾ ਹੁਕਮ ਕਿਹਾ ਗਿਆ ਹੈ। 'ਜਿਸ ਦੇ ਕੰਨ ਹਨ ਉਹ ਸੁਣੇ' ਸਾਨੂੰ ਆਪਣੀਆਂ ਅੱਖਾਂ ਦਾ ਕੰਨਾਂ ਦਾ ਵਿਸਤਾਰ ਕਰਨਾ ਚਾਹੀਦਾ ਹੈ। ਵਾਸਤਵ ਵਿਚ ਸਾਰੇ ਸਰੀਰ ਦੀਆਂ ਹੀ ਅੱਖਾਂ ਤੇ ਕੰਨ ਬਣ ਜਾਣੇ ਚਾਹੀਦੇ ਹਨ। ਅਜੇ ਤਾਂ ਅਸੀਂ ਬਾਹਰੀ ਅੱਖਾਂ ਨਾਲ ਹੀ ਦੇਖਦੇ ਹਾਂ, ਮਨ ਦੀਆਂ ਅੱਖਾਂ ਨਾਲ ਨਹੀਂ ਦੇਖਦੇ, ਨਾ ਹੀ ਆਤਮਾ ਦੀਆਂ ਅੱਖਾਂ ਨਾਲ ਦੇਖਦੇ ਹਾਂ।

ਪਰਾ ਚੇਤਨਾ ਦੀ ਅਵਸਥਾ ਨੂੰ ਠੀਕ ਕਰਨ ਲਈ ਸਾਨੂੰ ਸਮਾਧੀ ਦੀ ਅਵਸਥਾ ਤੇ ਪਹੁੰਚਣਾ ਚਾਹੀਦਾ ਹੈ ਜਾਗਦੀ ਅਵਸਥਾ ਕਾਫੀ ਨਹੀਂ। ਸਾਰੇ ਮਹਾਂਪੁਰਖ ਜਾਣਦੇ ਸੀ ਕਿ ਸਮਾਧੀ ਬਹੁਤ ਜ਼ਰੂਰੀ ਹੈ, ਉਹ ਹਰ ਅਵਸਥਾ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਸੀ ਤੇ ਹਰ ਅਵਸਥਾ ਦੇ ਗੁਣਾਂ ਨੂੰ ਚੰਗੀ ਤਰ੍ਹਾਂ ਜਾਣਦੇ ਸੀ। ਉਨ੍ਹਾਂ ਨੇ ਆਪਣੇ ਅਨੁਭਵ ਤੋਂ ਜਾਣ ਲਿਆ ਸੀ ਕਿ ਸਤਿ ਦਾ ਗਿਆਨ ਕੇਵਲ ਚੌਥੀ ਅਵਸਥਾ ਵਿਚ ਹੀ ਆਉਂਦਾ ਹੈ ਉਹ ਹੈ ਪਰਾ ਚੇਤਨਾ। ਸੰਸਾਰ ਨੂੰ ਕਿਸੇ ਪੱਖੋਂ ਵੀ ਬੇਹਤਰ ਨਹੀਂ ਬਣਾਇਆ ਜਾ ਸਕਦਾ। ਜਦੋਂ ਤਕ ਤੁਸੀਂ ਮਨ ਤੋਂ ਨਵੇਂ ਨਵੇਂ ਕੰਮ ਨਹੀਂ ਲਵੋਗੇ ਮਨ ਦੀ ਵਰਤੋਂ ਨਹੀਂ ਵਧਾਓਗੇ। ਚੌਥੇ ਪਦ ਦੀ ਪ੍ਰਾਪਤੀ ਨਾਲ ਹੀ ਮਨੁੱਖ ਇਲਾਹੀ ਖੁਦਾਈ ਬਣ ਸਕਦਾ ਹੈ। ਇਸ ਲਈ ਮਨ ਦਾ ਵਿਸਤਾਰ ਕਰਨਾ ਬਹੁਤ ਹੀ ਅਵਸ਼ਕ ਹੈ, ਵਿਸਤਾਰ ਕਰਕੇ ਮਨ ਨੂੰ ਚੌਥੇ ਪਦ ਤੇ ਪਹੁੰਚਾ ਕੇ ਹੀ ਆਤਮ ਸਿੱਧੀ, ਸ਼ਾਂਤੀ ਪ੍ਰਾਪਤ ਹੋ ਸਕਦੀ ਹੈ।

ਇਹ ਸੋਚ ਕੇ ਦੇਖੋ ਕਿ ਮਨ ਚਾਰ ਪੱਧਰਾਂ ਤੇ ਚਲ ਰਿਹਾ ਹੈ, ਪਹਿਲੇ ਤੇ ਦੂਸਰੇ ਪੱਧਰ ਤੇ ਮਨ ਦੀ ਵਰਤੋਂ ਅਸੀਂ ਰੋਜ਼ ਕਰਦੇ ਹਾਂ, ਉਹ ਹਨ ਚੇਤਨ ਮਨ ਤੇ ਅਚੇਤ ਮਨ ਦੇ ਪੱਧਰ ਤੇ। ਇਨ੍ਹਾਂ ਪੱਧਰਾਂ ਤੇ ਹੀ ਸੋਚਿਆ ਜਾਂਦਾ ਹੈ, ਇਨ੍ਹਾਂ ਪੱਧਰਾਂ ਤੇ ਹੀ ਚੇਤਨ ਮਨ ਕੰਮ ਕਰਦਾ ਹੈ, ਇੰਦ੍ਰੀਆਂ ਕੰਮ ਕਰਦੀਆਂ ਹਨ ਤੇ ਮਨ ਦੂਸਰਿਆਂ ਨਾਲ ਸਮਵਰਗ ਪੈਦਾ ਕਰਦਾ ਹੈ। ਤੀਸਰਾ ਪੱਧਰ ਹੈ ਉਪਚੇਤਨ ਆਮ ਤੌਰ ਤੇ ਜੋ ਇਥੇ ਚਲ ਰਿਹਾ ਹੁੰਦਾ ਹੈ ਉਸ ਦੇ ਬਾਰੇ ਸਾਨੂੰ ਪਤਾ ਨਹੀਂ ਹੁੰਦਾ, ਇਸ ਵਿਚ ਸਾਰੀਆਂ ਪੁਰਾਣੀਆਂ ਯਾਦਾਂ, ਪਿਛਲੇ ਭੁੱਲੇ ਅਨੁਭਵ, ਸਾਡੇ ਸੰਵੇਗ, ਪ੍ਰੇਰਣਾਵਾਂ, ਇਛਾਵਾਂ ਤੇ ਹੋਰ ਬਹੁਤ ਸਾਰੇ ਚਿੰਨ੍ਹ ਸਾਂਭੇ ਪਏ ਹਨ। ਚੌਥਾ ਪਦ ਜਿਥੇ ਅਸੀਂ ਪਹੁੰਚਣ ਦੀ ਚੇਸ਼ਟਾ ਕਰਦੇ ਹਾਂ ਉਹ ਹੈ ਪਰਾ-ਚੇਤਨਾ ਉਹ ਅਵਸਥਾ ਜਿਥੇ ਸਭ ਕੁਝ ਜਾਣਿਆ ਜਾਂਦਾ ਹੈ, ਸਭ ਕੁਝ ਤੁਹਾਡੇ ਸਾਮ੍ਹਣੇ ਹੈ।

ਚੇਤਨ ਮਨ ਤਾਂ ਸੌਖੀ ਤਰ੍ਹਾਂ ਹੀ ਸਿਖ ਜਾਂਦਾ ਹੈ, ਇਹ ਮਨ ਬਾਹਰ ਦੇ ਪ੍ਰਭਾਵ ਨਾਲ ਛੇਤੀ ਹੀ ਉਤੇਜਿਤ ਹੋ ਜਾਂਦਾ ਹੈ। ਸਾਡਾ ਧਿਆਨ ਬਹੁਤ ਸਮੇਂ ਤਕ ਇਥੇ ਹੀ ਰਹਿੰਦਾ ਹੈ, ਪਰ ਉਪਚੇਤਨ ਨੂੰ ਸਿਖਾਉਣਾ ਬਹੁਤ ਔਖਾ ਹੈ, ਪਰਾ ਚੇਤਨਾ ਤਕ ਪਹੁੰਚਣ ਲਈ, ਉਪਚੇਤਨ ਤੇ ਕਾਬੂ ਪਾਉਣਾ ਜ਼ਰੂਰੀ ਹੈ ਇਹ ਕਰਨ ਲਈ ਸਭ ਤੋਂ ਪਹਿਲਾਂ ਚੇਤਨ ਮਨ ਨੂੰ ਮੈਡੀਟੇਸ਼ਨ ਕਰਕੇ ਸਾਂਤ ਕਰੋ ਤਾਂ ਜੋ ਉਪਚੇਤਨ ਵਿਚ ਜੋ ਹੈ ਉਹ ਚੇਤਨ ਮਨ ਵਿਚ ਆ ਸਕੇ। ਇਸ ਤਰ੍ਹਾਂ ਨਾਲ ਅਸੀਂ ਦੇਖੀਏ ਮੈਡੀਟੇਸ਼ਨ ਦੇ ਤਿੰਨ ਮਨੋਰਥ ਹਨ ਪਹਿਲਾ ਹੈ ਚੇਤਨ ਮਨ ਨੂੰ ਸ਼ਾਂਤ ਕਰਨਾ, ਦੂਸਰਾ ਹੈ ਕਿ ਜੋ ਕੁਝ ਵੀ ਜਿਹੜਾ ਵੀ ਬਿੰਬ ਸਾਡੇ ਸਾਮ੍ਹਣੇ ਆਉਂਦੇ ਹਨ ਜੋ ਕੁਝ ਵੀ ਉਪਚੇਤਨ ਤੋਂ ਉਠ ਕੇ ਸਾਮ੍ਹਣੇ ਆਉਂਦਾ ਹੈ ਉਸ ਤੋਂ ਅਸ਼ਾਂਤ ਨਹੀਂ ਹੋਣਾ ਤੇ ਤੀਸਰਾ ਹੈ ਚੇਤਨ ਮਨ ਤੇ ਉਪਚੇਤਨ ਤੋਂ ਲੰਘ ਕੇ ਸਮਾਧੀ ਦੀ ਅਵਸਥਾ ਪ੍ਰਾਪਤ ਕਰਨੀ।

« « « « « « «

# ਯੋਗਾ ਉਪਰ ਲੈਕਚਰ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਪ੍ਰਾਣਾਯਾਮ

ਜਦੋਂ ਸ਼ਿਕਸ਼ਕ ਯੋਗ ਆਸਨ ਕਰਨ ਲਗ ਪੈਂਦਾ ਹੈ ਉਹ ਸੁਆਸਾਂ ਪ੍ਰਤੀ ਵਧੇਰੇ ਸਤਰਕ ਹੋ ਜਾਂਦਾ ਹੈ, ਉਸ ਸਮੇਂ ਗੁਰੂ ਉਸ ਨੂੰ ਸੁਆਸ ਲੈਣ ਦੀਆਂ ਵਿਧੀਆਂ ਬਾਰੇ ਦੱਸ ਸਕਦਾ ਹੈ ਜਾਂ ਕਹਿ ਲਵੋ ਪ੍ਰਾਣਾਯਾਮ ਬਾਰੇ ਦੱਸ ਸਕਦੇ ਹਨ। ਪ੍ਰਾਣਾਯਾਮ ਦੇ ਅਰਥ ਦੋ ਤਰੀਕਿਆਂ ਨਾਲ ਸਮਝਾਏ ਜਾ ਸਕਦੇ ਹਨ। ਪ੍ਰਾਣ ਇਕ ਸ਼ਕਤੀ ਹਨ ਜੀਵਨ ਨਿਅੰਤਰਣ ਸ਼ਕਤੀ ਹਨ ਤੇ ਯਮ ਦੇ ਅਰਥ ਹਨ, ਇਸ ਸ਼ਕਤੀ ਦਾ ਕਾਬੂ ਸ਼ਕਤੀ ਦਾ ਕੰਟਰੋਲ ਦੂਸਰੀ ਤਰ੍ਹਾਂ ਦੇਖੀਏ ਤਾਂ ਪ੍ਰਾਣਾਯਾਮ ਨੂੰ ਦੋ ਭਾਗਾਂ ਵਿਚ ਵੰਡੀਏ ਤਾਂ ਇਹ ਪ੍ਰਾਣਾਂ ਤੇ ਯਾਮ ਇਸ ਤਰ੍ਹਾਂ ਨਾਲ ਯਾਮ ਤੋਂ ਭਾਵ ਹੈ ਵਿਸਤਾਰ ਜਾਂ ਕਹਿ ਲਵੋ ਉਤਰਨਾ ਇਸ ਤੋਂ ਭਾਵ ਇਹ ਹੋਇਆ, ਇਹ ਉਹ ਅਭਿਆਸ ਹੈ ਜਿਸ ਨਾਲ ਪ੍ਰਾਣਾਂ ਨੂੰ ਵਧੇਰੇ ਵਿਸਤ੍ਰਿਤ ਕਰਕੇ, ਪਸਾਰ ਕੇ ਉਨ੍ਹਾਂ ਤੇ ਕਾਬੂ ਪਾਇਆ ਜਾਵੇ।

ਪ੍ਰਾਣ ਸ਼ਬਦ ਵੀ ਦੋ ਸ਼ਬਦਾਂ ਤੋਂ ਬਣਿਆ ਹੋਇਆ ਹੈ ਪਰਾ-ਨਾ। ਪਰਾ ਦੇ ਅਰਥ ਹਨ 'ਪਹਿਲਾ ਭਾਗ' ਨਾ ਦਾ ਅਰਥ ਹੈ ਸਕਤੀ। ਸ਼ਕਤੀ ਦਾ ਪਹਿਲਾ ਸੂਖਮ ਭਾਗ ਹੈ ਮਨੁੱਖ ਵਿਸ਼ਵ ਉਸ ਦਾ ਹੀ ਵਿਸਤਾਰਾ ਹੈ। ਇਸ ਪ੍ਰਕਾਰ ਵਿਸ਼ਵ ਤੇ ਮਨੁੱਖ ਵਿਚ ਗੁਣਾਤਮਕ ਕਰਕੇ ਕੋਈ ਅੰਤਰ ਨਹੀਂ ਹੈ। ਦੋਨਾਂ ਦਾ ਮੂਲ ਆਧਾਰ ਪ੍ਰਾਣ ਹੀ ਹਨ, ਪ੍ਰਾਣ ਹੀ ਸਾਰੀ ਸ਼ਕਤੀ ਦਾ ਸਾਰ ਹਨ, ਸਾਰੀ ਸ਼ਕਤੀ ਦਾ ਨਿਚੋੜ ਹਨ, ਤੱਤ ਹਨ ਕੁਝ ਵੀ ਕਹਿ ਲਵੋ ਏਸੇ ਦਾ ਪਸਾਰਾ ਸਾਰੇ ਵਿਸ਼ਵ ਵਿਚ ਹੈ, ਮਨੁੱਖ ਵਿਚ ਹੈ। ਸਭ ਤੋਂ ਪਹਿਲਾਂ ਆਕਾਸ ਸੀ ਜਾਂ ਕਹਿ ਲਵੋ ਪੁਲਾੜ ਸੀ ਉਸ ਦੇ ਦੁਆਰਾ ਹੀ ਪ੍ਰਾਣ ਹੋਏ ਤੇ ਫੇਰ ਵਿਸ਼ਵ ਪ੍ਰਗਟ ਹੋਏ। ਸੰਸਾਰ ਵਿਚ ਜੋ ਕੁਝ ਵੀ ਗਿਆਨ ਇੰਦ੍ਰੀਆਂ ਰਾਹੀਂ ਹੈ, ਜੋ ਵੀ ਪ੍ਰਤੱਖ ਗਿਆਨ ਹੈ ਇਹ ਕੇਵਲ ਇਸ ਜੀਵਨ ਸ਼ਕਤੀ ਦਾ ਹੀ ਪਸਾਰਾ ਹੈ ਇਸੇ ਦਾ ਹੀ ਪ੍ਰਗਟਾਵਾ ਹੈ। ਪ੍ਰਾਣ ਹੀ ਮਨ ਦਾ ਆਧਾਰ ਹਨ, ਤੇ ਪ੍ਰਾਣ ਹੀ ਵਿਚਾਰ ਪੈਦਾ ਕਰਦੇ ਹਨ। ਇਨ੍ਹਾਂ ਦਾ ਸਬੰਧ ਮਨ ਨਾਲ ਹੈ, ਮਨ ਤੋਂ ਇੱਛਾ, ਇੱਛਾ ਤੋਂ ਆਤਮਾ, ਆਤਮਾ ਤੋਂ ਵਿਸ਼ਵ ਆਤਮਾ, ਬ੍ਰਹਮਾ। ਸਾਰੀ ਸੰਵੇਦਨ, ਸਾਰੇ ਵਿਚਾਰ ਸੋਚ ਭਾਵਨਾਵਾਂ ਤੇ ਜਾਨਣਾ ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇ ਪ੍ਰਾਣ ਹਨ। ਪ੍ਰਾਣ ਹੀ ਇਸ ਸਭ ਕੁਝ ਦਾ ਆਧਾਰ ਹੈ।

ਸੁਆਸ ਵਿਗਿਆਨ ਪ੍ਰਾਣਾਯਾਮ ਵਿਗਿਆਨ ਦਾ ਇਕ ਬਹੁਤ ਹੀ ਅਵੱਸ਼ਕ, ਮਹੱਤਵਪੂਰਣ ਹਿੱਸਾ ਹੈ, ਸੰਸਾਰ ਨੇ ਅਜੇ ਇਸ ਗੱਲ ਨੂੰ ਨਹੀਂ ਸਮਝਿਆ ਕਿ ਜੀਵਨ ਦਾ ਆਧਾਰ ਪ੍ਰਾਣ ਹਨ। ਕੇਵਲ ਯੋਗੀ ਹੀ ਇਸ ਗੁੱਝੇ ਭੇਦ ਨੂੰ ਜਾਣਦੇ ਹਨ, ਇਸ ਗੁੱਝੇ ਵਿਗਿਆਨ ਨੂੰ ਜਾਣਦੇ ਹਨ, ਇਹ ਬਹੁਤ ਹੀ ਵਿਸ਼ਾਲ ਵਿਸ਼ਾ ਹੈ ਗੁਪਤ ਗੂੜ੍ਹ ਤੇ ਡੂੰਘਾ ਵਿਸ਼ਾ ਹੈ। ਸਰੀਰ ਸੁਅਸਥ ਹੋਣ ਬਾਰੇ ਬਹੁਤ ਗੱਲਾਂ ਕੀਤੀਆਂ ਜਾਂਦੀਆਂ ਹਨ, ਆਤਮਾ ਦੀ ਗੱਲ ਹੁੰਦੀ ਹੈ ਵਿਸ਼ਵ ਦੀ ਗੱਲ ਹੈ ਪ੍ਰਮਾਤਮਾ ਦੀ ਗੱਲ ਹੁੰਦੀ ਹੈ। ਪ੍ਰਾਣਾਂ ਦਾ ਭੇਦ ਤਾਂ ਗੁੱਝਾ ਹੀ ਰਹਿੰਦਾ ਹੈ, ਭਾਵੇਂ ਪ੍ਰਾਣ ਹੀ ਸਰੀਰ ਦਾ ਆਧਾਰ ਹਨ ਪਰ ਇਨ੍ਹਾਂ ਬਾਰੇ ਕੋਈ ਗਿਆਨ ਨਹੀਂ, ਪ੍ਰਾਣਾਂ ਤੋਂ ਬਿਨਾਂ ਸਰੀਰ ਤੇ ਮਨ ਚਲ ਹੀ ਨਹੀਂ ਸਕਦੇ, ਹੋ ਹੀ ਨਹੀਂ ਸਕਦੇ।

ਅੱਜ ਦੇ ਵਿਗਿਆਨ ਨੇ ਆਹਾਰ ਤੇ ਬਹੁਤ ਖੋਜ ਕੀਤੀ ਹੈ, Calories, Vitamins ਤੇ Minerals ਮਨ ਤੇ ਉਸ ਦੇ ਕਾਰਜ ਮਨ ਕੀ ਕਰਦਾ ਹੈ ਇਸ ਤੇ ਵੀ ਬਹੁਤ ਖੋਜ ਹੋ ਰਹੀ ਹੈ, ਸੁਆਸ ਸਾਡੇ ਸਰੀਰ ਤੇ ਮਨ ਦਾ ਸੇਤੂ ਹਨ, ਸੁਆਸ ਵਿਗਿਆਨ ਤੇ ਬਹੁਤ ਘੱਟ ਖੋਜ ਕੀਤੀ ਗਈ ਹੈ, ਫਿਲੌਸਫੀ ਤੇ ਮਜ਼ਹਬ ਤੇ ਬਹੁਤ ਪੁਸਤਕਾਂ ਹਨ, ਪਰ ਪ੍ਰਾਣਾਯਾਮ ਤੇ ਤੁਹਾਨੂੰ ਬਹੁਤ ਘੱਟ ਪੁਸਤਕਾਂ ਮਿਲਦੀਆਂ ਹਨ ਕਿਉਂਕਿ ਇਹ ਵਿਸ਼ਾ ਉਹ ਹੈ ਜਿਸ ਉਤੇ ਪਹਿਲੇ ਆਪਣੇ ਆਪ ਨੂੰ ਅਨੁਭਵ ਕਰਨਾ ਪੈਂਦਾ ਹੈ, ਪ੍ਰਯੋਗ ਕਰਨਾ ਪੈਂਦਾ ਹੈ, ਉਹ ਹੀ ਕੇਵਲ ਇਹ ਕਰਾ ਸਕਦਾ ਹੈ ਜਿਸ ਨੇ ਇਸ ਉਤੇ ਪੂਰੀ ਤਰ੍ਹਾਂ ਨਾਲ ਨਿਪੁੰਨਤਾ ਪ੍ਰਾਪਤ ਕੀਤੀ ਹੋਵੇ ਪੂਰੀ ਪੂਰੀ ਮਾਸਟਰੀ ਕੀਤੀ ਹੋਵੇ, ਉਹ ਇਸ ਦੀ ਵਿਆਖਿਆ ਕਰ ਸਕਦਾ ਹੈ।

ਪ੍ਰਾਣ ਜੀਵਨ ਅਧਾਰ ਹਨ, ਪ੍ਰਾਣ ਸਰੀਰ ਵਿਚ ਅਹਾਰ ਨਾਲ ਅੰਦਰ ਜਾਂਦੇ ਹਨ ਤੇ ਹਵਾ ਜਿਹੜੀ ਅਸੀਂ ਅੰਦਰ ਲੈਂਦੇ ਹਾਂ, ਅਹਾਰ ਦਾ ਖਾਣ ਦਾ ਸਭ ਤੋਂ ਸ਼ਕਤੀਸ਼ਾਲ ਭਾਗ ਹੈ, ਪ੍ਰਾਣ ਪ੍ਰਾਣਾਂ ਤੋਂ ਬਿਨਾਂ ਕੋਈ ਜੀਵਤ ਹੀ ਨਹੀਂ ਰਹਿ ਸਕਦਾ, ਕੁਝ ਸਕਿੰਟਾਂ ਲਈ ਵੀ ਨਹੀਂ ਜੀਵਤ ਰਹਿ ਸਕਦਾ ਪਰ ਭੋਜਨ ਵਿਚ ਪ੍ਰਾਣ ਦੇ ਪੂਰੇ ਗੁਣ ਹਨ, ਸੁਆਸਾਂ ਨਾਲੋਂ ਵਧੇਰੇ ਹਨ, ਸੁਆਸ ਤਾਂ ਬਹੁਤ ਹੀ ਸੂਖਮ ਤੱਤ ਹੈ। ਦੂਸਰੇ ਸ਼ਬਦਾਂ ਵਿਚ ਕਹਿ ਲਵੋ ਪ੍ਰਾਣ ਸਕਤੀ ਪ੍ਰਾਣ ਜਿਹੜੇ ਭੋਜਨ ਵਿਚੋਂ ਪ੍ਰਾਪਤ ਹੁੰਦੇ ਹਨ ਉਹ

ਬਹੁਤ ਮਹੱਤਵਪੂਰਣ ਹਨ ਪਰ ਉਸ ਤੋਂ ਵੀ ਵੱਧ ਮਹੱਤਵਪੂਰਣ ਹਨ ਜਿਹੜੇ ਹਵਾ ਰਾਹੀਂ ਅਸੀਂ ਸ੍ਵਾਸ ਅੰਦਰ ਲੈਂਦੇ ਹਾਂ। ਅੱਜ ਤੱਕ ਕੋਈ ਵੀ ਐਸੀ ਔਸ਼ਧੀ ਨਹੀਂ ਜਿਹੜੀ ਪ੍ਰਾਣ ਸ਼ਕਤੀ ਦੇ ਸਕੇ, ਉਹ ਸ਼ਕਤੀ ਜਿਹੜੀ ਅਸੀਂ ਭੋਜਨ ਰਾਹੀਂ ਲੈਂਦੇ ਹਾਂ ਜਾਂ ਸ੍ਵਾਸਾਂ ਰਾਹੀਂ ਲੈਂਦੇ ਹਾਂ। ਇਥੇ ਇਹ ਯਾਦ ਰੱਖਣਾ ਜ਼ਰੂਰੀ ਹੈ, ਪ੍ਰਾਣ ਕੇਵਲ ਉਹ ਹਵਾ ਨਹੀਂ ਹੈ ਜਿਹੜੀ ਅਸੀਂ ਸ੍ਵਾਸਾਂ ਦੁਆਰਾ ਅੰਦਰ ਲੈਂਦੇ ਹਾਂ ਜਾਂ ਭੋਜਨ ਰਾਹੀਂ ਲੈਂਦੇ ਹਾਂ, ਇਹ ਦੋਨੋਂ ਚੀਜ਼ਾਂ ਤਾਂ ਕੇਵਲ ਇਕ ਸਾਧਨ ਹਨ ਜਿਵੇਂ ਮਨੁੱਖ ਭੋਜਨ ਖਾਂਦਾ ਹੈ ਵਿਟਾਮਿਨ ਲੈਂਦਾ ਹੈ, ਪ੍ਰੋਟੀਨ ਲੈਂਦਾ ਹੈ, ਇਸੇ ਤਰ੍ਹਾਂ ਮਨੁੱਖ ਨੂੰ ਇਹ ਅਭਿਆਸ ਕਰਨਾ ਚਾਹੀਦਾ ਹੈ ਜੋ ਸਭ ਤੋਂ ਵੱਧ ਅਵਸ਼ਕ ਹੈ ਤੇ ਉਹ ਹੈ, ਆਪਣੇ ਫੇਫੜਿਆਂ ਨੂੰ ਪੂਰੀ ਤਰ੍ਹਾਂ ਨਾਲ ਦਿਨ ਵਿਚ ਦੋ ਵਾਰੀ ਚੰਗੀ ਤਰ੍ਹਾਂ, ਪੂਰੀ ਤਰ੍ਹਾਂ ਨਾਲ ਹਵਾ ਨਾਲ ਭਰ ਲੈਣਾ ਚਾਹੀਦਾ ਹੈ।

ਫੇਫੜਿਆਂ ਨੂੰ ਦਰੁੱਸਤ ਕਰਨਾ ਕਰਮਬੱਧ ਕਰਨਾ, ਸਭ ਤੋਂ ਜ਼ਰੂਰੀ ਹੈ ਇਸ ਤਰ੍ਹਾਂ ਕਰਨ ਨਾਲ ਹੀ ਸਰੀਰ ਦੀ ਸਫਾਈ ਅੰਦਰੋਂ ਹੁੰਦੀ ਹੈ। ਜਦੋਂ ਸਾਡੇ ਫੇਫੜੇ ਕੰਮ ਕਰਦੇ ਹਨ ਇਕ ਤਰ੍ਹਾਂ ਦੀ ਬਦਲੀ ਅੰਦਰ ਹੁੰਦੀ ਹੈ ਇਕ ਬਦਲਾਵ ਅੰਦਰ ਪੈਦਾ ਹੁੰਦਾ ਹੈ, ਬਦਲਾਵ ਹੁੰਦਾ ਹੈ ਜੀਵਨ ਸ਼ਕਤੀ ਦਾ ਜੀਵਨ ਪ੍ਰਾਣਾਂ ਦਾ ਜਿਹੜੇ ਅੰਦਰ ਵਰਤੇ ਜਾ ਰਹੇ ਹਨ ਤੇ ਉਹ ਪ੍ਰਾਣ ਜਿਹੜੇ ਵਰਤੇ ਜਾ ਚੁੱਕੇ ਹਨ। ਬਹੁਤਾ ਖਾਣਾ, ਬਹੁਤ ਵੱਧ ਪੱਕਿਆ ਹੋਇਆ ਵਧੇਰੇ ਰਿਝਿਆ ਹੋਇਆ, ਭੋਜਨ ਖਾਣ ਨਾਲ ਫੇਫੜਿਆਂ ਦਾ ਅਦਲਾ ਬਦਲੀ ਦਾ ਪ੍ਰੋਗਰਾਮ ਖਰਾਬ ਹੋ ਜਾਂਦਾ ਹੈ ਇਸ ਨਾਲ ਦੋਨੋਂ ਫੇਫੜੇ ਤੇ ਪੂਰਾ ਸ੍ਵਾਸ ਲੈਣ ਦੀ ਪ੍ਰਣਾਲੀ ਆਪਣੇ ਕਰਮ ਤੋਂ ਹਟ ਜਾਂਦੀ ਹੈ, ਖਰਾਬ ਹੋ ਜਾਂਦੀ ਹੈ ਇਸ ਨਾਲ ਦੋਨੋਂ ਫੇਫੜੇ ਤੇ ਪੂਰਾ ਸ੍ਵਾਸ ਲੈਣ ਦੀ ਪ੍ਰਣਾਲੀ ਆਪਣੇ ਕਰਮ ਤੋਂ ਹਟ ਜਾਂਦੀ ਹੈ, ਖਰਾਬ ਹੋ ਜਾਂਦੀ ਹੈ, ਰੋਮ ਵੀ ਖਰਾਬ ਹੋ ਜਾਂਦੇ ਹਨ। ਜਦੋਂ ਫੇਫੜਿਆਂ ਦੀ ਗਤੀ ਨੂੰ ਤੁਸੀਂ ਸ੍ਵਾਸਾਂ ਨੂੰ ਪ੍ਰਾਣਾਯਾਮ ਨਾਲ ਸੋਧ ਲੈਂਦੇ ਹੋ, ਰੋਮ ਵੀ ਠੀਕ ਤਰ੍ਹਾਂ ਕੰਮ ਕਰਨ ਲਗ ਪੈਂਦੇ ਹਨ, ਸਰੀਰ ਦੇ ਛੋਟੇ ਛੋਟੇ ਤੰਤੂ ਛੋਟੇ ਛੋਟੇ ਸੈਲ ਸਾਰੇ ਗਤੀਸ਼ੀਲ ਹੋ ਜਾਂਦੇ ਹਨ ਤੇ ਸੁਅਸਥ ਹੋ ਜਾਂਦੇ ਹਨ।

ਫੇਫੜੇ ਛਾਤੀ ਦੇ ਦੋਨੋਂ ਪਾਸੇ ਸਥਿਤ ਹਨ, ਫੇਫੜਿਆਂ ਦੇ ਦਰਮਿਆਨ ਵਿਚ ਹੈ ਦਿਲ ਤੇ ਖਾਣ ਦੀ ਨਾਲੀ ਜਿਸ ਨੂੰ esophagus ਕਹਿੰਦੇ ਹਨ ਤੇ ਨਾਲ ਹੀ ਉਹ ਨਾਲੀ ਜਿਸ ਰਾਹੀਂ ਹਵਾ ਅੰਦਰ ਜਾਂਦੀ ਹੈ। ਫੇਫੜਿਆਂ ਤੋਂ ਥੱਲੇ diaphragm ਇਹ ਇਕ ਤਰ੍ਹਾਂ ਨਾਲ ਕੰਧ ਹੈ, ਪੱਠੇ ਦੇ ਰੂਪ ਵਿਚ, ਇਹ ਛਾਤੀ ਤੇ ਪੇਟ ਦੇ ਟੋਏ ਨੂੰ ਦੋ ਹਿਸਿਆਂ ਵਿਚ ਵੱਖ ਰਖਦੀ ਹੈ, diaphragm ਰਾਹੀਂ ਹੀ ਫੇਫੜਿਆਂ ਨੂੰ ਹਵਾ ਜਾਂਦੀ ਹੈ। diaphragm ਜਦੋਂ ਇਕੱਠਾ ਹੁੰਦਾ ਹੈ ਤਾਂ ਫੇਫੜੇ ਫੈਲਦੇ ਹਨ ਜਦੋਂ diaphragm ਨਿਸਲ ਹੁੰਦਾ ਹੈ ਤਾਂ ਫੇਫੜੇ ਇਕੱਠੇ ਹੁੰਦੇ ਹਨ ਭਾਵ ਸੁੰਘੜਦੇ ਹਨ ਤੇ ਹਵਾ ਬਾਹਰ ਨਿਕਲਦੀ ਹੈ। ਇਸ ਕਾਰਣ diaphragm ਦਾ ਕਾਬੂ ਕੰਟਰੋਲ ਸਭ ਤੋਂ ਪਹਿਲੀ ਪਉੜੀ ਹੈ ਜਦੋਂ ਤੁਸੀਂ ਸ੍ਵਾਸਾਂ ਨੂੰ ਕਾਬੂ ਕਰਨ ਲਗਦੇ ਹੋ। ਸਿੱਧੀ ਸਾਧੀ diaphragmatic breathing ਭਾਵ diaphragm ਤੋਂ ਸ੍ਵਾਸ ਲੈਣਾ ਹੀ, ਡੂੰਘੇ ਸ੍ਵਾਸ ਲੈਣਾ ਹੀ ਸ੍ਵਾਸ ਵਿਗਿਆਨ ਦਾ ਮੁੱਢ ਹੈ।

ਜਿਹੜੀ ਹਵਾ ਅਸੀਂ ਅੰਦਰ ਲੈਂਦੇ ਹਾਂ ਉਹ ਸਾਰੇ ਸਰੀਰ ਦੇ ਕਾਰਜ ਕਰਨ ਵਿਚ ਸਹਾਇਕ ਹੁੰਦੀ ਹੈ ਤੇ ਨਾਲ ਹੀ ਫੇਫੜਿਆਂ ਦੀ ਗਤੀ ਨੂੰ ਵੀ ਕੰਟਰੋਲ ਕਰਦੀ ਹੈ। ਇਸ ਤਰ੍ਹਾਂ ਨਾਲ ਸ਼ਕਤੀ ਇਕੱਠੀ ਹੁੰਦੀ ਰਹਿੰਦੀ ਹੈ, ਫੇਫੜਿਆਂ ਦੀ ਗਤੀ ਨੂੰ ਕਾਬੂ ਕਰਕੇ, ਸੰਵੈ ਚਲਿਤ ਨਾੜੀ ਪ੍ਰਬੰਧ ਨੂੰ ਬਹੁਤ ਨਿਪੁੰਨ ਯੋਗੀ ਕੰਟਰੋਲ ਕਰ ਲੈਂਦੇ ਹਨ ਤੇ ਨਾਲ ਹੀ ਪੱਠੇ ਵੀ ਕਾਬੂ ਹੋ ਜਾਂਦੇ ਹਨ। ਪ੍ਰਾਣਾਂ ਦਾ ਕਾਰਜ ਵੀ ਹਿਰਦੇ ਦੇ systolic ਤੇ diastolic ਕਾਰਜ ਦਾ ਮੁੱਢ ਹੈ, ਸ੍ਵਾਸਾਂ ਦਾ ਬਾਹਰ ਜਾਣਾ, ਅੰਦਰ ਆਉਣਾ, ਭੋਜਨ ਦਾ ਪਚਣਾ, ਮਲਮੂਤਰ ਦਾ ਬਾਹਰ ਜਾਣਾ, ਪਾਚਣ ਜੂਸਾ ਦਾ ਬਣਨਾ, ਭਾਵੇਂ ਉਹ ਮੇਹਦੇ ਦੇ ਹਨ ਭਾਵੇਂ ਆਂਤੜੀਆਂ ਦੇ ਹੋਣ ਸਭ ਨੂੰ ਪ੍ਰਾਣ ਹੀ ਕੰਟਰੋਲ ਕਰਦੇ ਹਨ।

ਫੇਫੜਿਆਂ ਦੀ ਗਤੀ ਤੇ ਕਾਬੂ ਪਾ ਕੇ ਤੁਸੀਂ ਰੋਮਾਂ ਦੇ ਕਾਰਜ ਤੇ ਵੀ ਕਾਬੂ ਪਾ ਸਕਦੇ ਹੋ, ਜੋ ਕਿ ਸਰੀਰ ਦੀ ਸਫਾਈ ਲਈ ਬਹੁਤ ਹੀ ਅਵੱਸ਼ਕ ਹੈ। ਯੋਗ ਦੀ ਜਿਹੜੀ ਹੱਥ ਲਿਖਤ ਪੁਸਤਕ ਹੈ ਜਿਸ ਨੂੰ Tarangni ਕਹਿੰਦੇ ਹਨ ਉਸ ਵਿਚ ਰੋਮਾਂ ਦੀ ਇਸ ਪ੍ਰਕਾਰ ਦੀ ਸਫਾਈ ਨੂੰ ਪ੍ਰਾਣਾਂ ਦਾ ਇਸ਼ਨਾਨ ਕਹਿੰਦੇ ਹਨ। ਇਸ ਤਰ੍ਹਾਂ ਕਰਨ ਲਈ ਤੁਸੀਂ draphragm ਨੂੰ ਅੰਦਰ ਕਰਦੇ ਹੋ ਤੇ ਗੰਦੀ ਹਵਾ carbon dioxide ਤੇ carbonic acid ਬਾਹਰ ਕੱਢਦੇ ਹੋ, ਇਸ ਦੌਰਾਨ ਤੁਸੀਂ ਹਵਾ ਅੰਦਰ ਨਹੀਂ ਕਰਦੇ ਕੇਵਲ ਬਾਹਰ ਕੱਢਦੇ ਹੋ। ਤੁਸੀਂ ਬਾਰ-ਬਾਰ ਇਸ ਤਰ੍ਹਾਂ ਕਰਦੇ ਹੋ ਤੇ ਓਨੀ ਦੇਰ ਤੱਕ ਕਰਦੇ ਹੋ ਜਦੋਂ ਤੱਕ ਤੁਹਾਡੇ ਫੇਫੜੇ ਕਰ ਸਕਦੇ ਹਨ, ਪਰ ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਇਹ ਕਿਸੇ ਨਿਪੁੰਣ ਗੁਰੂ ਦੀ ਦੇਖ ਰੇਖ ਵਿਚ ਹੀ ਕਰਨਾ ਚਾਹੀਦਾ ਹੈ। ਇਹ ਕਰਨ ਤੋਂ ਪਹਿਲਾਂ ਜਗਿਆਸੂ ਨੂੰ ਪ੍ਰਾਣਾਂਯਾਮ ਦੀਆਂ ਕੁਝ ਪੌੜੀਆਂ ਚੜ੍ਹਣੀਆਂ ਅਵਸਕ ਹਨ ਜਦੋਂ ਉਨਤ ਸ਼ਿਸ਼ ਪ੍ਰਾਣਾਂ ਇਸ਼ਨਾਨ ਦਾ ਅਭਿਆਸ ਕਰਦਾ ਹੈ ਤਾਂ ਇਹ ਬਹੁਤ ਹੀ ਲਾਭਦਾਇਕ ਸਿੱਧ ਹੁੰਦਾ ਹੈ ਇਹ ਸਭ ਤੋਂ ਉਤਮ ਸਫਾਈ ਦਾ ਢੰਗ ਹੈ ਤੇ ਉਚ ਕੋਟੀ ਦੇ ਯੋਗੀ ਜਿਹੜੇ ਹਿਮਾਲੀਆ ਦੀਆਂ ਕੁੰਦਰਾਂ ਵਿਚ ਰਹਿੰਦੇ ਹਨ ਉਹ ਇਸ ਨੂੰ ਕਰਦੇ ਹਨ।

ਸ੍ਵਾਸਾਂ ਤੇ ਕਾਬੂ ਪਾ ਕੇ ਤੁਸੀਂ ਸਰੀਰ ਤੇ ਮਨ ਦੀ ਗਤੀ ਤੇ ਪੂਰੀ ਤਰ੍ਹਾਂ ਨਾਲ ਕਾਬੂ ਪਾ ਸਕਦੇ ਹੋ। ਪ੍ਰਾਣਾਯਾਮ ਦਾ ਅਭਿਆਸ ਕਰਕੇ ਤੁਸੀਂ ਆਪਣੇ ਚਰਿੱਤਰ ਦਾ ਨਿਰਮਾਣ ਕਰ ਸਕਦੇ ਹੋ, ਤੁਸੀਂ ਆਪਣਾ ਜੀਵਨ ਬਦਲ ਸਕਦੇ ਹੋ। ਸ੍ਵਾਸਾਂ ਦਾ ਗਿਆਨ ਅਤੀ ਸੂਖਮ ਹੈ ਤੇ ਹਰ ਤਰ੍ਹਾਂ ਨਾਲ ਸੰਪੂਰਣ ਗਿਆਨ ਹੈ ਜਿਹੜਾ ਸਰੀਰ ਤੇ ਮਨ ਬਾਰੇ ਦਸਦਾ ਹੈ। ਬਹੁਤ ਸਾਰੀਆਂ ਬਿਮਾਰੀਆਂ ਜਿਹੜਾ ਲਾ ਇਲਾਜ ਸੋਚੀਆਂ ਜਾਂਦੀਆਂ ਹਨ ਉਹ ਪ੍ਰਾਣਾਯਾਮ ਕਰਕੇ ਠੀਕ ਹੋ ਸਕਦੀਆਂ ਹਨ। ਪ੍ਰਾਣ ਹੀ ਸਰੀਰ ਤੇ ਮਨ ਦਾ ਸੇਤੂ ਹਨ ਜਦੋਂ ਇਹ ਸੇਤੂ ਇਹ ਪ੍ਰਾਣਾਂ ਦਾ ਪੁਲ ਟੁਟ ਜਾਂਦਾ ਹੈ ਮੌਤ ਹੋ ਜਾਂਦੀ ਹੈ।

ਪੁਰਾਣੇ ਸਮਿਆਂ ਵਿਚ ਕਿਹਾ ਜਾਂਦਾ ਸੀ ਪੁਰਾਣੇ ਮਹਾਤਮਾ ਕਹਿੰਦੇ ਸੀ ਜਿਹੜਾ ਸ੍ਵਾਸ ਵਿਗਿਆਨ ਜਾਣਦਾ ਹੈ ਉਹ ਸਭ ਕੁਝ ਜਾਣਦਾ ਹੈ ਤੇ ਜਿਹੜਾ ਪ੍ਰਾਣਾਂ ਨੂੰ ਜਾਣਦਾ ਹੈ ਉਹ ਵੇਦ ਜਾਣਦਾ ਹੈ, ਇਸੇ ਹੀ ਕਾਰਣ ਕਰਕੇ 'ਸ੍ਵਾਸ ਬ੍ਰਹਮਾ ਹਨ' ਜੋ ਕੁਝ ਵੀ ਹੈ ਜੀਉਂਦਾ ਹੈ ਹਿਲਦਾ ਹੈ, ਜਿਸ ਕਿਸੇ ਦਾ ਵੀ ਕੋਈ ਵੀ ਪ੍ਰਗਟਾਵਾ ਹੈ ਹੋਂਦ ਹੈ ਉਹ ਪ੍ਰਾਣ ਹੀ ਹੈ। ਪ੍ਰਾਣ ਹੀ ਮਨ ਦੇ ਚਾਲਕ ਹਨ ਤੇ ਮਨ ਤੋਂ ਹੀ ਅੱਗੇ ਉਹ ਇੱਛਾ ਸ਼ਕਤੀ ਬਖਸ਼ਦੇ ਹਨ। ਇੱਛਾ ਸ਼ਕਤੀ ਤੋਂ ਪ੍ਰਾਣ ਮਨੁੱਖ ਦੀ ਆਤਮਾ ਨਾਲ ਰੂਹ ਨਾਲ ਸਬੰਧ ਰਖਦੇ ਹਨ ਤੇ ਅੱਗੇ ਵਿਸ਼ਵ ਆਤਮਾ ਨਾਲ ਜੁੜਦੇ ਹਨ ਭਾਵ ਪ੍ਰਮਾਤਮਾ ਨਾਲ ਜੁੜਦੇ ਹਨ।

ਪ੍ਰਾਣਾਯਾਮ ਦਾ ਵਿਗਿਆਨ ਸਮਝਣ ਲਈ ਇਹ ਅਵਸ਼ਕ ਹੈ ਕਿ ਨਾੜੀ ਤੰਤਰ ਨੂੰ ਚੰਗੀ ਤਰ੍ਹਾਂ ਸਮਝਿਆ ਜਾਏ ਉਸ ਦੇ ਸੁਭਾਅ ਨੂੰ ਉਸ ਦੇ ਕਾਰਜ ਬਾਰੇ ਚੰਗੀ ਤਰ੍ਹਾਂ ਨਾਲ ਜਾਣ ਲਿਆ ਜਾਵੇ, ਇਹ ਵੀ ਸਮਝ ਲਿਆ ਜਾਵੇ ਕਿ ਨਾੜੀ ਤੰਤਰ ਦਾ ਸਰੀਰ ਦੇ ਦੂਸਰੇ ਦੇਹੀ ਪਰਣਾਲੀਆਂ ਨਾਲ ਕੀ ਸਬੰਧ ਹੈ ਤੇ ਕੀ ਤਾਲਮੇਲ ਹੈ। ਸਰੀਰ ਦੇ ਕਾਰਜ ਨੂੰ ਮੱਧਮ ਨਾੜੀ ਤੰਤਰ ਤੇ ਸਵੈਚਾਲਕ ਨਾੜੀ ਤੰਤਰ ਵਿਚ ਵੰਡਿਆ ਜਾ ਸਕਦਾ ਹੈ। ਮੱਧਯ ਨਾੜੀ ਤੰਤਰ ਨੂੰ cerebrospinal ਪ੍ਰਣਾਲੀ ਵੀ ਕਿਹਾ ਜਾਂਦਾ ਹੈ ਇਸ ਵਿਚ ਦਿਮਾਗ ਹੈ, ਬਾਹਾਂ, ਜੋੜੇ cranial ਨਾੜੀ ਤੰਤਰ ਹਨ, ਗੀੜ ਦੀ ਹੱਡੀ ਹੈ ਤੇ ਇਕੱਤੀ ਜੋੜੇ ਗੀੜ ਦੀ ਹੱਡੀ ਦੇ ਜੋੜੇ ਹਨ। ਗੀੜ ਦੀ ਹੱਡੀ ਇਕ ਲੰਮੀ ਜਿਹੀ ਨਾਲੀ ਵਿਚ ਹੈ ਜਿਹੜੀ ਕਿ ਦਿਮਾਗ ਨਾਲ ਜੁੜੀ ਹੋਈ ਹੈ। cranial ਨਾੜੀਆਂ ਦਿਮਾਗ ਦੀਆਂ ਨਾੜੀਆਂ ਤੇ ਗੀੜ ਦੀ ਹੱਡੀ ਦੀਆਂ ਨਾੜੀਆਂ ਦਾ ਜਾਲ ਸਾਰੇ ਸਰੀਰ ਵਿਚ ਵਿਛਿਆ ਹੋਇਆ ਹੈ ਇਸ ਜਾਲ ਨਾਲ ਨਾੜੀਆਂ ਦੇ ਭੇਦ ਜੁੜੇ ਹੋਏ ਹਨ ਜਿਹੜੇ ਇਕ ਤਾਂ ਦਿਮਾਗ ਤੋਂ ਤੇ ਗੀੜ ਦੀ ਹੱਡੀ ਤੋਂ ਨਾੜੀਆਂ ਪ੍ਰੇਰਨਾ ਮਨੋਵੇਗ ਬਾਹਰ ਤੱਕ ਪਹੁੰਚਾਉਂਦੀਆਂ ਹਨ ਉਥੇ ਤੱਕ ਜਿਥੇ ਨਾੜੀ ਦਾ ਸਿਰਾ ਹੈ, ਦੂਸਰੇ ਤੰਦ ਉਹ ਹਨ ਜਿਹੜੇ ਸਨੇਹਾ ਮਨੋਵੇਗ ਪ੍ਰੇਰਨਾ ਨਾੜੀਆਂ ਦੇ ਸਿਰੇ ਤੋਂ ਦਿਮਾਗ ਤਕ ਲੈ ਜਾਂਦੀਆਂ ਹਨ ਤੇ ਗੀੜ੍ਹ ਦੀ ਹੱਡੀ ਤਕ ਪਹੁੰਚਾਉਂਦੀਆਂ ਹਨ।

ਯੋਗ ਵਿਗਿਆਨ ਦੀਆਂ ਹੱਥ ਲਿਖੀਆਂ ਪੁਸਤਕਾਂ ਵਿਚ ਸਰੀਰ ਦੇ ਅੰਦਰ ਦੀ ਬਣਤਰ ਬਹੁਤ ਹੀ ਵਿਸਤਾਰ ਨਾਲ ਦਿਤੀ ਗਈ ਹੈ, ਸਰੀਰ ਦੇ ਵੱਖ-ਵੱਖ ਹਿਸਿਆਂ ਦਾ ਕਾਰਜ ਵੀ ਦੱਸਿਆ ਗਿਆ ਹੈ, ਭਾਵੇਂ ਪੁਰਾਤਨ ਯੋਗੀਆਂ ਨੇ ਕਦੀ ਵੀ ਸਰੀਰ ਦਾ ਚੀਰ ਫਾੜ ਨਹੀਂ ਸੀ ਕੀਤਾ ਫੇਰ ਵੀ ਨਾੜੀ ਤੰਤਰ ਦੀ ਵਿਆਖਿਆ ਬਿਲਕੁਲ ਉਸ ਤਰ੍ਹਾਂ ਹੀ ਕੀਤੀ ਹੋਈ ਹੈ ਜਿਵੇਂ ਅੱਜ ਦੇ ਸਰੀਰਕ ਵਿਗਿਆਨਕਾਂ ਨੇ ਡਾਕਟਰਾਂ ਨੇ ਕੀਤੀ ਹੈ। ਹਾਂ ਇਕ ਸਭ ਤੋਂ ਵੱਡਾ ਅੰਤਰ ਹੈ, ਅੱਜ ਦੀ ਵਿਆਖਿਆ ਤੇ ਪੁਰਾਤਨ ਵਿਆਖਿਆ ਵਿਚ ਪੁਰਾਤਨ ਯੋਗੀਆਂ ਦੀ ਵਿਆਖਿਆ ਨੇ ਨਾੜੀ ਤੰਤਰ ਦੀ ਵਿਆਖਿਆ ਬਹੁਤ ਵਿਸਤਾਰ ਨਾਲ ਨਹੀਂ ਕੀਤੀ ਉਨ੍ਹਾਂ ਨੇ ਬੜੇ ਸੂਖਮ ਭਾਵ ਤੇ ਸਰੀਰਕ ਵਿਆਖਿਆ ਦਿਤੀ ਹੈ। ਉਨ੍ਹਾਂ ਦੀ ਵਿਆਖਿਆ ਵਿਚ ਨਾੜੀਆਂ ਹਨ, ਸ਼ਕਤੀ ਦੇ ਪਰਵਾਹ ਦੇ ਰਾਹ ਦੱਸੇ ਗਏ ਹਨ ਪ੍ਰਾਣਾਂ ਬਾਰੇ ਪ੍ਰਾਣ ਸ਼ਕਤੀ ਤੇ ਇਸ ਦੇ ਨਾਲ ਸਬੰਧਤ ਨਾੜੀਆਂ ਮਨੋਵੇਗ ਦੱਸੇ ਗਏ ਹਨ। ਦੂਸਰੇ ਸ਼ਬਦਾਂ ਵਿਚ ਇਹ ਕਹਿ ਲਓ ਸਰੀਰਕ ਨਾੜੀਆਂ, ਮਨੋਵੇਗ, ਸੂਖਮ ਨਾੜੀਆਂ ਤੇ ਮਨੋਵੇਗ ਦੇ ਪੂਰੇ-ਪੂਰੇ ਪ੍ਰਕਾਸ਼ ਹਨ, ਅਭਿਵਿਅੰਜਨ ਹਨ, ਪੁਰਾਤਨ ਯੋਗੀਆਂ ਨੂੰ ਇਨ੍ਹਾਂ ਦਾ ਪੂਰਾ ਗਿਆਨ ਸੀ ਇਸੇ ਤਰ੍ਹਾਂ ਸਰੀਰ ਦੇ ਵੱਖ-ਵੱਖ ਨਾੜਾਂ ਦਾ ਜਾਲ ਗ੍ਰੰਥੀਆਂ ਦੇ ਵੱਖ-ਵੱਖ ਨਾੜਾਂ ਦਾ ਜਾਲ ਗ੍ਰੰਥੀਆਂ ਦੇ ਵੱਖ-ਵੱਖ ਚੱਕਰਾਂ ਜਾਂ ਕਹਿ ਲਵੋ ਆਤਮਕ ਕੇਂਦਰਾਂ ਦਾ ਹੀ ਪ੍ਰਗਟਾਵਾ ਹੈ ਜਿਹੜੇ ਯੋਗੀਆਂ ਨੇ ਦੱਸੇ ਹਨ।

ਆਓ ਅਸੀਂ ਪੁਰਾਤਨ ਪੁਸਤਕਾਂ ਵਿਚ ਦਿਤੀ ਵਿਆਖਿਆ ਨੂੰ ਸੰਖੇਪ ਵਿਚ ਦੇਖੀਏ। ਕਈ ਹਜ਼ਾਰ ਨਾੜੀਆਂ ਹਨ ਜਿਨ੍ਹਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਣ ਹਨ ਇੜਾ ਪਿੰਗਲਾ ਤੇ ਸੁਖਮਨਾ। ਸੁਖਮਨਾ ਨਾੜੀ ਕੇਂਦਰ ਵਿਚ ਸਥਿਤ ਹੈ ਤੇ ਮੇਰੂਦੰਡ ਵਿਚੋਂ ਲੰਘਦੀ ਹੈ, ਮੇਰੂਦੰਡ ਨੂੰ ਗੀੜ ਦੀ ਹੱਡੀ ਕਹਿੰਦੇ ਹਾਂ, ਇਹ ਮੂਲਾਧਾਰ ਤੋਂ ਸ਼ੁਰੂ ਹੁੰਦੀ ਹੈ ਜਿਸ ਨੂੰ pelvic plexus ਕਹਿੰਦੇ ਹਨ ਇਹ sympathetic ਨਾੜੀ ਤੰਤਰ ਨਾਲ ਸਬੰਧ ਰਖਦਾ ਹੈ ਜਿਵੇਂ ਹੀ ਇਹ ਮੇਰੂਦੰਡ ਵਿਚੋਂ ਸਵਾਧਿਸ਼ਠਾਨ ਚੱਕਰ ਨੂੰ ਵਿੰਨਦਾ ਹੋਇਆ ਲੰਘਦਾ ਹੈ ਜਿਸ ਨੂੰ hypogastic plexus ਕਹਿੰਦੇ ਹਨ। ਮਨੀਪੁਰ ਚੱਕਰ ਨੂੰ solar plexus ਕਿਹਾ ਜਾਂਦਾ ਹੈ, ਅਨਾਹਦ ਚੱਕਰ ਜਿਸ ਨੂੰ cardiac plexus ਕਹਿੰਦੇ ਹਨ ਤੇ ਅੰਤ ਵਿਚ ਵਿਸ਼ੁੱਧ ਚੱਕਰ ਜਿਸ ਨੂੰ pharynegeal plexus ਕਹਿੰਦੇ ਹਨ। ਇਨ੍ਹਾਂ ਸਾਰਿਆਂ ਵਿਚੋਂ ਹੋ ਕੇ ਸੁਸ਼ਮਨਾ ਤਾਲੂ ਨੂੰ ਵਿੰਨਦੀ

ਹੋਈ ਜਿਸ ਨੂੰ ਖੋਪਰੀ ਦਾ ਤਲਾਅ ਕਹਿ ਸਕਦੇ ਹੋ, ਜਾਂ ਅੰਦਰ ਦਾ ਹਿੱਸਾ ਤਾਲੂ ਤੇ ਬਾਹਰ ਦਾ ਹਿੱਸਾ ਖੋਪਰੀ ਕਹਿ ਸਕਦੇ ਹੋ। ਅੰਦਰ ਦਾ ਹਿੱਸਾ ਅਜਨ ਚੱਕਰ ਜਿਸ ਨੂੰ nasociliary plexus ਕਹਿੰਦੇ ਹਨ ਇਹ ਵਾਸਤਵ ਵਿਚ ਚੇਤਨ ਬਿੰਦੂ ਹੈ। ਇਹ ਦੋਨੋਂ ਅੱਖਾਂ ਦੇ ਵਿਚ ਸਥਿਤ ਹੈ ਇਹ ਬ੍ਰਹਮਰੰਦਰਾ ਨੂੰ ਜੋੜਦਾ ਹੈ ਜਾਂ ਕਹਿ ਲਓ ਬ੍ਰਹਮ ਦੀ ਖੋੜ, ਖੋਹ ਨੂੰ ਜੋੜਦਾ ਹੈ ਜਿਹੜੀ ਕਿ ਸਰੀਰ ਵਿਚ ventricular cavity ਹੈ। ਸੁਸ਼ਮਨਾ ਦਾ ਬਾਹਰ ਵਾਲਾ ਹਿੱਸਾ ਖੋਪੜੀ ਦੇ ਪਿਛੋਂ ਲੰਘਦੀ ਹੈ ਤੇ ਬ੍ਰਹਮਰੰਦਰਾ ਨੂੰ ਜੋੜਦਾ ਹੈ। ਇਹ ਬਾਹਰ ਦਾ ਹਿੱਸਾ ਹੀ ਪ੍ਰਾਣਾਯਾਮ ਨਾਲ ਵਿਕਸਿਤ ਹੁੰਦਾ ਹੈ, ਉਸ ਦਾ ਵਿਕਾਸ ਹੁੰਦਾ ਹੈ ਪਹੁੰਚਿਆ ਯੋਗੀ ਆਪਣੇ ਪ੍ਰਾਣ ਬ੍ਰਹਮ ਰੰਦਰਾ ਰਾਹੀਂ ਹੀ ਤਿਆਗਦਾ ਹੈ।

ਮੇਰੂਦੰਡ ਦੇ ਆਸੇ ਪਾਸੇ ਇੜਾ ਤੇ ਪਿੰਗਲਾ ਹਨ ਭਾਵ ਸੱਜੇ ਤੇ ਖੱਬੇ ਪਾਸੇ। ਇਨ੍ਹਾਂ ਦਾ ਨਿਕਾਸ ਮੂਲਾਧਾਰ ਚੱਕਰ ਤੋਂ ਹੁੰਦਾ ਹੈ ਤੇ ਦੋਨੋਂ ਨਾੜੀਆਂ ਨਾਸਿਕਾ ਤੇ ਪਹੁੰਚਣ ਤੋਂ ਪਹਿਲਾਂ ਇਕ ਦੂਸਰੇ ਨੂੰ ਕੱਟਦੀਆਂ ਹਨ। ਇੜਾ ਖੱਬੀ ਨਾਸਿਕਾ ਵਿਚ ਮਿਲ ਕੇ ਖਤਮ ਹੁੰਦੀ ਹੈ ਤੇ ਪਿੰਗਲਾ ਸੱਜੀ ਨਾਸਿਕਾ ਵਿਚ ਆ ਕੇ ਖਤਮ ਹੁੰਦੀ ਹੈ।

ਯੋਗ ਦੇ ਖਰੜਿਆਂ ਵਿਚ ਚੱਕਰਾਂ ਦਾ ਬਹੁਤ ਹੀ ਵਿਸਤਾਰ ਨਾਲ ਵਿਸ਼ਲੇਸ਼ਨ ਕੀਤਾ ਹੈ, ਦੱਸਿਆ ਗਿਆ ਹੈ ਕਿ ਇਹ ਪ੍ਰਾਣਕ ਸ਼ਕਤੀ ਦੇ ਕੇਂਦਰ ਹਨ ਤੇ ਇਨ੍ਹਾਂ ਨੂੰ ਕਮਲ ਨਾਲ ਦੱਸਿਆ ਗਿਆ ਹੈ। ਹਰ ਚੱਕਰ ਦੀਆਂ ਪੰਖੜੀਆਂ ਹਨ, ਰੰਗ ਹਨ ਹਰ ਇਕ ਦੀ ਪ੍ਰਧਾਨਗੀ ਦੀ ਇਕ ਦੇਵ ਸਰੂਪ ਦੇਵਤਾ ਕਰਦਾ ਹੈ। ਸਭ ਤੋਂ ਥੱਲੇ ਮੂਲਾਧਾਰ ਚੱਕਰ ਹੈ ਇਹ ਇਕ ਸੱਪ ਦੀ ਤਰ੍ਹਾਂ ਲਿਪਟਿਆ ਹੋਇਆ ਸੁੱਤਾ ਪਿਆ ਹੈ ਇਸ ਨੂੰ ਸੁੱਤੀ ਪਈ ਕੁੰਡਲਨੀ ਕਹਿੰਦੇ ਹਨ ਇਥੇ ਮਨੁੱਖ ਦੀ ਸਾਰੀ ਸੰਯੁਕਤ ਸ਼ਕਤੀਆਂ ਦਬੀਆਂ ਪਈਆਂ ਹਨ। ਯੋਗ ਦਾ ਮੰਤਵ ਇਸ ਸੁੱਤੀ ਕੁੰਡਲਨੀ ਨੂੰ ਜਗਾਉਣਾ ਹੈ ਤੇ ਫੇਰ ਉਸ ਨੂੰ ਸੁਸ਼ਮਨਾ ਰਾਹੀਂ ਵੱਖ-ਵੱਖ ਚੱਕਰਾਂ ਨੂੰ ਵਿੰਨਦੀ ਹੋਈ ਨੂੰ ਉਪਰ ਸਹੰਸਰਚੱਕਰ ਜਿਹੜਾ ਇਕ ਹਜ਼ਾਰ ਪੱਤੀਆਂ ਵਾਲਾ ਕਮਲ ਹੈ ਉਥੇ ਪਹੁੰਚਾਉਣਾ ਹੈ। ਇਸ ਤਰ੍ਹਾਂ ਨਾਲ ਵਿਸ਼ਵ ਸ਼ਕਤੀ ਦਾ ਮੇਲ ਵਿਸ਼ਵ ਚੇਤਨਾ ਨਾਲ ਹੁੰਦਾ ਹੈ ਜਾਂ ਕਹਿ ਲਵੋ ਸ਼ਿਵ ਦਾ ਮੇਲ ਸ਼ਕਤੀ ਨਾਲ ਹੁੰਦਾ ਹੈ ਇਸ ਮੇਲ ਨਾਲ ਯੋਗੀ ਆਤਮ ਸਿੱਧੀ ਪ੍ਰਾਪਤ ਕਰਦੇ ਹਨ ਤੇ ਬੰਧਨ ਤੋਂ ਛੁਟਕਾਰਾ ਪਾਉਂਦੇ ਹਨ। ਇਸ ਤਰ੍ਹਾਂ ਨਾਲ ਆਤਮਾ ਦਾ ਮੇਲ ਪ੍ਰਮਾਤਮਾ ਨਾਲ ਹੁੰਦਾ ਹੈ ਆਤਮਾ ਬ੍ਰਹਮ ਵਿਚ ਜਾ ਮਿਲਦੀ ਹੈ।

ਪ੍ਰਾਣਾਯਾਮ ਦਾ ਅਭਿਆਸ ਕਰਨ ਨਾਲ ਇਹ ਸ਼ਕਤੀ ਪ੍ਰਗਟ ਹੋ ਜਾਂਦੀ ਹੈ, ਇਹ ਅਭਿਆਸ ਕਰਨ ਨਾਲ ਇੜਾ ਪਿੰਗਲਾ ਕਮਜ਼ੋਰ ਪੈ ਜਾਂਦੀਆਂ ਹਨ ਤੇ ਪ੍ਰਾਣਾਂ ਦਾ ਬਹਾਅ ਸੁਸ਼ਮਨਾ ਨਾੜੀ ਰਾਹੀਂ ਹੋਣ ਲਗ ਪੈਂਦਾ ਹੈ, ਇਸ ਤਰ੍ਹਾਂ ਕਰਨ ਨਾਲ ਯੋਗੀ ਇਕ ਅਨੋਖੀ ਤਰ੍ਹਾਂ ਦਾ ਅਨੰਦ ਮਹਿਸੂਸ ਕਰਦੇ ਹਨ ਤੇ ਸਮੇਂ ਦੇ ਬੰਧਨ ਤੋਂ ਮੁਕਤ ਹੋ ਜਾਂਦੇ ਹਨ।

ਮਨੁੱਖ ਦੇ ਸਰੀਰ ਵਿਚ ਪ੍ਰਾਣਾਂ ਦੀ ਸ਼ਕਤੀ ਪੁਰਾਤਨ ਸਮਿਆਂ ਵਿਚ ਰਿਸ਼ੀਆਂ ਮੁਨੀਆਂ ਨੇ ਜਾਣ ਲਈ ਸੀ। ਇਸ ਸਕਤੀ ਨੂੰ ਇਸ ਦੇ ਕਾਰਜਾਂ ਅਨੁਸਾਰ ਦੱਸ ਭਾਗਾਂ ਵਿਚ ਵੰਡਿਆ ਗਿਆ ਹੈ ਇਨ੍ਹਾਂ ਕਾਰਜਾਂ ਕਰਕੇ ਹੀ ਇਹ ਪ੍ਰਾਣ ਸ਼ਕਤੀ ਦਾ ਪ੍ਰਗਟਾਵਾ ਹੁੰਦਾ ਹੈ ਤੇ ਸਰੀਰ ਦੇ ਕਾਰਜ ਚਲਦੇ ਹਨ ਇਸ ਸ਼ਕਤੀ ਨਾਲ ਹੀ ਵੱਖ-ਵੱਖ ਕਾਰਜ ਸਮਵਰਗ ਹੁੰਦੇ ਹਨ। ਇਹ ਸ਼ਕਤੀ ਹੀ ਵੱਖ-ਵੱਖ ਸਰੀਰ ਦੇ ਅੰਗਾਂ ਵਿਚ ਜਾਂਦੀ ਹੈ ਇਸ ਸਕਤੀ ਰਾਹੀਂ ਹੀ ਵਿਸ਼ਵ ਸ਼ਕਤੀ ਸਰੀਰ ਨੂੰ ਮਿਲਦੀ ਹੈ ਇਹ ਇਕ ਕਿਸਮ ਨਾਲ ਸ਼ਕਤੀ ਦੇਣ ਦੇ ਸਾਧਨ ਹਨ। ਦੱਸ ਪ੍ਰਾਣ ਕਹੇ ਜਾਂਦੇ ਹਨ ਪੰਜ ਬਿਲਕੁਲ ਖਾਸ ਹਨ ਪਹਿਲਾ ਉਦਾਨ, ਦੂਸਰਾ ਪ੍ਰਾਣ, ਤੀਸਰਾ ਸਮਾਨ, ਚੌਥਾ ਅਪਾਨ ਪੰਜਵਾਂ ਵਿਆਨ।

ਉਦਾਨ ਉਹ ਪ੍ਰਾਣ ਹਨ ਜਿਹੜੇ ਗਲੇ ਤੋਂ ਉਪਰ-ਉਪਰ ਕੰਮ ਕਰਦੇ ਹਨ ਇਹ ਇੰਦ੍ਰੀਆਂ ਨੂੰ ਚਲਾਉਂਦਾ ਹੈ, ਦੂਸਰਾ ਪ੍ਰਾਣ ਹੈ ਇਹ ਗਲੇ ਤੋਂ ਲੈ ਕੇ ਹਿਰਦੇ ਤਕ ਦੇ ਕਾਰਜ ਨੂੰ ਚਲਾਉਂਦਾ ਹੈ ਇਹ ਬੋਲਣ ਤੇ ਸਵਰਮਈ ਜਾਂ ਕਹਿ ਲਓ ਉਚਾਰਣ ਨੂੰ ਦੇਖਦਾ ਹੈ, ਸੁਆਸ ਲੈਣ ਦੇ ਅੰਗਾਂ ਨੂੰ ਦੇਖਦਾ ਹੈ ਤੇ ਨਾਲ ਹੀ ਜਿਹੜੇ ਪੱਠੇ ਇਸ ਨਾਲ ਜੁੜੇ ਹੋਏ ਹਨ ਉਹ ਦੇਖਦਾ ਹੈ। ਸਮਾਨ ਪ੍ਰਾਣ ਉਹ ਹਨ ਜਿਹੜੇ ਹਿਰਦੇ ਤੋਂ ਲੈ ਕੇ ਤੇ ਧੁਨੀ ਤਕ ਦੇ ਕਾਰਜਾਂ ਨੂੰ ਦੇਖਦਾ ਹੈ ਇਸ ਤਰ੍ਹਾਂ ਇਹ ਮੇਹਦਾ ਤੇ ਸਾਰੀ ਰਸ-ਪ੍ਰਕ੍ਰਿਆ ਨੂੰ ਦੇਖਦਾ ਹੈ ਤੇ ਚਲਾਉਂਦਾ ਹੈ। ਅਪਾਨ ਦਾ ਕਾਰਜ ਧੁਨੀ ਤੋਂ ਥੱਲੇ ਤੋਂ ਸ਼ੁਰੂ ਹੋ ਕੇ ਗੁਰਦੇ, ਪੇਟ ਦੀ ਵੱਡੀ ਆਂਤੜੀ ਦਾ ਆਖਰੀ ਭਾਗ, ਪੇਸ਼ਾਬ ਦੀ ਥੈਲੀ, ਗੁਦਾ ਦੁਆਰ ਤੇ ਜਨਣ ਇੰਦ੍ਰੀ (genitals) ਨੂੰ ਦੇਖਣਾ ਹੈ। ਵਿਆਨ ਸਾਰੇ ਸਰੀਰ ਵਿਚ ਵਰਤਦਾ ਹੈ ਇਹ ਨਿਸਲ ਹੋਣਾ ਦੇਖਦਾ ਹੈ। ਸਾਰੇ ਪੱਠਿਆਂ ਦਾ ਸੁੰਗੜਨਾ ਤੇ ਸਵੈਚਾਲਕ ਤੇ ਇੱਛਾ ਅਨੁਸਾਰ ਚਾਲਕ, ਜੋੜਾਂ ਦੀ ਗਤੀ ਤੇ ਜੋੜਾਂ ਦੇ ਆਸ ਪਾਸ ਦੇ ਕਾਰਜ ਨੂੰ ਦੇਖਦਾ ਹੈ.

ਜਦੋਂ ਪ੍ਰਾਣਾਯਾਮ ਕੀਤਾ ਜਾਂਦਾ ਹੈ ਸਾਡੇ ਅੰਦਰ ਵਿਸ਼ਵ ਸ਼ਕਤੀ ਪ੍ਰਾਣਾਂ ਦੇ ਰੂਪ ਵਿਚ ਅੰਦਰ ਜਾਂਦੀ ਹੈ, ਆਕਸੀਜਨ ਦੇ ਰੂਪ ਵਿਚ ਅੰਦਰ ਜਾਂਦੀ ਹੈ ਜਦੋਂ ਅਸੀਂ ਸੁਆਸ ਅੰਦਰ ਕਰਦੇ ਹਾਂ ਉਨ੍ਹਾਂ ਸੁਆਸਾਂ ਰਾਹੀਂ ਹੈ ਉਹ ਸ਼ਕਤੀ ਅੰਦਰ ਜਾਂਦੀ ਹੈ। ਜਦੋਂ ਵਿਆਨ ਸਰੀਰ ਦੇ ਸਾਰੇ ਸੈਲਾਂ ਤਕ ਪਹੁੰਚਦੀ ਹੈ ਤੇ ਉਥੋਂ ਸਾਰੇ ਪ੍ਰਦੂਸ਼ਣ ਚੁੱਕਦੀ ਹੈ ਫੇਰ ਜਦੋਂ ਸੁਆਸ ਬਾਹਰ ਕੱਢੇ ਜਾਂਦੇ ਹਨ ਉਨ੍ਹਾਂ ਰਾਹੀਂ ਉਹ

ਪ੍ਰਦੂਸ਼ਣ ਬਾਹਰ ਕੱਢਿਆ ਜਾਂਦਾ ਹੈ ਜਿਸ ਨੂੰ ਅਸੀਂ ਕਾਰਬਨ ਡਾਇਆਕਸਾਈਡ ਕਹਿੰਦੇ ਹਾਂ। ਸ੍ਵਾਸ ਅੰਦਰ ਲੈਣੇ, ਬਾਹਰ ਕੱਢਣੇ ਉਨ੍ਹਾਂ ਨੂੰ ਵਿਸ਼ਰਾਮ ਦੇਣਾ ਤੇ ਉਨ੍ਹਾਂ ਨੂੰ ਇਕੱਠੇ ਕਰਨਾ ਇਹ ਹੀ ਹੈ ਪ੍ਰਾਣਾਯਾਮ। ਇਹ ਉਹ ਗੁਪਤ ਗੱਲ ਹੈ ਜਿਸ ਨਾਲ ਪ੍ਰਾਣਾਂ ਦੇ ਕੰਟਰੋਲ ਨੂੰ ਜਾਣਿਆ ਤੇ ਸਮਝਿਆ ਜਾਂਦਾ ਹੈ। ਜਦੋਂ ਯੋਗੀ ਇਹ ਗਿਆਨ ਪ੍ਰਾਪਤ ਕਰ ਲੈਂਦਾ ਹੈ ਇਸ ਤਰ੍ਹਾਂ ਪ੍ਰਾਣਾਂ ਨੂੰ ਇਕਸਾਰ ਇਕੱਠਾ ਕਰ ਲੈਂਦਾ ਹੈ ਫੇਰ ਉਸ ਦਾ ਮਨ ਤੇ ਸਰੀਰ ਉਸ ਦੇ ਪੂਰੇ ਕਾਬੂ ਥੱਲੇ ਹੋ ਜਾਂਦਾ ਹੈ ਤੇ ਉਹ ਵਿਸ਼ਵ ਸ਼ਕਤੀ ਦਾ ਪੂਰਾ-ਪੂਰਾ ਲਾਭ ਲੈ ਸਕਦਾ ਹੈ।

ਸ੍ਵਾਸ ਪ੍ਰਾਣ ਸਕਤੀ ਦਾ ਇਕ ਬਾਹਰੀ ਪ੍ਰਗਟਾਵਾ ਹੈ। ਸ੍ਵਾਸ ਉਹ ਚੱਕਰ ਹੈ ਉਹ ਗੇੜ ਹੈ ਜਿਸ ਰਾਹੀਂ ਸਾਰਾ ਸਰੀਰ ਚਲਦਾ ਹੈ। ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਚੱਕਾ ਇਕ ਇੰਜਨ ਦਾ ਮੂਲ ਅਧਾਰ ਹੈ ਤੇ ਸਾਰੀ ਮਸ਼ੀਨ ਤੇ ਕਾਬੂ ਰਖਦਾ ਹੈ ਇਸੇ ਤਰ੍ਹਾਂ ਸ੍ਵਾਸਾਂ ਬਾਹਰੀ ਕੰਟਰੋਲ ਸੰਪੂਰਣ ਕੰਟਰੋਲ ਤੇ ਸੂਖਮ ਕੰਟਰੋਲ ਕਰਦਾ ਹੈ ਤੇ ਸਰੀਰ ਪੱਖ ਤੇ ਮਾਨਸਿਕ ਪੱਖ ਦੇਖਦਾ ਹੈ।

ਇਕ ਉਦਾਹਰਣ ਨਾਲ ਅਸੀਂ ਇਸ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਭਾਵ, ਪ੍ਰਾਣ ਤੇ ਬਾਕੀ ਦੇ ਸਰੀਰ ਵਿਚ ਕੀ ਸਬੰਧ ਹੈ? ਮਨੁੱਖ ਦੇ ਸਰੀਰ ਦੇ ਸੱਤ ਕਮਰੇ ਹਨ ਕਹਿ ਲਓ ਸੱਤ ਭਵਨ ਹਨ। ਰਾਜਾ ਤੇ ਰਾਣੀ ਭਾਵ ਆਤਮਾ ਤੇ ਬੁੱਧੀ ਸਭ ਤੋਂ ਅੰਦਰ ਦੇ ਭਵਨ ਵਿਚ ਬੈਠੇ ਹਨ। ਦੂਸਰੇ ਤੇ ਤੀਸਰੇ ਭਵਨ ਵਿਚ ਵਜ਼ੀਰ ਬੈਠੇ ਹਨ ਭਾਵ ਮਨ ਬੈਠਾ ਹੈ ਕਈ ਤਾਂ ਦਿਨ ਰਾਤ ਕੰਮ ਕਰਦੇ ਹਨ। ਚੌਥੇ ਭਵਨ ਵਿਚ ਚੌਕੀਦਾਰ ਬੈਠਾ ਹੈ, ਅੰਗਰਖਸ਼ਕ ਬੈਠਾ ਹੈ ਭਾਵ ਸ੍ਵਾਸ ਹਨ। ਇਸ ਮੁੱਖ ਸ੍ਵਾਸ ਦੇ ਥੱਲੇ ਦੱਸ ਛੋਟੇ ਸ੍ਵਾਸ ਹਨ ਇਹ ਛੋਟੇ ਸ੍ਵਾਸ ਆਪਣੀ ਡੀਊਟੀ ਮੁੱਖ ਸ੍ਵਾਸ ਦੇ ਕਹਿਣ ਤੇ ਕਰਦੇ ਹਨ। ਤਿੰਨ ਹੋਰ ਭਵਨ ਹਨ ਰਾਜਾ ਆਪਣੇ ਅਫਸਰਾਂ ਦੀ ਸਹਾਇਤਾ ਨਾਲ ਭਾਵ ਸਰੀਰ ਗਿਆਨ ਇੰਦ੍ਰੀਆਂ ਤੇ ਸੰਵੇਦ ਨਾਲ ਇਨ੍ਹਾਂ ਤੇ ਪੂਰਾ ਕਾਬੂ ਰਖਦਾ ਹੈ। ਇਥੇ ਅਸੀਂ ਪਹਿਲਾਂ ਮੁੱਖ ਸ੍ਵਾਸ ਤੇ ਉਸ ਦੇ ਕਾਰਜ ਦੇਖਦੇ ਹਾਂ ਤੇ ਨਾਲ ਜਿਹੜੇ ਇਸ ਦੇ ਥੱਲੇ ਕੰਮ ਕਰਦੇ ਹਨ ਉਨ੍ਹਾਂ ਨੂੰ ਦੇਖਦੇ ਹਾਂ।

ਇਸ ਸਰੀਰ ਰੂਪੀ ਸਰਕਾਰ ਵਿਚ ਸ੍ਵਾਸ ਬਹੁਤ ਹੀ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਸਭ ਤੋਂ ਪਹਿਲਾਂ ਤਾਂ ਸਰੀਰ ਤੇ ਮਨ ਦਾ ਰਿਸ਼ਤਾ ਹੀ ਸਬੰਧ ਹੀ ਸ੍ਵਾਸਾਂ ਰਾਹੀਂ ਹੀ ਹੈ। ਜਦੋਂ ਕੰਮ ਕਰਨ ਤੋਂ ਪਿਛੋਂ ਇਹ ਸਬੰਧ ਖਤਮ ਹੋ ਜਾਂਦਾ ਹੈ। ਇੰਦ੍ਰੀਆਂ ਤੇ ਸਰੀਰ ਕੰਮ ਕਰਨਾ ਬੰਦ ਕਰ ਦਿੰਦੇ ਹਨ। ਸ੍ਵਾਸਾਂ ਦੇ ਬੰਦ ਹੋਣ ਤੋਂ ਬਾਅਦ ਵੀ ਪਹਿਲੇ ਤੇ ਦੂਸਰੇ ਭਵਨ ਤੇ ਕੋਈ ਪ੍ਰਭਾਵ ਨਹੀਂ ਪੈਂਦਾ ਪਰ ਤੀਸਰੇ ਤੇ ਸੱਤਵੇਂ ਭਵਨ ਤੇ ਪ੍ਰਭਾਵ ਘਟ ਜਾਂਦੇ ਹਨ ਮਾਨੋ ਜਿਵੇਂ ਅਧਰੰਗ ਹੋ ਗਿਆ ਹੋਵੇ। ਸ੍ਵਾਸ ਬੰਦ ਹੋਣ ਤੋਂ ਬਾਅਦ ਅੰਦਰ ਸਭ ਕੁਝ ਠੀਕ ਹੀ ਰਹਿੰਦਾ ਹੈ, ਭਾਵ ਰਾਜੇ ਦਾ ਕੰਮ ਕਾਰਜ ਤਾਂ ਖਤਮ ਨਹੀਂ ਹੁੰਦਾ ਜੇ ਦੁਆਰਪਾਲ ਚਲੇ ਜਾਣ। ਜਦੋਂ ਸ੍ਵਾਸ ਖਤਮ ਹੋ ਜਾਂਦੇ ਹਨ ਤਾਂ ਮਨ ਤੇ ਸਰੀਰ ਦਾ ਸਬੰਧ ਟੁੱਟ ਜਾਂਦਾ ਹੈ ਫੇਰ ਆਤਮਾ ਬੁੱਧੀ ਤੇ ਅਚੇਤ ਮਨ ਦੂਸਰੀ ਜਗ੍ਹਾ ਲੱਭ ਲੈਂਦੇ ਹਨ ਤੇ ਉਥੇ ਹੀ ਆਪਣਾ ਕੰਮ ਸ਼ੁਰੂ ਕਰ ਦਿੰਦੇ ਹਨ। ਇਸੇ ਤਰ੍ਹਾਂ ਜੇ ਚੌਥੇ ਘਰ ਦੇ ਪਹਿਰੇਦਾਰ ਛੱਡ ਕੇ ਚਲੇ ਜਾਣ ਰਾਜਾ ਕੋਈ ਚਿੰਤਾ ਨਹੀਂ ਕਰਦਾ ਉਹ ਆਪਣੇ ਅੰਦਰ ਦੇ ਭਵਨ ਵਿਚ ਕੰਮ ਕਰਦਾ ਰਹਿੰਦਾ ਹੈ।

ਸੋ ਸਿਆਣਾ ਮਨੁੱਖ ਗਿਆਨੀ ਇਹ ਜਾਣਦਾ ਹੈ ਕਿ ਮਰਨ ਤੋਂ ਬਾਅਦ ਆਤਮਾ, ਬੁੱਧੀ ਤੇ ਮਨ ਬਿਲਕੁਲ ਠੀਕ ਰਹਿੰਦੇ ਹਨ, ਇਸ ਕਰਕੇ ਉਹ ਚਿੰਤਾ ਨਹੀਂ ਕਰਦਾ। ਜਿਹੜਾ ਇਹ ਸਤਿ ਜਾਣਦਾ ਹੈ ਉਹ ਯੋਗੀ ਹੈ। ਗੀਤਾ ਦੇ ਦੂਸਰੇ ਅਧਿਆਇ ਅਨੁਸਾਰ ਉਹ ਗਿਆਨੀ ਹੈ ਜਿਹੜਾ ਸ੍ਵਾਸਾਂ ਬਾਰੇ ਜਾਣਦਾ ਹੈ, ਪ੍ਰਾਣਾਂ ਬਾਰੇ ਜਾਣਦਾ ਹੈ, ਇਥੇ ਸ਼ਬਦ 'ਅਸੂ' ਦੀ ਵਰਤੋਂ ਕੀਤੀ ਗਈ ਇਹ ਸ਼ਬਦ ਪ੍ਰਾਣ ਸ਼ਬਦ ਲਈ ਵਰਤਿਆ ਗਿਆ ਹੈ। ਪ੍ਰਾਣਾਂ ਦੇ ਗਿਆਨ ਤੋਂ ਬਿਨਾਂ ਗ੍ਰੰਥਾਂ ਦਾ ਗਿਆਨ ਬਿਲਕੁਲ ਉਸ ਤਰ੍ਹਾਂ ਹੈ ਜਿਵੇਂ ਤੁਸੀਂ ਬਜ਼ਾਰ ਜਾਓ ਦੇ ਸੋ ਵਿਨਡੋ (Show window) ਦੇਖ ਕੇ ਆ ਜਾਓ।

## ਪ੍ਰਾਣਾਯਾਮ ਅਭਿਆਸ

ਪਾਠਕਾਂ ਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੋਵੇਗੀ ਕਿ ਬਹੁਤ ਵਾਰੀ ਸੱਜੀ ਤੇ ਖੱਬੀ ਨਾਸਿਕਾ ਇਕ ਸਾਰ ਕੰਮ ਨਹੀਂ ਕਰਦੀਆਂ। ਹਮੇਸ਼ਾ ਹੀ ਇਕ ਨਾਸਿਕਾ ਵਧੇਰੇ ਬੰਦ ਹੋਏਗੀ ਭਾਵੇਂ ਨਾਸਿਕਾ ਦਾ ਰਾਹ ਸਾਫ ਹੈ, ਕੋਈ ਰੁਕਾਵਟ ਨਹੀਂ, ਕੋਈ ਜੁਕਾਮ ਨਜ਼ਲਾ ਨਹੀਂ ਫੇਰ ਵੀ ਇਕ ਨਾਸਿਕਾ ਬੰਦ ਜਿਹੀ ਹੋਏਗੀ ਇਕ ਖੁਲ੍ਹੀ ਕਦੀ ਸੱਜੀ ਇਸ ਤਰ੍ਹਾਂ ਹੋਏਗੀ, ਕਦੀ ਖੱਬੀ, ਸਾਰਾ ਦਿਨ ਇਸ ਤਰ੍ਹਾਂ ਹੀ ਚਲਦਾ ਹੈ ਤੇ ਸਾਰੀ ਰਾਤ ਹੀ ਇਸ ਤਰ੍ਹਾਂ ਰਹਿੰਦਾ ਹੈ ਅੱਜ ਦਾ ਸਰੀਰ ਵਿਗਿਆਨ ਇਸ ਗੱਲ ਤੋਂ ਬਿਲਕੁਲ ਜਾਣੂ ਨਹੀਂ ਹੈ, ਭਾਵੇਂ ਇਸ ਚੀਜ਼ ਨੂੰ ਜਾਂਚਿਆ ਜਾ ਸਕਦਾ ਹੈ ਟੈਸਟ ਕੀਤਾ ਜਾ ਸਕਦਾ ਹੈ, ਕੋਈ ਵੀ ਕਰ ਸਕਦਾ ਹੈ, ਤੁਸੀਂ ਆਪਣੇ ਆਪ ਵੀ ਇਸ ਗੱਲ ਨੂੰ ਦੇਖ ਸਕਦੇ ਹੋ, ਆਪਣੇ ਸ੍ਵਾਸ ਤੁਸੀਂ ਆਪ ਜਾਂਚ ਸਕਦੇ ਹੋ, ਦਿਨ ਵਿਚ ਵੱਖ-ਵੱਖ ਸਮੇਂ ਦੇਖ ਸਕਦੇ ਹੋ। ਯੋਗ ਅਨੁਸਾਰ ਇਹ ਇਸ ਲਈ ਹੁੰਦਾ ਹੈ ਕਿਉਂਕਿ ਸੂਖਮ ਸ਼ਕਤੀ ਇੜਾ, ਪਿੰਗਲਾ ਵਿਚੋਂ ਨਿਕਲਦੀ ਹੈ।

ਮੈਡੀਟੇਸ਼ਨ ਲਈ ਇਹ ਜ਼ਰੂਰੀ ਹੈ ਕਿ ਦੋਨੋਂ ਨਾਸਿਕਾ ਵਿਚੋਂ ਇਕੋ ਜਿਹਾ ਇਕ ਸਾਰ ਪ੍ਰਵਾਹ ਹੋਣਾ ਚਾਹੀਦਾ ਹੈ, ਇਸ ਪ੍ਰਵਾਹ ਨੂੰ ਇਕਸਾਰ ਕਰਨ ਦੇ ਬਹੁਤ ਸਾਰੇ ਤਰੀਕੇ ਹਨ, ਬਹੁਤ ਸਾਰੇ ਤਰੀਕਿਆਂ ਨਾਲ ਪ੍ਰਵਾਹ ਨੂੰ ਬਦਲਿਆ

ਜਾ ਸਕਦਾ ਹੈ, ਇਕ ਤੋਂ ਦੂਸਰੀ ਨਾਸਿਕਾ ਵਿਚ ਕੀਤਾ ਜਾ ਸਕਦਾ ਹੈ। ਇਕ ਤਰੀਕਾ ਇਹ ਹੈ ਜਿਸ ਨਾਸਿਕਾ ਵਿਚ ਵਧੇਰੇ ਪ੍ਰਵਾਹ ਹੋਵੇ ਉਸ ਨੂੰ ਉਂਗਲੀ ਨਾਲ ਥੋੜ੍ਹੀ ਦੇਰ ਬੰਦ ਕਰ ਦਿਓ ਇਸ ਨਾਲ ਜਿਸ ਨਾਸਿਕਾ ਵਿਚ ਪ੍ਰਵਾਹ ਨਾ ਹੋਵੇ ਉਹ ਸ਼ੁਰੂ ਹੋ ਜਾਏਗਾ। ਦੂਸਰਾ ਤਰੀਕਾ ਇਹ ਹੈ ਕਿ ਜਿਸ ਨਾਸਿਕਾ ਵਿਚ ਪ੍ਰਵਾਹ ਵਧੇਰੇ ਹੋਵੇ ਉਸ ਰਾਹੀਂ ਸ੍ਵਾਸ ਲਵੋ ਫੇਰ ਉਸ ਨੂੰ ਬੰਦ ਕਰਕੇ ਦੂਸਰੀ ਨਾਸਿਕਾ ਰਾਹੀਂ ਸ੍ਵਾਸ ਛੱਡੋ। ਇਸ ਤਰ੍ਹਾਂ ਕਾਫੀ ਵਾਰੀ ਕਰੋ ਤੇ ਫੇਰ ਉਲਟਾ ਕੇ ਕਰੋ ਭਾਵ ਜਿਸ ਨਾਸਿਕਾ ਵਿਚ ਪ੍ਰਵਾਹ ਘੱਟ ਸੀ, ਉਸ ਰਾਹੀਂ ਸ੍ਵਾਸ ਅੰਦਰ ਕਰੋ ਫੇਰ ਉਸ ਨੂੰ ਬੰਦ ਕਰਕੇ ਦੂਸਰੀ ਨਾਸਿਕਾ ਰਾਹੀਂ ਛੱਡੋ, ਜਾਂ ਫੇਰ ਲੰਮਾ ਤੇ ਡੂੰਘਾ ਸ੍ਵਾਸ ਲੈ ਕੇ ਅੰਦਰ ਰੋਕੋ ਜਿੰਨੀ ਦੇਰ ਰੋਕ ਸਕਦੇ ਹੋ ਫੇਰ ਛੱਡੋ, ਇਸ ਤਰ੍ਹਾਂ ਕਾਫੀ ਵਾਰੀ ਕਰੋ, ਇਸ ਤਰ੍ਹਾਂ ਕਰਨਾ ਵਿਸ਼ੇਸ਼ ਕਰਕੇ ਉਦੋਂ ਲਾਭਕਾਰੀ ਹੈ ਜਦੋਂ ਜ਼ੁਕਾਮ ਹੋਵੇ, ਸਿਰ ਦਰਦ ਹੋਵੇ। ਇਕ ਹੋਰ ਤਰੀਕਾ ਜਿਹੜਾ ਪ੍ਰਵਾਹ ਬਦਲਣ ਦਾ ਹੈ ਉਹ ਹੈ, ਮੁਕਾ ਬਣਾ ਕੇ ਬਾਂਹ ਦੇ ਥੱਲੇ ਕੱਛ ਵਿਚ ਦਿਓ, ਜਿਹੜੀ ਨਾਸਿਕਾ ਬੰਦ ਹੈ ਉਸ ਤੋਂ ਉਲਟ ਵਾਲੀ ਭਾਵ ਜੇ ਸੱਜੀ ਨਾਸਿਕਾ ਬੰਦ ਹੈ ਖੱਬੀ ਬਾਂਹ ਦੀ ਕੱਛ ਵਿਚ ਮੁਕਾ ਰੱਖੋ ਤੇ ਬਾਂਹ ਨਾਲ ਜ਼ੋਰ ਲਗਾਓ। ਥੋੜ੍ਹੇ ਹੀ ਸਕਿੰਟਾਂ ਵਿਚ ਬੰਦ ਨਾਸਿਕਾ ਖੁਲ੍ਹ ਜਾਏਗੀ। ਇਸ ਤੋਂ ਇਲਾਵਾ ਖੂਬ ਮਿਰਚ ਮਸਾਲੇ ਵਾਲਾ ਭੋਜਨ ਸਰੀਰ ਦਾ ਤਾਪਮਾਨ ਵਧਾ ਦਿੰਦਾ ਹੈ ਤੇ ਸੱਜੀ ਨਾਸਿਕਾ ਦਾ ਪ੍ਰਵਾਹ ਵਧੇਰੇ ਹੋ ਜਾਂਦਾ ਹੈ, ਇਕ ਹੋਰ ਤਰੀਕਾ ਹੈ ਕਿ ਜੇ ਤੁਸੀਂ ਇਕ ਦਮ ਗਰਮ ਤੋਂ ਠੰਢੇ ਵਿਚ ਜਾਓ ਜਾਂ ਠੰਡੇ ਤੋਂ ਗਰਮ ਵਿਚ ਜਾਓ ਸ੍ਵਾਸਾਂ ਦਾ ਪ੍ਰਵਾਹ ਬਦਲ ਜਾਂਦਾ ਹੈ।

ਸ੍ਵਾਸਾਂ ਦਾ ਪ੍ਰਵਾਹ ਬਦਲਣ ਨਾਲ ਸਿਰ ਦਰਦ ਠੀਕ ਹੋ ਜਾਂਦਾ ਹੈ, ਉਦਾਸੀ ਠੀਕ ਹੋ ਜਾਂਦੀ ਹੈ ਨਿਰਉਤਸ਼ਾਹ ਠੀਕ ਹੋ ਜਾਂਦਾ ਹੈ। ਜਦੋਂ ਸੱਜੀ ਨਾਸਿਕਾ ਵਧੇਰੇ ਚੱਲ ਰਹੀ ਹੋਵੇ ਤੁਸੀਂ ਵਧੇਰੇ ਗਤੀਸ਼ੀਲ ਹੁੰਦੇ ਹੋ, ਬੇਚੈਨ ਹੁੰਦੇ ਹੋ, ਸੱਜੀ ਨਾਸਿਕਾ ਦਾ ਪ੍ਰਵਾਹ ਵਧੇਰੇ ਉਦਮਸ਼ੀਲ ਉਤਸ਼ਾਹੀ, ਨਿਸ਼ਚੇਆਤਮਕ ਸਮਰਥਕ ਹੋਣ ਵਿਚ ਸਹਾਇਕ ਹੁੰਦੀ ਹੈ। ਜਦੋਂ ਸੱਜੀ ਨਾਸਿਕਾ ਦਾ ਪ੍ਰਵਾਹ ਹੋਵੇ ਮੇਹਦਾ ਠੀਕ ਕੰਮ ਕਰ ਰਿਹਾ ਹੁੰਦਾ ਹੈ। ਜਦੋਂ ਖੱਬੀ ਨਾਸਿਕਾ ਦਾ ਪ੍ਰਵਾਹ ਚਲ ਰਿਹਾ ਹੋਵੇ ਤੁਸੀਂ ਵਧੇਰੇ ਅਕਰਮਕ ਹੁੰਦੇ ਹੋ, ਗ੍ਰਹਿਣਸ਼ੀਲ ਹੁੰਦੇ ਹੋ। ਜਦੋਂ ਦੋਨੋਂ ਨਾਸਿਕਾ ਇਕਸਾਰ ਚਲ ਰਹੀਆਂ ਹੋਣ ਉਦੋਂ ਤੁਸੀਂ ਵਧੇਰੇ ਸ਼ਰਧਾਲੂ ਹੁੰਦੇ ਹੋ, ਸ਼ਰਧਾ ਵਿਚ ਹੁੰਦੇ ਹੋ, ਅਨੰਦ ਮਹਿਸੂਸ ਕਰਦੇ ਹੋ, ਇਕਸੁਰਤਾ ਤੇ ਇਕਸਾਰਤਾ ਮਹਿਸੂਸ ਕਰਦੇ ਹੋ, ਦੋਨੋਂ ਨਾਸਿਕਾ ਦਾ ਪ੍ਰਵਾਹ ਇਕਸਾਰ ਹੋਣਾ ਹੀ ਮੈਡੀਟੇਸ਼ਨ ਕਰਨ ਲਈ ਲਾਭਕਾਰੀ ਹੈ।

ਪਹਿਲਾਂ ਦੱਸੀਆਂ ਗਈਆਂ ਤੋਂ ਇਲਾਵਾ ਇਕ ਹੋਰ ਵੀ ਬਹੁਤ ਹੀ ਆਸਾਨ ਸੁਖਾਲਾ ਅਭਿਆਸ ਹੈ ਜਿਸ ਨਾਲ ਨਾਸਿਕਾ ਸਾਫ ਕਰਕੇ ਹਰ ਤਰ੍ਹਾਂ ਦੀ ਰੁਕਾਵਟ ਹਟਾ ਕੇ ਸ੍ਵਾਸਾਂ ਦਾ ਪ੍ਰਵਾਹ ਇਕਸਾਰ ਕੀਤਾ ਜਾ ਸਕਦਾ ਹੈ। ਇਕ ਪਿਆਲਾ ਕੋਸੇ ਪਾਣੀ ਦਾ ਲਵੋ ਉਸ ਵਿਚ ਲੂਣ ਪਾਓ ਆਪਣਾ ਨੱਕ ਉਸ ਵਿਚ ਡੋਬ ਦਿਓ ਇਕ ਨਾਸਿਕਾ ਨੂੰ ਉਂਗਲੀ ਨਾਲ ਬੰਦ ਕਰ ਲਓ, ਦੂਸਰੀ ਨਾਲ ਪਾਣੀ ਅੰਦਰ ਕਰਨਾ ਸ਼ੁਰੂ ਕਰੋ ਉਦੋਂ ਤਕ ਕਰਦੇ ਰਹੋ ਜਦੋਂ ਤਕ ਪਾਣੀ ਦੂਸਰੀ ਨਾਸਿਕਾ ਵਿਚੋਂ ਨਿਕਲਣਾ ਨਾ ਸ਼ੁਰੂ ਹੋ ਜਾਏ ਤੇ ਮੂੰਹ ਵਿਚ ਨਾ ਆ ਜਾਏ। ਫੇਰ ਇਸੇ ਤਰ੍ਹਾਂ ਨਾਲ ਦੂਸਰੀ ਨਾਸਿਕਾ ਨਾਲ ਕਰੋ ਤੇ ਮੂੰਹ ਰਾਹੀਂ ਬਾਹਰ ਕੱਢੋ, ਪਹਿਲਾਂ ਪਹਿਲਾਂ ਇਸ ਤਰ੍ਹਾਂ ਕਰਨ ਨਾਲ ਥੋੜ੍ਹਾ ਔਖਾ ਲੱਗੇਗਾ ਥੋੜ੍ਹੀ ਬੇਅਰਾਮੀ ਹੋ ਸਕਦੀ ਹੈ ਛਿਕਾਂ ਆ ਸਕਦੀਆਂ ਹਨ ਥੋੜ੍ਹੀ ਖਾਰਸ਼ ਜਾਂ ਜਲਣ ਹੋ ਸਕਦੀ ਹੈ ਪਰ ਥੋੜ੍ਹੇ ਦਿਨਾਂ ਵਿਚ ਹੀ ਇਹ ਖਤਮ ਹੋ ਜਾਂਦਾ ਹੈ। ਰੋਜ਼ ਸਵੇਰੇ ਉਠ ਕੇ ਇਸ ਕ੍ਰਿਆ ਨੂੰ ਕਰੋ ਤੇ ਇਸ ਤਰ੍ਹਾਂ ਕਰਨ ਨਾਲ ਤੁਹਾਡੀਆਂ ਨਾਸਿਕਾ ਬਿਲਕੁਲ ਸਾਫ ਹੋ ਜਾਣਗੀਆਂ ਤੇ ਤੁਸੀਂ ਜ਼ੁਕਾਮ, ਸਿਰ ਦਰਦ, ਮੋਤੀਆ ਆਦਿ ਤੋਂ ਮੁਕਤ ਰਹੋਗੇ।

ਆਓ! ਹੁਣ ਇਸੀਂ ਪ੍ਰਾਣਾਯਾਮ ਦੀਆਂ ਸੌਖੀਆਂ ਕ੍ਰਿਆ ਦੇਖੀਏ ਤੇ ਨਾਲ ਹੀ ਕੁਝ ਉਨਤ ਕ੍ਰਿਆਵਾਂ ਵੀ ਦੇਖਾਂਗੇ। ਪਰ ਇਥੇ ਅਸੀਂ ਇਹ ਦੱਸ ਦਿੰਦੇ ਹਾਂ ਕਿ ਪ੍ਰਾਣਾਯਾਮ ਦੀਆਂ ਉਨਤ ਕ੍ਰਿਆਵਾਂ ਨਾ ਤਾਂ ਇਥੇ ਦੱਸੀਆਂ ਜਾਣਗੀਆਂ ਨਾ ਹੀ ਉਨ੍ਹਾਂ ਦੀ ਵਿਆਖਿਆ ਕੀਤੀ ਜਾਵੇਗੀ ਕਿਉਂਕਿ ਉਸ ਵਿਚ ਬੰਧ ਲਗਾਏ ਜਾਂਦੇ ਹਨ ਤੇ ਉਨ੍ਹਾਂ ਦਾ ਅਭਿਆਸ ਚੰਗੇ ਗੁਰੂ ਦੀ ਦੇਖ ਰੇਖ ਹੇਠਾਂ ਹੀ ਕਰਨਾ ਚਾਹੀਦਾ ਹੈ, ਇਹੋ ਜਿਹੇ ਅਭਿਆਸ ਕਦੀ ਵੀ ਕਿਤਾਬਾਂ ਪੜ੍ਹ ਕੇ ਨਹੀਂ ਕਰਨੇ ਚਾਹੀਦੇ, ਕਿਉਂਕਿ ਬਹੁਤ ਵਾਰੀ ਜਦੋਂ ਇਹ ਚੰਗੇ ਗੁਰੂ ਦੀ ਦੇਖ ਰੇਖ ਹੇਠਾਂ ਨਾ ਕੀਤੇ ਜਾਣ ਤਾਂ ਹਾਨੀਕਾਰਕ ਹੋ ਸਕਦੇ ਹਨ, ਸਰੀਰ ਤੇ ਦਿਮਾਗ ਦੋਨਾਂ ਨੂੰ ਹੀ ਹਾਨੀ ਹੋ ਸਕਦੀ ਹੈ।

ਹਾਂ ਇਹ ਇਕ ਸਿੱਧਾ ਸਾਧਾ ਅਭਿਆਸ ਹਰ ਕਿਸੇ ਨੂੰ ਕਰਨਾ ਚਾਹੀਦਾ ਹੈ ਇਸ ਨਾਲ ਕੋਈ ਹਾਨੀ ਨਹੀਂ ਹੋ ਸਕਦੀ ਇਸ ਨੂੰ ਕਰਨ ਨਾਲ ਫੇਫੜਿਆਂ ਦੀ ਸਮਰੱਥਾ ਵਧਦੀ ਹੈ, ਜਿਸ ਨਾਲ ਤੁਸੀਂ ਬਿਮਾਰੀਆਂ ਦਾ ਮੁਕਾਬਲਾ ਚੰਗੀ ਤਰ੍ਹਾਂ ਕਰ ਸਕਦੇ ਹੋ ਤੇ ਅੱਜ ਦੇ ਸਮੇਂ ਵਿਚ ਵਧਦੇ ਪ੍ਰਦੂਸ਼ਨ ਦਾ ਮੁਕਾਬਲਾ ਵੀ ਕਰ ਸਕਦੇ ਹੋ। ਜਿਹੜਾ ਮਨੁੱਖ ਡੂੰਘੇ ਸ੍ਵਾਸ ਲੈਂਦਾ ਹੈ ਉਸ ਦਾ ਅਭਿਆਸ ਕਰਦਾ ਹੈ ਉਹ ਬਹੁਤ ਸਾਰੀਆਂ ਪ੍ਰਸਥਿਤੀਆਂ ਵਿਚ ਸਥਿਰ ਰਹਿੰਦਾ ਹੈ, ਰਹਿ ਸਕਦਾ ਹੈ।

« « « « « « «

# ਸੰਤ ਬਿਮਲਾ ਸਿੰਘ

*ਡਾ. ਭਾਈ ਵੀਰ ਸਿੰਘ ਜੀ*

## ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਲੀਮ

ਹਰਿਦੁਆਰ ਤੋਂ ਜੇ ਪੱਕੀ ਸੜਕੇ ਡੇਹਰਾਦੂਨ ਨੂੰ ਟੁਰ ਪਈਏ ਤਾਂ ਤ੍ਰੈ ਚਾਰ ਮੀਲ ਜਾ ਕੇ ਖੱਬੇ ਪਾਸੇ ਇਕ ਕੱਚਾ ਜਿਹਾ ਪਹਿਆ ਮਿਲਦਾ ਹੈ ਜੋ ਜੰਗਲ ਵਿਚ ਲੈ ਜਾਂਦਾ ਹੈ। ਇਹ ਹੈ ਰਸਤਾ ਉਸ ਜੰਗਲ ਦਾ ਜੋ ਏਥੋਂ ਟੁਰ ਕੇ ਜਮਨਾ ਤੱਕ ਚਲਾ ਗਿਆ ਹੈ ਤੇ ਏਹੋ ਮਹਿਕਮਾ ਜੰਗਲਾਤ ਦੀ ਸੜਕ ਹੈ ਜੋ ਜੰਗਲੋ ਜੰਗਲ ਧੁਰ ਪਾਉਂਟੇ ਸਾਹਿਬ ਦੇ ਦੂਸਰੇ ਪਾਸੇ ਤਕ ਪੁਚਾ ਦਿੰਦੀ ਹੈ। ਜਦ ਹਰਿਦੁਆਰੋਂ ਟੁਰ ਕੇ ਤ੍ਰੈ ਚਾਰ ਮੀਲ ਲੰਘ ਕੇ ਇਸ ਸੜਕੇ ਮੁੜ ਪਓ ਤਾਂ ਇਹ ਉਸ ਜੰਗਲ ਵਿਚ ਲੈ ਜਾਂਦੀ ਹੈ, ਜਿਸ ਨੂੰ ਮੋਤੀ ਚੂਰ ਆਖਦੇ ਹਨ। ਜੰਗਲ ਸਾਰਾ ਰਮਣੀਕ ਹੈ, ਪਰ ਇਹ ਮੋਤੀ ਚੂਰ ਸਾਰੇ ਵਿਚੋਂ ਵਧੀਕ ਸੁਹਣਾ ਹੈ।

ਕਦੇ ਕੁ ਮਹਿਕਮੇ ਦੇ ਅਫਸਰ ਇਤੇ ਇਕ ਦੇਸੀ ਈਸਾਈ ਸੱਜਣ ਸਨ, ਜੋ ਰੋਮਨ ਕੈਥੋਲਕ ਮਤ ਦੇ ਅਨੁਯਾਈ ਸਨ, ਜਿਨ੍ਹਾਂ ਦੇ ਪ੍ਰਬੰਧ ਵਿਚ ਇਹ ਜੰਗਲ ਬੀ ਸੀ। ਦਿਲ ਦੇ ਭਲੇ, ਆਪਣੇ ਧਰਮ ਤੇ ਸ਼ਰਧਾਵਾਨ ਸਨ, ਪਰ ਨਾਲ ਹੀ ਇਹ ਖੂਬੀ ਬੀ ਰਖਦੇ ਸਨ ਕਿ ਹੋਰਨਾਂ ਮਤਾਂ ਨਾਲ ਖੁਣਸਦੇ ਨਹੀਂ ਸਨ। ਇਕ ਦਿਨ ਦੌਰਾ ਕਰਦੇ ਆਪ ਲਛਮਨ ਸਿੱਧ ਆ ਨਿਕਲੇ। ਇਤੇ ਉਹ ਇਕ ਗੱਲ ਦੇਖ ਕੇ ਹੈਰਾਨ ਹੋ ਗਏ ਕਿ ਇਕ ਸਿੱਖ ਸਾਧੂ ਇਕ ਮੁਸਲਮਾਨ ਫਕੀਰ ਨੂੰ ਦਵਾ ਦਰਮਲ ਦੇ ਰਿਹਾ ਤੇ ਖੁਰਾਕ ਆਦਿ ਪੁਚਾ ਰਿਹਾ ਸੀ। ਟਿਕਾਣਾ ਤਾਂ ਹਿੰਦੂ ਜੋਗੀਆਂ ਦਾ ਹੈ, ਪਰ ਕੋਈ ਰਮਤਾ ਫਕੀਰ ਨੇੜੇ ਕੁ ਆ ਟਿਕਿਆ ਸੀ ਤੇ ਅਚਾਨਕ ਬੀਮਾਰ ਹੋ ਗਿਆ ਸੀ। ਇਹ ਸਿੱਖ ਸਾਧੂ ਬੀ ਟਿਕਾਣੇ ਦੇ ਨੇੜੇ ਚਸ਼ਮੇ ਤੇ ਕੁਛ ਦਿਨਾਂ ਤੋਂ ਟਿਕ ਰਿਹਾ ਸੀ। ਜਦ ਇਸ ਨੇ ਫਕੀਰ ਦੁਖੀ ਡਿੱਠਾ ਤਾਂ ਉਸਦੀ ਦਵਾਦਾਰੀ ਕਰਨ ਲਗ ਪਿਆ। ਅਫਸਰ, ਜੋ ਦਿਲ ਦਾ ਨਰਮ ਤੇ ਧਰਮ ਅਵਲੰਬੀ ਸੀ, ਇਹ ਗੱਲ ਵੇਖ ਕੇ ਰਹਿ ਨਾ ਸਕਿਆ, ਪੁੱਛਣ ਲੱਗਾ – ਸੰਤ ਜੀ! ਆਪ ਮੁਸਲਮਾਨ ਦੀ ਸੇਵਾ ਕਰ ਰਹੇ ਹੋ, ਆਪ ਹਿੰਦੂ ਨਹੀਂ ਹੋ?

ਸਾਧੂ – ਨਾ ਹਮ ਹਿੰਦੂ ਨਾ ਮੁਸਲਮਾਨ॥ ਅਲਹ ਰਾਮ ਕੇ ਪਿੰਡ ਪਰਾਨ॥

(ਸਾਧੂ ਮੁਸਕਰਾ ਕੇ) ਸਰੀਰ ਅੱਲਾ ਦਾ ਹੈ ਤੇ ਪ੍ਰਾਣ ਰਾਮ ਦੇ ਹਨ। ਜੀਉ ਪਿੰਡ ਰੱਬ ਜੀ ਦਾ ਹੈ, ਸੋ ਅਸੀਂ ਰੱਬ ਜੀ ਦੇ ਹਾਂ ਅਤੇ ਹਿੰਦੂ ਮੁਸਲਿਮ ਈਸਾਈ ਕਿਸੇ ਨਾਲ ਦੁਜੈਗੀ ਨਹੀਂ।

ਅਫਸਰ – ਆਪ ਦਾ ਈਮਾਨ ਕੀ ਹੈ?

ਸਾਧੂ – ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।

ਅਫਸਰ – ਮੈਂ ਇਸਦਾ ਮਤਲਬ ਨਹੀਂ ਸਮਝਿਆ।

ਸਾਧੂ – ਇਹ ਸਾਡੇ ਪਿਅੰਬਰ ਦਾ ਫੁਰਮਾਨ ਹੈ, ਇਸ ਵਿਚ ਤ੍ਰੈ ਗੱਲਾਂ ਦੱਸੀਆਂ ਹਨ, ਪਹਿਲੀ ਇਹ ਕਿ ਇਕ ਦਾਤਾ ਹੈ, ਓਹ ਸਭਨਾਂ ਜੀਆਂ ਦਾ ਦਾਤਾ ਹੈ, ਕਿਸੇ ਇਕ ਖਾਸ ਜੀਵ, ਸੰਪਰਦਾ, ਮਤ ਜਾਂ ਦੇਸ਼ ਦਾ ਨਹੀਂ ਪਰ ਸਾਰੇ ਜੀਵਾਂ ਦਾ ਹੈ। ਉਹ ਦਾਤਾ ਮੈਨੂੰ ਕਦੇ ਨਾ ਭੁੱਲੇ, ਇਹ ਦੂਸਰੀ ਗੱਲ ਹੈ। ਤੀਸਰੀ ਗੱਲ ਇਸ ਵਿਚੋਂ ਆਪੇ ਸਿੱਧ ਪਈ ਹੁੰਦੀ ਹੈ ਕਿ ਜੇ ਸਭਨਾਂ ਜੀਆਂ ਦਾ ਦਾਤਾ ਇਕੋ ਹੈ ਤੇ ਸਾਰੇ ਜੀਵਾਂ ਨੇ ਉਸਨੂੰ ਯਾਦ ਰੱਖਣਾ ਹੈ ਤਾਂ ਸਾਰੇ ਉਸੇ ਦੇ ਹੋਏ ਤੇ ਹੋ ਗਏ। ਸਾਰੇ ਉਸਦੇ ਹੋਣ ਕਰਕੇ ਤੇ ਉਸਨੂੰ ਯਾਦ ਰੱਖਣ ਕਰਕੇ ਆਪੋ ਵਿਚ ਮਿਤ੍ਰ ਯਾ ਸਜਨ ਯਾ ਵੀਰ ਭਰਾ ਹੋਏ। ਮਤਲਬ ਇਹ ਕਿ ਸਭਨਾਂ ਦਾ ਆਪੋ ਵਿਚ ਪਿਆਰ ਦਾ ਵਰਤਾਉ ਚਾਹੀਏ। ਫੇਰ ਵਿਚਾਰ ਇਉਂ ਚਲਦੀ ਹੈ ਕਿ ਉਹ ਜੋ ਦਾਤਾ ਹੈ ਸਭਨਾਂ ਦਾ ਤਾਂ ਸਾਨੂੰ ਆਪੋ ਵਿਚ ਬੀ ਇਕੋ ਦਰੋਂ ਮਿਲ ਰਹੀ ਦਾਤ, ਲੋੜ ਪਈ ਤੇ, ਪਰਸਪਰ ਵਰਤਣੀ ਚਾਹੀਏ। ਜੀਕੂੰ ਇਹ ਹੁਣ ਬੀਮਾਰ ਹੈ, ਪਰ ਮੈਂ ਇਸ ਵੇਲੇ ਤੰਦਰੁਸਤ ਹਾਂ। ਇਸ ਪਾਸ ਇਸ ਵੇਲੇ ਤੰਦਰੁਸਤੀ ਦੀ ਦਾਤ ਨਹੀਂ ਹੈ, ਤੇ ਜੋ ਇਸਨੂੰ ਦਾਤੇ ਦੇ ਘਰੋਂ ਮਿਲਨੀ ਹੈ, ਪਰ ਮੇਰੇ ਪਾਸ ਹੈ ਤੇ ਇਸ ਪਾਸ ਨਹੀਂ ਤਾਂ ਇਸ ਨਾਲ ਵੰਡ ਵਰਤਾਂ। ਫਿਰ ਇਹ ਵੰਡੀ ਜਾਣ ਵਾਲੀ ਸ਼ੈ ਨਹੀਂ। ਪਰ ਇਕ ਤਰ੍ਹਾਂ ਵੰਡੀ ਵੀ ਜਾਂਦੀ ਹੈ। ਉਹ ਇਉਂ ਹੈ ਕਿ ਇਸਨੂੰ ਦਵਾ ਦਾਰੂ ਪਥ ਪ੍ਰਹੇਜ਼ ਦਾ ਭੋਜਨ ਮੈਂ ਲਿਆ ਦਿਆਂ, ਜੋ ਕੰਮ ਕਿ ਮੈਂ ਤੰਦਰੁਸਤ ਹੋਣ ਕਰਕੇ ਸੁਖਆਲਿਆ ਕਰ ਸਕਦਾ ਹਾਂ। ਸੋ ਮੈਂ ਸਮਝਿਆ ਕਿ ਇਸ ਨਾਲ ਸਾਂਈ ਦੀ ਦਿਤੀ ਤੰਦਰੁਸਤੀ ਦੀ ਦਾਤ ਨੂੰ ਮੈਂ ਇਉਂ ਵੰਡ ਕੇ ਵਰਤ ਸਕਦਾ ਹਾਂ।

ਅਫਸਰ – ਪਰ ਇਹ ਮੁਸਲਮਾਨ, ਤੂੰ ਹਿੰਦੂ, ਤੁਸੀਂ ਛੂਤ ਨਹੀਂ ਮੰਨਦੇ ਹੋ?

ਸਾਧੂ– ਮੈਂ ਗੁਰੂ ਨਾਨਕ ਦੇਵ ਦਾ ਸਿੱਖ ਹਾਂ ਤੇ ਸਾਧੂ ਹਾਂ। ਤੇ ਸਾਰੇ ਬੰਦੇ ਮੈਂ ਆਪ ਨੂੰ ਦੱਸਿਆ ਹੈ ਉਸ ਦਾਤੇ ਦੇ ਹਨ, ਤੇ ਮੇਰਾ ਧਰਮ ਪਿਆਰ ਹੈ, ਨਫਰਤ ਨਹੀਂ ਹੈ।

ਜਿਨ੍ਹਾਂ ਮਤਾਂ ਵਿਚ ਨਫਰਤ ਸਿਖਾਈ ਗਈ ਹੈ, ਉਹ ਮੈਂ ਮਨੁੱਖਾਂ ਦੀ ਭੁੱਲ ਸਮਝਦਾ ਹਾਂ, ਨਫਰਤ ਉਸ ਦਾਤੇ ਨੂੰ ਮਨਜ਼ੂਰ ਨਹੀਂ ਹੋ ਸਕਦੀ ਕਿਉਂਕਿ ਉਹ 'ਪ੍ਰਿਯ' ਸਰੂਪ ਹੈ, ਅਰਥਾਤ ਉਹ ਪ੍ਰੇਮ ਹੈ।

ਅਫਸਰ – ਤੁਸਾਂ ਆਪਣੇ ਮਤ ਦਾ ਨਾਂ ਸਿੱਖ ਦੱਸਿਆ ਹੈ। ਇਸ ਮਤ ਦੀ ਕੀਹ ਲੋੜ ਸੀ?

ਸਾਧੂ – ਮੇਰੇ ਮਤ ਦੀ ਇਸ ਕਰਕੇ ਲੋੜ ਸੀ ਕਿ ਹੋਰ ਮਤ ਵਿਤਕਰਾ ਸਿਖਾਲਦੇ ਹਨ ਤੇ ਦਾਅਵੇ ਬੰਨ੍ਹ ਕੇ ਟੁਰਦੇ ਹਨ, ਜਿਸ ਨਾਲ ਜਾਣੇ ਅਨਜਾਣੇ ਪਰਸਪਰ ਅਪ੍ਰੇਮ ਵਰਤੋਂ ਵਿਚ ਆ ਜਾਂਦਾ ਹੈ। ਮੇਰੇ ਦਾਤੇ ਨੇ ਚਾਹਿਆ ਕਿ ਤੋਰਾ ਉਹ ਤੁਰੇ ਜੋ ਪ੍ਰੇਮ ਸਿਖਾਵੇ ਤੇ ਪ੍ਰੇਮ ਦੇ ਰਸਤੇ ਹੀ ਪ੍ਰਭੂ ਨੂੰ ਮਿਲਾਵੇ। ਸੋ ਉਸ ਨੇ ਇਹ ਰਾਹ ਸਿਖਾਇਆ, ਸਿਖਾਲਣ ਕਰਕੇ ਤੇ ਧੁਰੋਂ ਸਿਖਿਆ ਦਾਤਾ ਹੋ ਕੇ ਆਉਣ ਕਰਕੇ ਉਹ ਗੁਰੂ ਹੈ ਤੇ ਅਸੀਂ ਸਿੱਖਣ ਕਰਕੇ ਸਿੱਖ ਹਾਂ। ਫੇਰ ਸਾਡਾ ਨਾਮ ਹੀ ਸਿੱਖ ਹੋ ਗਿਆ। ਇਉਂ ਸਾਡਾ ਮਤ ਯਾ ਮਜ਼ਹਬ ਵੱਖਰਾ ਬਣ ਗਿਆ, ਪਰ ਸਾਡੀ ਸਿੱਖ ਮਤ ਪ੍ਰੇਮ ਹੈ – ਵਾਹਿਗੁਰੂ ਨਾਲ ਭਗਤੀ, ਜਗਤ ਨਾਲ ਪਿਆਰ। ਦੂਜੀ ਗੱਲ ਇਹ ਬੀ ਕਿ ਫਿਰ ਸਾਡਾ ਮਾਰਗ ਸੁਖੱਲਾ ਤੇ ਸਿੱਧਾ ਰਾਹ ਸਿਖਾਲਦਾ ਹੈ।

ਅਫਸਰ – ਕਿਸ ਤਰ੍ਹਾਂ?

ਸਾਧੂ – ਪ੍ਰਮੇਸ਼ੁਰ ਦਾ ਰੂਪ 'ਪ੍ਰਿਯ' ਯਾ ਪ੍ਰੇਮ ਹੈ, ਸੋ ਅਸਾਂ ਪਰਮੇਸ਼ੁਰ ਨੂੰ ਪਿਆਰ ਕਰਨਾ ਹੈ, ਇਹੋ ਅੰਦਰਲਾ ਪ੍ਰੇਮ ਭਾਵ ਉਸਨੂੰ ਮਿਲਾਉਂਦਾ ਹੈ। ਇਹ ਹੁਣ ਤੁਸੀਂ ਸੋਚ ਲਓ ਕਿ ਜਿਸ ਨਾਲ ਪਿਆਰ ਹੁੰਦਾ ਹੈ ਉਹ ਕਦੇ ਭੁੱਲਦਾ ਨਹੀਂ, ਇਸ ਕਰਕੇ ਪਰਮੇਸੁਰ ਨੂੰ ਨਾ ਭੁੱਲਣਾ ਯਾ ਸਦਾ ਯਾਦ ਰੱਖਣਾ ਕਿ ਉਹ ਪਿਤਾ ਹੈ, ਉਹ ਦਾਤਾ ਹੈ, ਉਹ ਅੰਗ ਸੰਗ ਰਹਿੰਦਾ ਹੈ, ਸਾਨੂੰ ਪ੍ਰਤਿਪਾਲਦਾ ਹੈ, ਪਿਆਰ ਕਰਦਾ ਹੈ ਇਸ ਤਰ੍ਹਾਂ ਉਸਦੀ ਯਾਦ ਰੱਖਣੀ ਪਿਆਰ ਬਣ ਜਾਂਦੀ ਹੈ। ਸੋ ਇਸਦਾ ਤਰੀਕਾ ਇਹ ਹੈ ਕਿ ਕਰਤਾ ਪੁਰਖ ਤੇ ਦਾਤੇ ਦੀਆਂ ਸਿਫਤਾਂ ਵਿਚ ਸਲਾਹੁਤ ਕਰਨ ਵਾਲੇ ਬਣਨਾ। ਉਸਦੀ ਸਿਫਤ ਸਲਾਹ ਲਈ ਸਾਡੇ ਪਾਸ ਸਾਡੇ ਰਹਿਬਰ ਦੀ ਕਲਾਮ (ਬਾਣੀ) ਹੈ। ਉਹ ਬਾਣੀ ਸਾਨੂੰ ਸਾਂਈ ਦੇ ਗੁਣ ਸਿਖਾਲਦੀ ਹੈ, ਉਸਦੇ ਪ੍ਰੇਮ ਦੀ ਜਾਚ ਦੱਸਦੀ ਹੈ ਤੇ ਯਾਦ ਵਿਚ ਰਖਦੀ ਹੈ। ਅਸੀਂ ਉਸਦਾ ਨਾਮ ਲੈਂਦੇ ਲੈਂਦੇ ਉਸਦੀ ਯਾਦ ਵਿਚ ਆ ਜਾਂਦੇ ਹਾਂ। ਯਾਦ ਨਾਲ ਉਸਦੇ ਮਿੱਠੇ ਭੈ ਵਿਚ ਝੱਲਵੇਂ ਪਿਆਰ ਵਿਚ ਆ ਜਾਂਦੇ ਹਾਂ। ਇਹੋ ਬਾਣੀ ਤੇ ਇਹੋ ਪਿਆਰ ਭਰੀ ਯਾਦ ਸਾਨੂੰ ਸਾਂਈ ਨਾਲ ਮੇਲਦੀ ਹੈ, ਤੇ ਉਸਦੇ ਅਨੁਭਵ ਵਿਚ ਲੈ ਜਾਂਦੀ ਹੈ। ਸੋ ਜੀਓ ਜੀ! ਦੁਖ ਸੁਖ ਹਰ ਹਾਲ, ਉਸਦੇ ਪਿਆਰ ਵਿਚ ਉਸਦੀ ਯਾਦ ਵਿਚ ਜੀਉਣਾ, ਇਹ ਹੈ ਪ੍ਰੇਮ ਯਾ ਭਗਤੀ ਆਪਣੇ ਸਿਰਜਣਹਾਰ ਨਾਲ। ਫਿਰ ਸਾਡਾ ਵਾਹ ਦੁਨੀਆਂ ਵਿਚ ਆਪਣੇ ਵਰਗੇ ਮਨੁੱਖਾਂ ਨਾਲ ਪੈਂਦਾ ਹੈ, ਉਨ੍ਹਾਂ ਨਾਲ ਬੀ ਅਸਾਂ ਪਿਆਰ ਵਰਤਣਾ ਹੈ। ਉਸ ਲਈ ਸਾਨੂੰ ਸਰਬੱਤ ਦਾ ਭਲਾ ਸਿਖਾਇਆ ਗਿਆ ਹੈ। ਜਿਸਦਾ ਵੇਰਵਾ ਇਹ ਹੈ ਕਿਸੇ ਦਾ ਬੁਰਾ ਨਾ ਕਰਨਾ, ਇਹ ਹੈ ਪਹਿਲਾ ਕਦਮ ਸਰਬੱਤ ਦੇ ਭਲੇ ਦਾ। ਫੇਰ ਹੋ ਸਕੇ ਤਾਂ ਭਲਿਆਈ ਕਰਨੀ ਇਹ ਹੈ ਦੂਸਰਾ ਕਦਮ। ਫੇਰ ਨਿਸ਼ਕਾਮ ਭਲਿਆਈ ਕਰਨੀ ਅਰਥਾਤ ਭੁਲਿਆ ਦੀ ਖਾਤਰ ਭਲਿਆਈ ਕਰਨੀ ਤੀਸਰਾ ਕਦਮ ਹੈ। ਆਪੇ ਪਈ ਭਲਿਆਈ ਹੋਣੀ ਇਹ ਚੌਥਾ ਕਦਮ ਹੈ, ਸੋ ਅਸੀਂ ਦਾਤੇ ਨੂੰ ਭੁੱਲਦੇ ਨਹੀਂ ਤੇ ਜੀਵਾਂ ਨਾਲ ਸਰਬੱਤ ਦੇ ਭਲੇ ਵਿਚ ਵੱਸਦੇ ਹਾਂ।

ਅਫਸਰ – ਮੁਕਤੀ ਕੈਸੇ ਹੋਇਗੀ?

ਸਾਧੂ – ਮੁਕਤੀ ਆਪੇ ਤੋਂ ਵੱਖਰੀ ਢੂੰਡਣ ਗਿਆਂ ਮਿਲਦੀ ਨਹੀਂ। ਭਲੇ ਹੋ ਜਾਣਾ, ਭਲੇ ਵਿਚ ਰਹਿਣਾ, ਭਲਾ ਕਰਨਾ, ਫੇਰ ਮੋਹ ਮਾਇਆ ਤੋਂ ਅਸੰਗ ਹੋ ਕੇ ਕਰਤਾਰ ਨਾਲ ਜੁੜੇ ਰਹਿਣਾ, ਉਸਦੀ ਹੋਂਦ ਨੂੰ ਅੰਦਰ ਪ੍ਰਤੀਤ ਕਰਨਾ, ਯਾ ਇਉਂ ਕਹੋ ਕਿ ਉਸਦੇ ਸਾਥ ਰਹਿਣਾ, ਅੰਤਰ ਆਤਮੇ ਉਸਨੂੰ ਪ੍ਰਪੱਕ ਸਾਥੀ ਲਖਦੇ ਰਹਿਣਾ, ਯਾ ਇਉਂ ਆਖੋ ਕਿ ਉਸਦੀ ਸਦਾ ਹਾਜ਼ਰ ਹਜ਼ੂਰੀ ਵਿਚ ਆਪਣੀ ਹੋਂਦ ਨੂੰ ਪ੍ਰਤੀਤ ਕਰਦੇ ਰਹਿਣਾ, ਯਾ ਇਉਂ ਕਹੋ ਕਿ ਨਾਲ ਮਿਲੇ ਰਹਿਣਾ, ਇਹ ਜੋ ਹੈ ਆਪੇ ਨੂੰ ਸੁਆਰ ਲੈਣਾ, ਇਹੋ ਹੈ ਮੁਕਤੀ।

ਅਫਸਰ (ਅਚਰਜ) ਹੋ ਕੇ – ਮੈਂ ਈਸਾਈ ਹਾਂ, ਆਪ ਨੂੰ ਮੇਰੇ ਤੋਂ ਨਫਰਤ ਨਹੀਂ।

ਸਾਧੂ – ਨਫਰਤ ਇਕ ਨੁਕਤਾ ਹੈ, ਜੋ ਤੁਸੀਂ ਆਪਣੀ ਬੋਲੀ ਵਿਚ ਸਮਝ ਲਓ ਕਿ ਸ਼ੈਤਾਨ ਰੂਪੀ ਦਾਇਰੇ ਦਾ ਕੇਂਦਰ ਹੈ। ਪ੍ਰੇਮ ਇਕ ਨੁਕਤਾ ਹੈ, ਜੋ ਰੱਬ ਰੂਪੀ ਦਾਇਰੇ ਦਾ ਕੇਂਦਰ ਹੈ। ਜੇ ਮੈਂ ਆਪਣੀ ਪਰਿਭਾਸ਼ਾ ਵਿਚ ਬੋਲਾਂ ਤਾਂ ਨਫਰਤ ਹੈ ਆਸੁਰੀ ਸੰਪਰਦਾ ਦੀ ਵਸਤੂ ਤੇ ਪ੍ਰੇਮ ਹੈ ਦੇਵੀ ਸੰਪਰਦਾ ਦੀ ਵਸਤੂ। ਅਸੀਂ ਹਾਂ, ਦੈਵ (ਰੱਬ ਜੀ) ਦੇ ਪ੍ਰੇਮੀ, ਸਾਨੂੰ ਦੈਵੀ ਸੰਪਦਾ ਨਾਲ ਪਿਆਰ ਹੈ, ਆਸੁਰੀ ਸੰਪਦਾ ਨਾਲ ਨਹੀਂ। ਜੇ ਮੈਂ ਰੱਬ ਦੀ ਯਾਦ ਵਿਚ ਹਾਂ, ਜੇ ਉਸਦੀ ਹਜ਼ੂਰੀ ਵਿਚ ਵਸਦਾ ਹਾਂ, ਜੇ ਮੈਂ ਉਸਦੇ ਸਾਥ ਵਿਚ ਉਸਦੇ ਨਾਲ ਵਸਦਾ ਹਾਂ ਅਰਥਾਤ ਜੇ ਮੈਂ ਅੰਤਰ ਆਤਮੇ ਰੱਬ ਜੀ ਨੂੰ ਸਾਧੂ ਲਖਦਾ ਰਹਿੰਦਾ ਹਾਂ, ਤਾਂ ਦੱਸੋ ਮੇਰੇ ਵਿਚ ਨਫਰਤ ਨੂੰ ਥਾਂ ਕਿੱਥੇ ਹੈ? ਕਿਉਂਕਿ ਜੋ ਮੇਰੇ ਅੰਦਰ ਮੇਰਾ ਸਾਥੀ ਹੈ ਉਹਦਾ ਰੂਪ ਤਾਂ ਪ੍ਰੇਮ ਹੈ।

ਅਫਸਰ - ਬਹੁਤ ਖੂਬ, ਆਪ ਤਾਂ ਐਸੇ ਹੋ ਜੈਸੇ ਸਾਡੇ ਵਿਚ ਬੜੇ ਬੜੇ ਤਪੱਸਵੀ, ਤਿਆਗੀ ਤੇ ਦੁੱਖ ਸਹਿਣ ਵਾਲੇ ਕੋਈ ਕੋਈ ਕਦੇ ਕਦੇ ਹੋਏ ਹਨ। ਕਿਆ ਨਾਮ ਹੈ ਆਪ ਦੇ ਪਿਅੰਬਰ ਦਾ?

ਸਾਧੂ - ਸ੍ਰੀ ਗੁਰੂ ਨਾਨਕ ਦੇਵ।

ਅਫਸਰ - ਅੱਛਾ, ਤਾਂ ਆਪ ਸੀਖ ਹੈਂ! ਹਾਂ, ਹਾਂ ਲਾਹੌਰ ਕੇ ਪਾਦਰੀ ਫੋਰਮੈਨ ਸਾਹਿਬ ਗੁਰੂ ਨਾਨਕ ਕੀ ਬਹੁਤ ਤਾਰੀਫ ਕੀਤਾ ਕਰਦੇ ਸਨ, ਠੀਕ ਠੀਕ ਵੁਹੀ ਹਾਂ।

ਇਸ ਤਰ੍ਹਾਂ ਦੀ ਗੱਲ ਬਾਤ ਹੋਰ ਕੁਛ ਚਿਰ ਹੁੰਦੀ ਰਹੀ। ਅਫਸਰ ਨੇ ਉਸ ਮਰੀਜ਼ ਦੇ ਇਲਾਜ ਦਾ ਬੰਦੋਬਸਤ ਹਸਪਤਾਲ ਵਿਚ ਕਰਵਾ ਦਿਤਾ ਤੇ ਸੰਤ ਜੀ ਨੂੰ ਵਿਹਲੇ ਕਰ ਦਿਤਾ, ਇਹ ਕਹਿ ਕੇ ਕਿ ਆਪ ਦੀ ਸੇਵਾ ਨਾਲੋਂ ਹਸਪਤਾਲ ਵਿਚ ਸੇਵਾ ਵਧੇਰੇ ਗੁਣਦਾਇਕ ਤੇ ਇਲਾਜ ਵਧੇਰੇ ਠੀਕ ਹੋਵੇਗਾ, ਕਿਉਂਕਿ ਡਾਕਟਰ ਹਰ ਵੇਲੇ ਤਸ਼ਖੀਸ ਕਰਦਾ ਤੇ ਯੋਗ ਦਵਾ ਦਿੰਦਾ ਰਹੇਗਾ ਤੇ ਨਰਸਾਂ ਖਾਣ ਪਾਣ, ਸੈਣ, ਹੋਰ ਸੇਵਾ ਦਾ ਦਰੁਸਤ ਪ੍ਰਬੰਧ ਕਰਦੀਆਂ ਰਹਿਣਗੀਆਂ।

ਸੰਤ ਜੀ ਕੁਛ ਦਿਨ ਓਥੇ ਟਿਕੇ ਰਹੇ ਤੇ ਫੇਰ ਕੁਛ ਦਿਨਾਂ ਬਾਅਦ ਬਨੋ ਬਨ ਪੈਦਲ ਹਰਿਦਵਾਰ ਨੂੰ ਟੁਰ ਪਏ। ਰਸਤੇ ਵਿਚ ਕਿਤੇ ਜੰਗਲ ਦੇ ਗਾਰਡਾਂ ਦੇ ਘਰੀਂ ਡੇਰਾ ਕਰ ਲੈਂਦੇ ਰਹੇ, ਕਿਉਂਕਿ ਇਸ ਬਨ ਵਿਚ ਹਨਰ ਆਦਿ ਜਾਨਵਰਾਂ ਤੋਂ ਛੁਟ ਗੁਲਦਾਰ (ਇਕ ਪ੍ਰਕਾਰ ਦੇ ਸੇਰ) ਬੀ ਵਸਦੇ ਹਨ ਤੇ ਰਾਤ ਨੂੰ ਖੁਲ੍ਹੇ ਵਿਚਰਦੇ ਹਨ। ਇਸ ਕਰਕੇ ਰਾਤ ਬਣ ਵਿਚ ਐਵੇਂ ਰਹਿ ਸਕਣਾ ਕਠਨ ਹੁੰਦਾ ਹੈ।

ਸੰਤਾਂ ਦੇ ਪਾਸ ਇਕ ਚਾਦਰਾ ਸੀ ਤੇ ਇਕ ਪਰਨਾ ਤੇ ਦੂਜਾ ਵਾਧੂ ਕਛਹਿਰਾ ਸੀ, ਪਾਣੀ ਲਈ ਚਿੱਪੀ ਤੇ ਰਾਤ ਓਢਨ ਲਈ ਇਕ ਹਲਕਾ ਲੋਆ ਤੇ ਬਸ। ਮਾਨੋ ਤਿੰਨ ਬੀਬੀ ਤੇ ਕਪੜੇ ਚੋਲਾ, ਬੀੜਾ ਬੱਸ।

## ੨

ਇਕ ਦਿਨ ਆਪ ਇਕ ਟਿਕਾਣੇ ਬ੍ਰਿਛਾਂ ਦੇ ਛਾਵੇਂ ਬੈਠੇ ਸਨ ਕਿ ਮੋਟਰ ਦੇ ਧੂਤੇ ਦੀ ਆਵਾਜ਼ ਆਈ। ਥੋੜ੍ਹੇ ਚਿਰ ਬਾਅਦ ਮੋਟਰ ਗਾਰਡ ਦੇ ਘਰ ਕੋਲ ਖਲੋ ਗਈ, ਵਿਚੋਂ ਉਹੀ ਅਫਸਰ ਜੀ ਨਿਕਲੇ। ਗਾਰਡ ਸਿੱਖ ਸੀ, ਬਾਹਰ ਆ ਕੇ ਓਸਨੇ ਅਫਸਰ ਦਾ ਸਤਿਕਾਰ ਕੀਤਾ। ਉਸਨੇ ਪੁਛਿਆ, ਤੁਮ ਸੀਖ ਹੋ? ਗਾਰਡ ਨੇ ਕਿਹਾ, ਹਾਂ ਜੁਨਾਬ। ਸਾਹਿਬ ਨੇ ਪੁਛਿਆ, ਇਧਰ ਕੋਈ ਸੀਖ ਸਾਧੂ ਆਇਆ ਹੈ?

ਗਾਰਡ - ਹਾਂ ਜਨਾਬ।

ਸਾਹਿਬ - ਉਸਕਾ ਕਿਆ ਨਾਮ?

ਗਾਰਡ ਨੇ ਕਿਹਾ - ਨਾਮ......ਹਾਂ.......ਨਾਮ ਹੈ ਬਿਮਲਾ ਸਿੰਘ।

ਸਾਹਿਬ - ਇਧਰ ਕਭੀ ਆਯਾ?

ਗਾਰਡ - ਹਾਂ ਜੀ ਉਹ ਇਥੇ ਹੀ ਹਨ, ਦਿਨੇ ਬਨ ਵਿਚ ਸਮਾਧੀ ਲਾਉਂਦੇ ਹਨ, ਤੇ ਰਾਤ ਮੇਰੀ ਕੁਟੀਆ ਵਿਚ ਆ ਜਾਂਦੇ ਹਨ।

ਸਾਹਿਬ ਨੇ ਕਿਹਾ - ਅਬ ਕਹਾਂ ਹੈ?

ਗਾਰਡ ਨੇ ਇਕ ਸੰਘਣੇ ਬ੍ਰਿਛਾਂ ਹੇਠ ਲੁਕੇ ਟਿੱਲੇ ਵਲ ਇਸ਼ਾਰਾ ਕੀਤਾ ਤੇ ਕਿਹਾ ਕਿ ਉਸ ਥਾਂਵੇਂ ਬੈਠੇ ਹਨ।

ਸਾਹਿਬ ਨੇ ਕਿਹਾ - ਚਲੋ ਰਸਤਾ ਦਿਖਾਓ। ਗਾਰਡ ਪਹਿਲੇ ਝਿਜਕਿਆ ਕਿ ਮਤੇ ਸੰਤ ਜੀ ਗੁੱਸੇ ਹੋਣ ਕਿ ਸਾਡਾ ਥਹੁ ਕਿਉਂ ਦਿੱਤਾ, ਯਾ ਇਸਨੇ ਹੀ ਕੋਈ ਖੇਚਲ ਦੇਣੀ ਹੋਵੇ ਤਾਂ ਮੈਂ ਖਾਹ ਮਖਾਹ ਪਤਾ ਦੇ ਦਿਤਾ। ਅਫਸਰ ਤਾੜ ਗਿਆ ਕਿ ਇਹ ਡਰ ਕਰੇ ਝਿਜਕ ਰਿਹਾ ਹੈ, ਆਖਣ ਲੱਗਾ ਡਰੋ ਮਤ, ਸੰਤ ਹਮ ਕੋ ਜਾਨਤੇ ਹੈਂ, ਵੁਹ ਹਮਾਰੇ ਦੋਸਤ ਹੈਂ। ਇਹ ਸੁਣ ਕੇ ਗਾਰਡ ਤਸੱਲੀ ਨਾਲ ਟੁਰ ਪਿਆ ਤੇ ਮਗਰੋਂ ਮਗਰ ਸਾਹਿਬ ਜੀ। ਟਿੱਲੇ ਉਤੇ ਸੰਘਣੀ ਛਾਵੇਂ ਆਪ ਪਦਮਾਸਨ ਬੈਠੇ ਸਨ, ਪੈਖੜ ਸੁਣ ਕੇ ਨੇਤ੍ਰ ਖੁਲ੍ਹੇ ਤੇ ਫੇਰ ਪਛਾਣ ਲਿਆ ਕਿ ਕੌਣ ਆ ਰਿਹਾ ਹੈ। ਪਰਸਪਰ ਸਤਿਕਾਰ ਨਾਲ ਮਿਲੇ। ਫਿਰ ਅਫਸਰ ਨੇ ਕਿਹਾ, ਸੰਤ ਜੀ! ਮੈਂ ਸੁਣਿਆਂ ਸੀ ਕਿ ਆਪ ਇਸੇ ਬਣ ਵਿਚ ਟੁਰ ਫਿਰ ਰਹੇ ਹੋ, ਮੈਨੂੰ ਫਿਕਰ ਹੋਇਆ ਕਿ ਰਾਤ ਨੂੰ ਗੁਲਦਾਰ ਨਿਕਲ ਪੈਂਦੇ ਹਨ ਤੇ ਕਿਤੇ ਆਪ ਕਿਸੇ ਖੇਚਲ ਵਿਚ ਨਾ ਪੈ ਜਾਓ। ਮੈਂ ਤਲਾਸ਼ ਕਰਾਈ, ਪਤਾ ਚੱਲਣ ਤੇ ਅੱਜ ਆਪ ਨੂੰ ਲੱਭ ਲਿਆ ਹੈ। ਆਪ ਹੁਣ ਇਥੇ ਟਿਕੋਗੇ ਕਿ ਅੱਗੇ ਜਾਣਾ ਹੈ?

ਸੰਤ - ਮੈਂ ਹਰਿਦੁਆਰ ਜਾਣਾ ਹੈ। ਸਨੇ ਸਨੇ ਸਫਰ ਤੇ ਟਿਕਾਉ ਨਿਭ ਰਹੇ ਹਨ। ਬਨ ਸੁਹਾਵਣਾ ਹੈ, ਪਰ ਆਸਰਾ ਕੋਈ ਨਹੀਂ। ਆਪ ਦੇ ਮਹਿਕਮੇ ਦੇ ਗਾਰਡਾਂ ਆਦਿਕਾਂ ਦੇ ਆਸਰੇ ਰਾਤ ਕਟੀ ਹੋ ਜਾਂਦੀ ਹੈ, ਦਿਨ-ਕਟੀ ਬ੍ਰਿੱਛ ਕਰਾ ਦਿੰਦੇ ਹਨ।

ਅਫਸਰ - ਜੇ ਆਪ ਮਨਜ਼ੂਰ ਕਰੋ ਤਾਂ ਮੇਰਾ ਇਹ ਵਿਚਾਰ ਹੈ, ਆਪ ਮੇਰੇ ਨਾਲ ਚੱਲ ਪਓ। ਮੋਤੀ ਚੂਰ ਦਾ ਬਨ ਚਲ ਦੇਖੋ, ਫੇਰ ਡਾਕ ਬੰਗਲੇ ਆਪ ਦਾ ਡੇਰਾ ਕਰਾ ਦਿਆਂਗਾ, ਉਤੋਂ ਹਰਿਦੁਆਰ ਚਾਰ ਪੰਜ ਕੁ ਮੀਲ ਹੈ। ਆਪ ਬਨ ਵਿਚ ਰਹਿ ਬੀ ਸਕੋਗੇ, ਹਰਿਦੁਆਰ ਵੀ ਜਾ ਆ

ਸਕੋਗੇ ਤੇ ਰਾਤ ਨੂੰ ਬਨ ਪਸ਼ੂਆਂ ਦਾ ਭੈ ਬੀ ਨਹੀਂ ਹੋਵੇਗਾ ਤੇ ਉਂਞ ਉਨ੍ਹਾਂ ਦੇ ਦਰਸ਼ਨ ਦਿਦਾਰੇ ਬੀ ਰਾਤਾਂ ਨੂੰ ਕਈ ਵੇਰ ਹੋ ਜਾਣਗੇ। ਅੰਨ੍ਹ ਪਾਣੀ ਦਾ ਪ੍ਰਬੰਧ ਬੀ ਉਥੇ ਹੈ। ਸਾਡੇ ਮਤ ਦੇ ਇਕ ਤਤਿਖਯੂ ਉਤੇ ਟਿਕੇ ਹੋਏ ਹਨ, ਆਪ ਨੂੰ ਹਰ ਮਤ ਨਾਲ ਪਿਆਰ ਹੈ, ਸੋ ਦੋਹਾਂ ਦਾ ਸਤਿਸੰਗ ਰਹੇਗਾ, ਮੈਂ ਹੀ ਕੁਛ ਦਿਨ ਲਾਹਾ ਲੈ ਸਕਾਂਗਾ। ਆਪ ਦੀ ਇਹ ਗੱਲ ਮੇਰੇ ਬੜੀ ਦਿਲ ਲੱਗੀ ਹੈ ਕਿ ਨਫਰਤ ਇਨਸਾਨੀ ਗੁਣ ਨਹੀਂ ਹੈ।

ਸੰਤ ਸੁਣ ਕੇ ਮੁਸਕਰਾਏ ਤੇ ਹੌਲੇ ਜਿਹੇ ਬੋਲੇ – "ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾਂ ਕੇ ਪ੍ਰਤਿਪਾਲਾ ਜੀਉ। ਫੇਰ ਸਤਿ ਬਚਨ ਆਖ ਕੇ ਹੇਠਾਂ ਉਤੇ ਤੇ ਮੋਟਰ ਵਿਚ ਬੈਠ ਗਏ। ਗਾਰਡ ਨੇ ਲੋਆ ਕਛਹਿਰਾ ਤੇ ਚਿਪੀ ਲਿਆ ਦਿਤੀ ਤੇ ਆਪ ਕੁਛ ਦੇਰ ਬਾਅਦ ਡਾਕ ਬੰਗਲੇ ਅੱਪੜ ਗਏ। ਕਮਰੇ ਇਕ ਸਵੱਛ ਵਿਚ ਪਲੰਘ ਲੱਗਾ ਸੀ, ਦੋ ਤ੍ਰੈ ਕੁਰਸੀਆਂ ਪਈਆਂ ਸਨ, ਸੰਤਾਂ ਜੋਗਾ ਇਹ ਕਮਰਾ ਮਿਲ ਗਿਆ, ਆਪ ਅਫਸਰ ਜੀ ਨੇ ਇਕ ਹੋਰ ਕਮਰੇ ਵਿਚ ਡੇਰਾ ਕਰ ਲਿਆ। ਇਕ ਕਮਰੇ ਵਿਚ ਅੱਗੇ ਇਕ ਤਤਿਖਯੂ ਸਾਧੂ ਉਤਰੇ ਹੋਏ ਸਨ, ਜਿਨ੍ਹਾਂ ਦਾ ਨਾਉਂ ਰੈਵਰੈਂਡ 'ਡਯੂ-ਸੋਜ਼ਾ' ਕਰਕੇ ਸੱਦਦੇ ਸਨ। ਸੰਤਾਂ ਦਾ ਪ੍ਰਸਾਦ ਪਾਣੀ ਬੰਗਲੇ ਦੇ ਚੌਕੀਦਾਰ ਦੇ ਸਪੁਰਦ ਹੋਇਆ ਜੋ ਗੜ੍ਹਵਾਲੀਆ ਸੀ ਤੇ ਅਫਸਰ ਦਾ ਆਪਣੇ ਤੇ ਡਯੂਸੋਜ਼ਾ ਦਾ ਅੰਨ ਪਾਣੀ ਗੋਆ ਦੇ ਪਾਸੇ ਦਾ ਇਕ ਬਾਵਰਚੀ ਕਰਦਾ ਸੀ, ਜੋ ਅੱਗੇ ਹੀ ਓਥੇ ਘੱਲਿਆ ਹੋਇਆ ਸੀ।

ਇਕ ਦੋ ਦਿਨ ਤਾਂ ਇਧਰ ਉਧਰ ਸੈਰ ਆਦਿ ਵਿਚ ਬੀਤੇ। ਹਰਿਦੁਆਰ ਰਿਖੀਕੇਸ਼, ਲਛਮਨ ਝੂਲੇ ਤਕ ਮੋਟਰ ਵਿਚ ਸੈਰਾਂ ਕਰ ਆਏ। ਤੀਏ ਕੁ ਦਿਨ ਲੌਢੇ ਪਹਿਰ ਤ੍ਰੈਏ ਬਾਹਰ ਆ ਬੈਠੇ ਤਾਂ ਸੰਤਾਂ ਨੇ ਡਿੱਠਾ ਕਿ ਡਯੂਸੋਜ਼ਾ ਦੇ ਪੈਰ ਤੇ ਪੱਟੀ ਬੱਧੀ ਹੈ ਤਾਂ ਸੰਤ ਜੀ ਨੇ ਪੁਛਿਆ, ਸਤਿਕਾਰ ਯੋਗ ਜੀਓ! ਕਲ ਤਾਂ ਆਪ ਦੇ ਪੈਰ ਤੇ ਖਰੀਂਡ ਬੱਝਾ ਹੋਇਆ ਸੀ ਤੇ ਅੱਜ ਪੱਟੀ ਬੱਝੀ ਹੋਈ ਹੈ? ਕੀ ਜ਼ਖਮ ਤੇ ਮੁੜ ਸੱਟ ਲੱਗ ਗਈ ਹੈ? ਡਯੂਸੋਜ਼ਾ ਹੱਸ ਪਿਆ ਤੇ ਆਖਣ ਲੱਗਾ, ਮੈਂ ਆਪ ਰਾਜ਼ੀ ਹੋਏ ਨੂੰ ਮੁੜ ਕੇ ਜ਼ਖਮ ਬਣਾ ਲਿਆ ਹੈ।

ਸੰਤ ਜੀ – ਕਿਉਂ ਜੀਓ ਜੀ!

ਡਯੂਸੋਜ਼ਾ – ਇਸ ਲਈ ਕਿ ਜਦੋਂ ਇਹ ਜ਼ਖਮ ਦਰਦ ਕਰਦਾ ਸੀ, ਪ੍ਰੇਅਰ (ਅਰਦਾਸ) ਵਿਚ ਦਿਲ ਡੂੰਘਾ ਜਾ ਕੇ ਜੁੜਦਾ ਸੀ, ਹੁਣ ਜਦ ਪੀੜ ਤੋਂ ਖਾਲੀ ਹੋ ਗਿਆ ਹੈ ਤਾਂ ਦਿਲ ਪ੍ਰੇਅਰ ਦੇ ਡੂੰਘਾਣ ਵਿਚ ਜਾਣੋਂ ਅੜ ਖੜੋਂਦਾ ਹੈ। ਮੈਂ ਕਿਹਾ, ਇਸ ਤਨ ਨੂੰ ਦੰਡ ਦੇਣਾ ਦੰਡਿਤ ਰੱਖਣਾ ਹੀ ਚੰਗਾ ਹੈ ਜੋ ਮਨ ਪੀੜ ਵਿਚ ਰੁੱਝ ਕੇ ਅਵੈੜ-ਪੁਣੇ ਵਲ ਨਹੀਂ ਜਾਂਦਾ ਤੇ ਅਰਦਾਸ ਵਿਚ ਡੂੰਘਾ ਜੁੜਦਾ ਹੈ। ਸੰਤ ਸੋਚੀਂ ਪੈ ਗਏ। ਫੇਰ ਸਿਰ ਫੇਰ ਫੇਰ ਕੇ ਸੁਰ ਨਾਲ ਬੋਲੇ – ਸਚ! ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥ ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤਿ।

ਅਫਸਰ – ਆਪ ਨੇ ਜੋ ਕੁਛ ਗਾਵਿਆ ਹੈ ਇਸਦਾ ਕੀ ਭਾਵ ਹੈ?

ਸੰਤ – ਜਦੋਂ ਕੋਈ ਡਾਢੀ ਲੋੜ ਦੀ ਗਰਜ਼ ਪੈਦਾ ਹੋ ਜਾਏ ਤਾਂ ਮਨ ਅਰਦਾਸ ਵਿਚ ਯਾ ਰੱਬ ਜੀ ਦੀ ਯਾਦ ਵਿਚ ਡੂੰਘਾ ਜਾ ਕੇ ਜੁੜਦਾ ਹੈ, ਜੇ ਸਦੀਵ ਕਾਲ ਅਰਥਾਤ ਸੁਖ ਦੁਖ ਦੋਹਾਂ ਹਾਲਤਾਂ ਵਿਚ ਇਹੋ ਜਿਹਾ ਇਕਾਗਰ ਹੋ ਕੇ ਲੱਗੇ ਤਾਂ ਜੀਵ ਪਰਮ ਪਦ ਨੂੰ ਪਹੁੰਚ ਜਾਵੇ।

ਡਯੂਸੋਜ਼ਾ – ਫਿਰ ਮੈਂ ਠੀਕ ਕੀਤਾ ਹੈ?

ਸੰਤ – ਮੈਂ ਆਪ ਦੇ ਮਤ ਦਾ ਬਹੁਤ ਜਾਣੂ ਨਹੀਂ। ਆਪ ਦੇ ਅਕੀਦੇ ਦੇ ਮੂਜਬ ਠੀਕ ਬੀ ਹੋਸੀ, ਪਰ ਮੈਂ ਜੋ ਕੁਛ ਪੜ੍ਹਿਆ ਹੈ, ਉਹ ਮੇਰੇ ਧਰਮ ਪੁਸਤਕ ਵਿਚੋਂ ਹੈ ਜਿਸਨੂੰ ਅਸੀਂ ਗੁਰੂ ਕਰਕੇ ਮੰਨਦੇ ਹਾਂ। ਉਸਦਾ ਮਤਲਬ ਥੋੜ੍ਹਾ ਹੋਰਵੇਂ ਹੈ। ਉਹ ਐਉਂ ਹੈ ਕਿ ਲੋੜ ਸਮੇਂ ਯਾ ਦੁਖ ਸਮੇਂ ਮਨ ਗਰਜੀ ਹੁੰਦਾ ਹੈ, ਗਰਜ਼ੀ ਮਨ ਜਿਵੇਂ ਡੂੰਘਾ ਹੋ ਕੇ ਰੱਬ ਸਾਂਈ ਨੂੰ ਯਾਦ ਕਰਦਾ ਹੈ, ਉਸਨੂੰ ਆਦਰਸ਼ ਬਣਾ ਲਓ ਜੁੜਨੇ ਦਾ ਤੇ ਜਦੋਂ ਸੁਖ ਵਿਚ ਕਿ ਸਾਧਾਰਨ ਹਾਲਤ ਵਿਚ ਹੋਵੋ ਤਾਂ ਮਨ ਨੂੰ ਉਸ ਤਰ੍ਹਾਂ ਦਾ ਜੋੜੋ ਕਿ ਜਿਸ ਤਰ੍ਹਾਂ ਦਾ ਦੁਖ ਵੇਲੇ ਦੁਖ ਦੂਰ ਕਰਨ ਦੀ ਗਰਜ਼ ਲਈ ਜੁੜਦਾ ਸੀ। ਇਸ ਵਾਕ ਵਿਚ ਸਰੀਰ ਨੂੰ ਆਪੇ ਦੁਖੀ ਕਰਨ ਦਾ ਉਪਦੇਸ਼ ਨਹੀਂ ਹੈ।

ਡਯੋਸੋਜ਼ਾ – ਪਰ ਦੁਖ ਵੇਲੇ ਜੁੜਦਾ ਹੈ ਨਾਂ ਬਹੁਤ ਕਰਕੇ?

ਸੰਤ – ਸਭਨਾਂ ਦਾ ਨਹੀਂ, ਕੇਵਲ ਉਨ੍ਹਾਂ ਦਾ ਜੋ ਵਾਹਿਗੁਰੂ ਜੀ ਦੇ ਰਾਹ ਤੇ ਤੁਰਨੇ ਵਾਲੇ ਹਨ। ਸਾਂਈ ਤੋਂ ਭੁੱਲੇ ਹੋਏ ਲੋਕ ਤਾਂ ਸਗੋਂ ਦੁਖ ਵੇਲੇ ਰੋਂਦੇ ਕੁਰਲਾਉਂਦੇ ਹਨ, ਅਰਦਾਸਾਂ ਵਿਚ ਨਹੀਂ ਜੁੜਦੇ। ਉਹ ਤਾਂ ਸਗੋਂ ਸਾਂਈ ਦੀ ਯਾਦ ਕਿ ਅਰਦਾਸ ਵਿਚ ਜੁੜਨ ਦੀ ਥਾਂਵੇਂ ਘਬਰਾ, ਖਿੰਡਾਉ ਤੇ ਵਧੇਰੇ ਉਦਾਸੀ ਵਿਚ ਜਾਂਦੇ ਹਨ। ਪਰ ਜੋ ਰੱਬ ਜੀ ਦੇ ਪਿਆਰ ਵਾਲੇ ਹਨ ਉਹ ਨਾਂ ਦੁਖ ਮੰਗਦੇ ਹਨ ਨਾ ਦੁਖ ਸਹੇੜਦੇ ਹਨ, ਨਾਂ ਦੁਖ ਆਇਆਂ ਤੇ ਨਾ-ਸ਼ੁਕਰੀ ਵਿਚ ਪੈਂਦੇ ਹਨ। ਦੁਖ ਆਪੇ ਆਵੇ ਤਾਂ ਉਸਨੂੰ ਦਾਰੂ ਸਮਝਦੇ ਹਨ। ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ – ਦੁਖ ਦਾਰੂ ਸੁਖੁ ਰੋਗੁ ਭਇਆ॥

ਸੁਖ ਵਿਚ ਰੱਬ ਵਿਸਰਦਾ ਹੈ, ਦੁਖ ਵਿਚ ਯਾਦ ਆਉਂਦਾ ਹੈ। ਪਰ ਦੁਖ ਸੁਖ ਨੂੰ ਮੰਗਣਾ ਕਿ ਤ੍ਰਿਸਕਾਰਨਾ ਨਹੀਂ ਸਿਖਾਇਆ। ਸਾਡੇ ਧਰਮ ਪੁਸਤਕ ਵਿਚ ਲਿਖਿਆ ਹੈ ਕਿ ਦੁਖ ਸੁਖ ਦੋਹਾਂ ਨੂੰ ਐਉਂ ਦੇਖੋ ਜਿਵੇਂ ਕਪੜੇ ਬਦਲੀ ਦੇ ਹਨ। ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ।

ਅਫਸਰ – ਇਸ ਦਾ ਕੀ ਮਤਲਬ?

ਸੰਤ – ਮਤਲਬ ਹੈ ਕਿ ਦੁਹਾਂ ਨੂੰ ਸਮ ਕਰਕੇ ਜਾਣੋ।

ਡਯੂਸੋਜ਼ਾ – ਪਰ ਸੰਤ ਜੀ, ਇਹ ਸਰੀਰ ਪਸ਼ੂ ਹੈ, ਮਨ ਦੀਆਂ ਰੁਚੀਆਂ ਪਸ਼ੂ ਹਨ। ਸਰੀਰ ਦੁਖੀ ਰਹੇ ਤਾਂ ਇਹ ਰੁਚੀਆਂ ਵੱਸ ਵਿਚ ਰਹਿੰਦੀਆਂ ਹਨ ਤੇ ਸਰੀਰ ਮਾੜੇ ਪਾਸੇ ਵੱਲ ਨਹੀਂ ਖਿੱਚੀ ਦਾ।

ਸੰਤ – ਇਹ ਠੀਕ ਹੈ। ਪਰ ਜੇ ਆਪੂੰ ਸਰੀਰ ਨੂੰ ਦੁਖੀ ਕਰਕੇ ਮਨ ਨੂੰ ਹੋੜਿਆ ਤਾਂ ਮਨ ਤੇ ਆਪਣੀ ਅੰਦਰਲੀ ਇੱਛਾ ਸ਼ਕਤੀ ਦਾ ਬਲ ਤਾਂ ਨਾ ਪਿਆ। ਉਹ ਤਾਂ ਪਸ਼ੂ ਨੂੰ ਵੱਸ ਕਰਨ ਦੀ ਤਰ੍ਹਾਂ ਸੋਟੇ ਦੀ ਲੋੜ ਸਦਾ ਲਈ ਬਣਾ ਲਈ। ਚਾਹੀਦਾ ਇਹ ਸੀ ਕਿ ਮਨ ਉਤੇ ਮਨ ਦੀ ਪ੍ਰਬਲ ਇੱਛਾ ਦਾ ਬਲ ਪਵੇ ਤੇ ਉਹ ਮਾੜੀਆਂ ਰੁਚੀਆਂ ਦੇ ਫੁਰਨੇ ਵਿਚ ਨਾ ਜਾਵੇ, ਜੇ ਜਾਵੇ ਤਾਂ ਉਹੀ ਸ਼ਕਤੀ ਉਸਨੂੰ ਹੋੜ ਕੇ ਮੋੜ ਲਿਆਵੇ।

ਡਯੂਸੋਜ਼ਾ – ਪਰ ਕੀਹ ਤੁਸੀਂ ਤਪ ਹਠ ਦਾ ਕੁਛ ਲਾਭ ਨਹੀਂ ਸਮਝਦੇ?

ਸੰਤ – ਮੈਂ ਤਪ ਹਠ ਦਾ ਕਾਇਲ ਹਾਂ। ਪਰ ਉਹ ਕਈ ਤਰ੍ਹਾਂ ਦਾ ਹੈ। ਜੋ ਤਪ ਹਠ ਦਿਖਾਵੇ ਲਈ ਕੀਤਾ ਜਾਵੇ ਉਸ ਨਾਲੋਂ ਵਪਾਰ ਕਰਨਾ ਭਲਾ ਹੈ। ਜੋ ਤਪ ਹਠ ਦੇਹੀ ਨੂੰ ਨਿਰਾ ਦੁਖ ਦੇਣ ਲਈ ਕੀਤਾ ਜਾਵੇ ਉਸਦਾ ਫਲ ਦੇਹ ਨੂੰ ਨਿਤਾਣੇ ਕਰਨਾ ਹੈ, ਨਿਤਾਣੀ ਦੇਹ ਫੇਰ ਤਪ ਹਠ ਨਹੀਂ ਕਰ ਸਕਦੀ। ਜੋ ਤਪ ਹਠ ਮਨ ਨੂੰ ਸੋਧਣ ਲੀ ਕੀਤਾ ਜਾਵੇ ਉਹ ਠੀਕ ਹੈ। ਪਰ ਉਹ ਦੋ ਪ੍ਰਕਾਰ ਦਾ ਹੈ। ਇਕ ਸਰੀਰ ਨੂੰ ਖੇਚਲਾਂ ਵਿਚ ਪਾ ਕੇ ਸਰੀਰ ਨੂੰ ਥਕਾਉਣਾ ਤੇ ਮਨ ਅਕਾਉਣਾ। ਦੂਜਾ ਹੈ ਹਠ ਧਾਰ ਕੇ ਮਨ ਦੀ ਇੱਛਾ ਸ਼ਕਤੀ ਨੂੰ ਪ੍ਰਬਲ ਕਰਨਾ ਤੇ ਮਨ ਦੀਆਂ ਵਾਸ਼ਨਾਂ ਨੂੰ ਉਸਦੇ ਵਸੀਕਾਰ ਵਿਚ ਕਰ ਲੈਣਾ। ਭਾਵ – ਆਪਣੇ ਮਨ ਦੇ ਬਲ ਨਾਲ ਮਨ ਨੂੰ ਜਿੱਤ ਲੈਣਾ।

ਸੰਤ – ਕਠਨ ਹੈ, ਪਰ ਹੋ ਜਾਂਦਾ ਹੈ। ਦੂਸਰੇ ਵਿਚਾਰ ਦੀ ਗੱਲ ਇਹ ਬੀ ਹੈ ਕਿ ਸਰੀਰ ਤੇ ਮਨ ਨੂੰ ਆਪੇ ਜੋ ਦੁਖ ਵਿਆਪਦੇ ਰਹਿੰਦੇ ਹਨ ਕੀ ਉਹ ਕੁਛ ਥੋੜ੍ਹੇ ਹਨ। ਕੌਣ ਹੈ ਜੋ ਕਦੇ ਬੀਮਾਰ ਨਹੀਂ ਹੁੰਦਾ? ਕੌਣ ਹੈ ਜਿਸ ਦੇ ਪਿਆਰੇ ਸਾਕ ਸਨਬੰਧੀ ਮਿਤ੍ਰ ਬੀਮਾਰ ਨਹੀਂ ਹੁੰਦੇ ਤੇ ਉਸ ਨੂੰ ਦੁਖ ਦਾ ਹਿੱਸਾ ਨਹੀਂ ਵੰਡਾਉਣਾ ਪੈਂਦਾ? ਕੌਣ ਹੈ ਜਿਸਦਾ ਕੋਈ ਨਹੀਂ ਮਰਦਾ ਤੇ ਵਿਛੋੜੇ ਦੇ ਦੁਖ ਵਿਚ ਉਹ ਨਹੀਂ ਆਉਂਦਾ? ਕੌਣ ਹੈ ਜਿਸ ਨੂੰ ਅਚਾਨਕ ਸੰਸਾਰ ਦੀਆਂ ਮੁਸਕਲਾਂ ਨਹੀਂ ਪੈਂਦੀਆਂ? ਕੌਣ ਹੈ ਜੋ ਅਣਕੀਤੇ ਕਰਮਾਂ ਲਈ ਬਦਨਾਮੀਆਂ ਤੇ ਕਠਨਾਈਆਂ ਵਿਚ ਨਹੀਂ ਆਉਂਦਾ? ਫਿਰ ਕੌਣ ਹੈ ਜੋ ਸਾਰਾ ਦਿਨ ਅਯਾਲਦਾਰੀ ਵਿਚ ਨਿੱਕੇ ਨਿੱਕੇ ਰੁਸੇਵੇਂ ਮਨੇਵੇਂ ਉਦਾਸੀਆਂ ਤੇ ਵਧੀਕੀਆਂ ਦੇ ਮੂੰਹ ਨਹੀਂ ਆਉਂਦਾ? ਇਨ੍ਹਾਂ ਆਪੇ ਆ ਪੈਣ ਵਾਲੇ ਦੁਖਾਂ ਦੀ ਭਰਮਾਰ ਕਾਫੀ ਹੈ। ਜੇ ਮਨ ਨੂੰ ਦੁਖ ਨਾਲ ਹੀ ਸੋਧਣਾ ਹੈ ਤਾਂ ਬੰਦੇ ਨੂੰ ਹਰ ਰੋਜ਼ ਸੋਧਣ ਦਾ ਸਮਾਂ ਮਿਲਦਾ ਹੈ। ਆਪੇ ਆ ਪਏ ਦੁਖਾਂ ਨੂੰ ਦਾਰੂ ਬਣਾ ਲਵੇ, ਤੇ ਵਿਚਾਰ ਤੋਂ ਕੰਮ ਲੈ ਕੇ ਮਨ ਨੂੰ ਵਾਹਿਗੁਰੂ ਦੇ ਨੇੜੇ ਕਰਦਾ ਜਾਏ। ਦੁਖ ਨਾਲ ਹੀ ਜੋ ਅਰਦਾਸ ਵਿਚ ਜੁੜਦਾ ਹੈ ਮਨ ਤਾਂ ਆਪੇ ਆ ਪਏ ਦੁਖਾਂ ਸਮੇਂ ਅਰਦਾਸ ਵਿਚ ਜੁੜੇ ਤੇ ਫੇਰ ਸੁਖ ਵੇਲੇ ਵੀ ਜੁੜੇ ਰਹਿਣ ਦਾ ਸੁਭਾਵ ਬਣਾਵੇ। ਸਤਿਕਾਰਯੋਗ ਸਾਧਕ ਜੀਓ! ਗੁਰੂ ਨਾਨਕ ਦੇਵ ਜੀ ਨੇ ਇਸੇ ਕਰਕੇ ਫੁਰਮਾਇਆ ਹੈ ਕਿ ਜੋ ਦੁਖ ਦੀ ਖਾਤਰ ਸਰੀਰ ਨੂੰ ਦੁਖ ਦੇਣੇ ਹਨ ਉਹ ਆਪਣੇ ਆਪ ਲਈ ਆਪੇ ਸਜ਼ਾ ਰੂਪ ਹੋ ਜਾਂਦੇ ਹਨ। ਮਸਲਨ ਜੇ ਰੋਟੀ ਨਾ ਖਾਧੀ, ਤਾਂ ਸਰੀਰ ਨੂੰ ਫਾਕੇ ਦੀ ਸਜ਼ਾ ਮਿਲੀ। ਜੇ ਕਪੜੇ ਨਾ ਪਹਿਨੇ ਤੇ ਗਰਮੀ ਸਰਦੀ ਸਹਾਰੀ ਤਾਂ ਸਰੀਰ ਦਾ ਦੁਖ ਮਨ ਨੇ ਝੱਲਿਆ। ਜੇ ਪੈਰੋਂ ਨੰਗਾ ਫਿਰਿਆ ਤਾਂ ਪੈਰਾਂ ਦੇ ਠਰਨ, ਤਪਣ, ਕੰਡੇ ਚੁੱਭਣ, ਠੇਡੇ ਖਾਣ ਆਦਿ ਦੀਆਂ ਸਜ਼ਾਵਾਂ ਭੁਗਤੀਆਂ, ਸੋ ਇਸ ਤਰ੍ਹਾਂ ਦੇ ਸਾਰੇ ਕਸ਼ਟ ਸਹਾਰੇ ਉਹ ਜੀਵਨ ਨੇ ਆਪੇ ਕੀਤੇ ਦੇ ਮਾਨੋਂ ਆਪੇ ਦੰਡ ਭੁਗਤੇ।

ਡਯੂਸੋਜ਼ਾ – ਪਰ ਕੀਹ ਇਹ ਕੁਛ ਸਰੀਰ ਯਾ ਮਨ ਦੇ ਦੁਖਾਂ ਬਿਨਾਂ ਬੀ ਹੋ ਸਕਦਾ ਹੈ?

ਸੰਤ – ਇਸ ਪ੍ਰਕਾਰ ਦੇ ਕਸ਼ਟ ਨਵੇਂ ਕਿਉਂ ਸਹੇੜੇ, ਜੋ ਕੁਦਰਤੀ ਆ ਪੈਣ ਉਹ ਕਾਫੀ ਉਸ ਮਨੁੱਖ ਦੇ ਸਾਧਨਾਂ ਲਈ ਜਿਸਨੇ ਰੱਬ ਜੀ ਦੇ ਪਿਆਰ ਵਿਚ ਆਪਣੇ ਆਪ ਨੂੰ ਉੱਚਾ ਕਰਨਾ ਹੈ। ਹਰ ਘਰ ਵਿਚ ਹਰ ਰੋਜ਼ ਸਾਧਕ ਲਈ ਸਾਧਨ ਦਾ ਸਮਾਂ ਹੈ। ਘਰ ਦੇ ਬੰਦੇ ਸਾਰੇ ਨਿਆਂ ਤੇ ਥੋੜ੍ਹਾ ਤੁਰਦੇ ਹਨ, ਪਿਆਰ ਵਿਚ ਥੋੜ੍ਹਾ ਵਰਤਦੇ ਹਨ। ਗੱਲ ਗੱਲ ਤੇ ਰੁੱਸਣਾ, ਕਉੜਾ ਬੋਲ ਪੈਣਾ, ਆਪੋ ਵਿਚ ਦੂਬਦੂ ਹੋ ਜਾਣਾ, ਹਰੇਕ ਦੀ ਖਿੱਚ ਜੁ ਖੁਦੀ ਵੱਲ ਹੁੰਦੀ ਹੈ, ਇਸ ਤਰ੍ਹਾਂ ਦੇ ਕਿੰਨੇ ਕੁ ਨਿੱਕੇ ਨਿੱਕੇ ਮਾਮਲੇ ਹਨ ਜੋ ਹਰ ਘਰ ਵਾਪਰਦੇ ਹਨ। ਸੋ ਸਾਧਨਾ ਵਾਲਾ ਬੰਦਾ ਰੱਬ ਜੀ

ਦੇ ਪਿਆਰ ਵਿਚ ਜੀਉਂਦਾ ਸਭ ਦੀ ਸਹਾਰਦਾ ਹੈ ਤੇ ਸਭ ਨੂੰ ਭਲੇ ਦਾ ਰੁਖ ਦਿੰਦਾ ਹੈ। ਆਪ ਦੁਖੀ ਨਹੀਂ ਹੁੰਦਾ, ਦੁਖੀਆਂ ਨੂੰ ਸੁਖ ਦੇ ਰਸਤੇ ਪਾਉਂਦਾ ਹੈ। ਇਸ ਤਰ੍ਹਾਂ ਉਹਦਾ ਜੇਰਾ ਤੇ ਉਸਦੀ ਸਹਿਨ ਸ਼ੀਲਤਾ ਤੇ ਰੱਬ ਦੇ ਬੰਦਿਆਂ ਨਾਲ ਨੇਕੀ ਕਰਨ ਤੇ ਪਿਆਰਨ ਦਾ ਚਾਉ ਉਸਦਾ ਸੁਭ ਸੁਭਾਉ ਬਣਦਾ ਜਾਂਦਾ ਹੈ। ਹਾਂ ਤਪ ਹਠ ਕਰਨਾ ਹੈ, ਦ੍ਰਿੜ੍ਹਤਾ ਨਾਲ ਨਾਮ ਅਭਿਆਸ।

ਡਯੂਸੋਜ਼ਾ - ਹਾਂ ਸੱਚੀਂ ਸੰਤ ਜੀ! ਇਹ ਹੋਰ ਬੀ ਹੈ ਤਨ ਤੇ ਕਸ਼ਟ ਲੈਣ ਦਾ ਕਾਰਣ, ਸਾਡੇ ਵਿਚ ਪ੍ਰੇਮ ਭਾਵਨਾ ਵਿਚ ਆ ਕੇ ਵੀ ਤਨ ਤੇ ਕਸ਼ਟ ਸਹਾਰਦੇ ਹਨ। ਉਹ ਇੰਜ ਕਿ ਸਾਡੇ ਅਵਤਾਰ ਸ੍ਰੀ ਈਸਾ ਜੀ ਨੂੰ ਨਿਰਅਪਰਾਧ ਹੀ ਸੂਲੀ ਦੇ ਦਿਤਾ ਗਿਆ ਸੀ। ਸਾਡਾ ਉਨ੍ਹਾਂ ਨਾਲ ਪਿਆਰ ਹੈ। ਸਾਡੇ ਕਈ ਸਾਧੂ ਇਸ ਲਈ ਸਰੀਰ ਨੂੰ ਕਸ਼ਟ ਵਿਚ ਰਖਦੇ ਰਹੇ ਹਨ ਕਿ ਉਹ ਜੋ ਸਾਡੇ ਪ੍ਰੀਤਮ ਹਨ, ਉਹ ਭਿਆਨਕ ਕਸ਼ਟ ਵਿਚ ਆਏ, ਅਸੀਂ ਕਿਉਂ ਸੁਖ ਵਿਚ ਰਹੀਏ। ਸੋ ਇਸ ਤਨ ਨੂੰ ਕਸ਼ਟ ਵਿਚ ਰੱਖਣਾ ਸਾਡੇ ਲਈ ਉਚਿਤ ਹੈ ਉਸ ਪਿਆਰ ਦੇ ਭਾਵ ਵਿਚ ਜੋ ਸਾਡਾ ਉਨ੍ਹਾਂ ਨਾਲ ਹੈ। ਕੀ ਇਸ ਤਰ੍ਹਾਂ ਤਨ ਨੂੰ ਦੁਖ ਦੇਈ ਰੱਖਣਾ ਵੀ ਮਾੜਾ ਹੈ ਆਪ ਦੇ ਖਿਆਲ ਵਿਚ?

ਸੰਤ ਜੀ - ਪਿਆਰ ਤਾਂ ਮਾੜੀ ਸ਼ੈ ਨਹੀਂ, ਤੇ ਰੱਬ ਜੀ ਦਾ ਪਿਆਰ ਤਾਂ ਹੋਇਆ ਹੀ ਪਰਮ ਉਚੀ ਵਸਤੂ। ਪਿਆਰ ਦੇ ਭਾਵ ਵਿਚ ਆ ਕੇ ਆਪਨੂੰ ਸੁਖੀ ਨਾ ਰੱਕਣਾ ਤੇ ਪਿਆਰੇ ਲਈ ਕਸ਼ਟ ਝੱਲਣਾ ਬੜੀ ਭਾਰੀ ਕੁਰਬਾਨੀ ਹੈ। ਸਾਡੇ ਦੇਸ਼ ਵਿਚ ਬੀ ਇਕ ਬਜ਼ੁਰਗ ਹੋਏ ਹਨ ਜੋ ਨੇਤ੍ਰਹੀਨ ਸਨ। ਜਦ ਉਨ੍ਹਾਂ ਦਾ ਵਿਵਾਹ ਹੋਇਆ ਤਾਂ ਉਨ੍ਹਾਂ ਦੀ ਇਸਤ੍ਰੀ ਨੇ ਨੈਣਾਂ ਤੇ ਪੱਟੀ ਬੰਨ੍ਹ ਲਈ ਕਿ ਜਿਸ ਸੁਖ ਨੂੰ ਮੇਰੇ ਪ੍ਰੀਤਮ ਜੀ ਨਹੀਂ ਮਾਣ ਰਹੇ, ਮੈਂ ਉਸ ਸੁਖ ਨੂੰ ਕਿਉਂ ਮਾਣਾ। ਇਹ ਬੜੀ ਭਾਰੀ ਕੁਰਬਾਨੀ ਸੀ ਜੋ ਉਹ ਬੀਬੀ ਆਪਣੇ ਆਦਰਸ਼ ਤੋਂ ਆਪਾਵਾਰ ਪ੍ਰੇਮ ਦੀ ਜਗਵੇਦੀ ਤੇ ਭੇਟਾ ਕਰ ਸਕੀ।

ਡਯੂਸੋਜ਼ਾ - ਸਾਡੇ ਵਿਚ ਕਈ ਸੰਤ ਹੋਏ ਹਨ, ਜੋ ਆਪਣੇ ਸਰੀਰ ਨੂੰ ਬਹੁਤ ਦੁਖ ਦਿੰਦੇ ਹੁੰਦੇ ਸਨ। ਕਈਆਂ ਦੇ ਗੱਲ ਇਕ ਅੰਦਰ ਵਾਰ ਕੁੜਤੀ ਹੁੰਦੀ ਸੀ ਜਿਸ ਵਿਚ ਨਿੱਕੇ ਨਿੱਕੇ ਕਿੱਲ ਲੱਗੇ ਹੁੰਦੇ ਸੇ ਜੋ ਸਰੀਰ ਨੂੰ ਚੁਭਦੇ ਰਹਿੰਦੇ ਪੀੜਾ ਕਰਦੇ ਤੇ ਨਿੱਕੇ ਨਿੱਕੇ ਫੱਟ ਲਾਉਂਦੇ ਰਹਿੰਦੇ ਸੇ। ਇਸ ਤਰ੍ਹਾਂ ਕਈ ਹੋਰ 'ਆਪਾ ਕੋਹੂ' ਸਾਧਨ ਅਨੇਕਾਂ ਸਾਧੂ ਕਰਦੇ ਰਹੇ ਹਨ। ਇਕ ਵੇਰੀ ਪੰਜ ਹਜ਼ਾਰ ਸੰਤ ਇਕੱਠੇ ਹੋਏ। ਸਾਡੇ ਇਕ ਕਰਾਮਾਤੀ ਸੰਤ, ਜੋ ਅਤਿ ਦਰਜੇ ਦੇ ਉਚੇ ਸਨ, ਉਨ੍ਹਾਂ ਨੇ ਪੰਜ ਸੌ ਸਾਧੂਆਂ ਦੇ ਕਪੜਿਆਂ ਅੰਦਰੋਂ ਕਿੱਲਾਂ ਵਾਲੀਆਂ ਕੁੜਤੀਆਂ ਉਤਰਵਾਈਆਂ, ਜਿਨ੍ਹਾਂ ਨਾਲ ਸਾਰਿਆਂ ਦੇ ਤਨ ਜ਼ਖਮੀ ਸਨ ਤੇ ਇਹ ਤੁਹਾਨੂੰ ਮੈਂ ਦੱਸਦਾ ਹਾਂ ਕਿ ਉਹ ਸਾਰੇ ਕਪਟੀ ਯਾ ਭੇਖੀ ਨਹੀਂ ਸਨ, ਸਾਰੇ ਇਸ ਪਿਆਰ ਵਿਚ ਸਨ ਕਿ ਸਾਡਾ ਨਿਕਾਰਾ ਤਨ ਕਿਉਂ ਸੁਖੀ ਰਹੇ ਜਦ ਸਾਡੇ ਪ੍ਰੀਤਮ ਦੇ ਤਨ ਵਿਚ ਕਿੱਲ ਚੋਭੇ ਗਏ ਤੇ ਕਸ਼ਟ ਦਿਤੇ ਗਏ।

ਸੰਤ - ਸਤਿਕਾਰਯੋਗ ਜੀਓ! ਇਨਸਾਨ ਜਿਸ ਪਹਿਲੂ ਪਵੇ ਉਸਦੇ ਅੰਤ ਵਲ ਰੁਖ ਕਰ ਜਾਂਦਾ ਹੈ। ਆਪਾ ਸੰਵਾਰਨਾ ਇਹ ਤਾਂ ਹੈ ਸਾਧੂ ਦਾ ਪ੍ਰਯੋਜਨ, ਪਰ ਆਪਾ ਸੰਵਾਰਨਾ ਹੈ ਕਠਨ ਕੰਮ। ਆਪਾ ਸੰਵਾਰਨ ਲਈ ਸਾਧਨ ਦੀ ਲੋੜ ਹੈ, ਇਹ ਹੈ ਦਾਰੂ। ਸਾਧਨ ਕਰਨ ਵਿਚ ਆਪੇ ਤੇ ਸਖਤੀ ਕਰਨੀ ਪੈਂਦੀ ਹੈ, ਇਹ ਹੈ ਜ਼ਰੂਰੀ, ਪਰ ਇਹ ਹੈ ਮੂਲ, ਆਪਾ ਕੋਹੂ ਉਪਰਾਲਿਆਂ ਦਾ ਜੋ ਸਾਧੂ ਧਾਰ ਲੈਂਦੇ ਹਨ। ਸਾਡੇ ਦੇਸ਼ ਵਿਚ ਸੀਖਾਂ ਤੇ ਸਉਣਾ, ਪਰ ਧੂਣੀਆਂ ਵਿਚ ਬੈਠਣਾ, ਹੱਥ ਪੈਰ ਸੁਕਾ ਲੈਣੇ, ਅਨੇਕ ਕਸ਼ਟ ਹਨ ਜੋ ਇਸ ਦੇਹੀ ਨੂੰ ਦੇ ਕੇ ਮਨ ਨੂੰ ਕਾਬੂ ਕਰਨ ਲਈ ਕੀਤੇ ਜਾਂਦੇ ਰਹੇ ਹਨ ਤੇ ਕੀਤੇ ਜਾਂਦੇ ਹਨ, ਪਰ ਸੋਚ ਕੇ ਦੇਖੋ ਕਿ ਜੇ ਸਰੀਰ ਅਰੋਗ ਰਹੇਗਾ ਤਾਂ ਹੀ ਸਾਧਨ ਕਰ ਸਕੇਗਾ। ਸਾਧਨ ਸੁਫਲ ਹੀ ਅਰੋਗ ਸਰੀਰ ਦੇ ਹਨ। ਜੇ ਸਰੀਰ ਰੋਗੀ ਕਰ ਲਿਆ ਤਾਂ ਸਾਧਨ ਕੌਣ ਕਰੇਗਾ?

ਫੇਰ ਵੀਚਾਰ ਗੋਚਰੀ ਗੱਲ ਹੈ ਕਿ ਦੇਹ ਤਾਂ ਕਰ ਲਈ, ਰੋਗੀ ਦੇਹ ਵਿਚ ਵਸਦਾ ਮਨ ਕੀਕੂੰ ਅਰੋਗ ਤੇ ਤੰਦਰੁਸਤ ਰਹੇਗਾ? ਰੋਗੀ ਮਨ ਤਾਂ ਭੁਲੇਵੇਂ ਤੇ ਵਹਿਮਾਂ ਵਿਚ ਚਲਾ ਜਾਂਦਾ ਹੈ। ਤਦੇ ਸਾਡੇ ਪਵਿੱਤਰ ਧਰਮ ਪੁਸਤਕ ਵਿਚ ਲਿਖਿਆ ਹੈ, ਜੋ ਜੋ ਦੀਸੈ ਸੋ ਸੋ ਰੋਗੀ॥ ਰੋਗ ਰਹਿਤ ਮੇਰਾ ਸਤਿਗੁਰ ਜੋਗੀ। ਜਿਵੇਂ ਤੁਸਾਂ ਜੀ ਦੇ ਬਜ਼ੁਰਗ ਬੇ ਗੁਨਾਹ ਸੂਲੀ ਦਿਤੇ ਗਏ ਤਿਵੇਂ ਸਾਡੇ ਇਕ ਸਤਿਗੁਰੂ ਜੀ ਬੇਗੁਨਾਹ ਹੀ ਦਿਲੀ ਵਿਚ ਤਲਵਾਰ ਨਾਲ ਸ਼ਹੀਦ ਕੀਤੇ ਗਏ ਤੇ ਇਕ ਸਾਡੇ ਗੁਰੂ ਜੀ ਲਾਹੌਰ ਵਿਚ ਤੱਤੀਆਂ ਤਵੀਆਂ ਤੇ ਗਰਮ ਪਾਣੀਆਂ ਵਿਚ ਬਿਠਾ ਬਿਠਾ ਤੇ ਗਰਮ ਰੇਤੇ ਪਾ ਪਾ ਕੇ ਸ਼ਹੀਦ ਕੀਤੇ ਗਏ। ਪਰ ਹੁਣ ਤਾਂ ਓਹ ਨਹੀਂ ਨਾਂ ਤੱਤੀਆਂ ਤਵੀਆਂ ਤੇ ਬੈਠੇ ਹੋਏ, ਤੇ ਸਰੀਰ ਉਤੇ ਸੜਦੇ ਰੇਤੇ ਪੁਆ ਰਹੇ। ਪਰ ਹੁਣ ਤਾਂ ਉਹ ਅਨੰਦ ਸਰੂਪ ਹਨ। ਅਸੀਂ ਉਨ੍ਹਾਂ ਦੇ ਉਸ ਦੁੱਖ ਨੂੰ ਯਾਦ ਕਰਕੇ ਉਨ੍ਹਾਂ ਦੇ ਉਪਕਾਰ ਮੰਨੀਏ ਤੇ ਉਪਦੇਸ਼ਾਂ ਤੇ ਤੁਰੀਏ, ਨਾ ਕਿ ਆਪਣੇ ਤੇ ਗਰਮ ਰੇਤੇ ਪੁਆ ਕੇ ਬੀਮਾਰ ਹੋ ਜਾਈਏ। ਫੇਰ ਉਨ੍ਹਾਂ ਦੀ ਦੱਸੀ ਘਾਲ ਕਮਾਈ ਬੰਦਗੀ ਵੀ ਕੌਣ ਕਰੇਗਾ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਉਪਦੇਸ਼ ਕਮਾਈਏ, ਹੱਠ ਧਾਰ ਕੇ ਸ਼ਬਦ ਦੀ ਕਮਾਈ ਕਰੀਏ, ਆਪੇ

ਨੂੰ ਸੰਵਾਰੀਏ, ਤਤਿਖਆ ਇਹ ਕਰੀਏ ਕਿ ਆਪੇ ਨੂੰ ਮੰਦੇ ਕਰਮਾਂ ਤੋਂ ਰੋਕੀਏ। ਦੁਖ ਇਹ ਸਹਾਰੀਏ ਕਿ ਆਪ ਸੁਖੀ ਹੋ ਕੇ ਦੁਖੀ ਜਗਤ ਨੂੰ ਸੁਖੀ ਕਰੀਏ। ਇਸ ਸੇਵਾ ਵਿਚ ਜੋ ਦੁਖ ਆਉਣ ਸੋ ਝੱਲੀਏ। ਭਜਨ ਬੰਦਗੀ ਹੱਠ ਧਾਰ ਕੇ ਕਰੀਏ, ਰੋਕਾਂ ਪੈਣ ਤਾਂ ਹੱਠ ਰੱਖੀਏ। ਬੰਦਗੀ ਦ੍ਰਿੜ੍ਹਤਾ ਨਾਲ ਕਰੀਏ, ਜੋ ਪਹਿਲਾਂ ਤਪ ਰੂਪ ਹੋਵੇਗੀ ਫੇਰ ਰਸ ਰੂਪ। ਇਸੇ ਤਰ੍ਹਾਂ ਭਾਣੇ ਦੀ ਬਿਖਮਤਾ ਝੱਲੀਏ। ਇਹ ਬੀ ਤਪ ਹੈ।

ਇਹ ਨਾ ਸਮਝਣਾ ਕਿ ਮੈਂ ਆਪ ਦੇ ਮਤ ਦੇ ਸੰਤਾਂ ਦੀ ਨੁਕਤਾਚੀਨੀ ਕਰ ਰਿਹਾ ਹਾਂ। ਉਹ ਹੁਣ ਹੈਨ ਨਹੀਂ ਤੇ ਉਨ੍ਹਾਂ ਦੇ ਮਨ ਕੀਹ ਸੀ ਉਸ ਦਾ ਪਤਾ ਨਹੀਂ ਤੇ ਹਰ ਸੱਚੇ ਸਾਧਕ ਦੀ ਸਰਧਾ ਤੱਕਣੀ ਹੈ ਤੇ ਨਿੰਦਾ ਵਿਚ ਨਹੀਂ ਪੈਣਾ। ਪਰ ਜੇ ਅਸੀਂ ਉਨ੍ਹਾਂ ਦੇ ਹਾਲ ਪੜ੍ਹ ਸੁਣ ਕੇ ਰੀਸ ਕਰਨੀ ਚਾਹੀਏ ਤਾਂ ਰੱਬ ਜੀ ਦੀ ਦਿਤੀ ਅਕਲ ਦੀ ਵਰਤੋਂ ਤੇ ਬਜ਼ੁਰਗਾਂ ਦੇ ਉਪਦੇਸ਼ਾਂ ਨੂੰ ਸਮਝ ਕੇ ਤੁਰਨ ਦੀ ਦਾਨਾਈ ਕਰੀਏ। ਤੁਸਾਂ ਹੀ ਦੱਸਿਆ ਹੈ ਕਿ ਤੁਹਾਡੇ ਹੀ ਮਤ ਦੇ ਕਿਸੇ ਬਜ਼ੁਰਗ ਨੇ ਕਿੱਲਾਂ ਵਾਲੀਆਂ ਕੁੜਤੀਆਂ ਸਾਧੂਆਂ ਦੀਆਂ ਲੁਹਾ ਦਿਤੀਆਂ ਸਨ। ਗੋਯਾ ਉਨ੍ਹਾਂ ਨੇ ਬੀ ਇਸ ਕਠਨ ਤਤਿਖਕਿਯਾ ਨੂੰ ਪਸੰਦ ਨਹੀਂ ਸੀ ਕੀਤਾ। ਇਸੇ ਤਰ੍ਹਾਂ ਜੇ ਸਾਨੂੰ ਮਤਿ ਸਾਡੇ ਸਤਿਗੁਰੂ ਨੇ ਦਿਤੀ ਹੈ ਕਿ ਸਰੀਰ ਨੂੰ ਅਰੋਗ ਰੱਖੋ, ਤਾਂ ਜੋ ਮਨ ਅਰੋਗ ਰਹੇ।

ਡਯੂਸੋਜ਼ਾ - ਪਰ ਜੇ ਤਨ ਮਨ ਅਰੋਗ ਰਹਿਣਗੇ ਤਾਂ ਬਦੀਆਂ ਵਲ ਜਾਣਗੇ, ਠੱਲ੍ਹਣੇ ਤੇ ਕਾਬੂ ਕਰਨੇ ਮੁਸ਼ਕਲ ਹੋ ਜਾਣਗੇ।

ਸੰਤ - ਇਹ ਠੀਕ ਹੈ। ਪਰ ਅਰੋਗ ਸਰੀਰ ਤੇ ਮਨ ਜੋ ਬਦੀ ਵਲ ਜਾਂਦਾ ਹੈ ਉਸਦਾ ਮੂਲ ਕਾਰਣ ਕੀਹ ਹੈ ਵੀਚਾਰ ਕਰ ਲਈਏ। ਮੇਰੀ ਜਾਚੇ ਮੂਲ ਕਾਰਣ ਹੈ ਵਾਸ਼ਨਾ ਜੋ ਬਦੀ ਵਲ ਲਿਜਾਂਦੀ ਹੈ, ਬਦੀ ਤੋਂ ਫੇਰ ਦੁਖ ਉਪਜਦੇ ਹਨ। ਸੋ ਵਾਸ਼ਨਾ ਨੂੰ ਰੋਕੀਏ। ਵਾਸ਼ਨਾ ਨੂੰ ਰੋਕਣਾ ਕਠਨ ਹੈ। ਇਸਦੇ ਰੋਕਣ ਦਾ ਜ਼ੋਰ ਲਾਉਣਾ ਇਹ ਹੈ ਤਪ ਹਠ ਜੋ ਵਿਹਤ ਤਪ ਹੈ ਤੇ ਜੋ ਬਦੀ ਨੂੰ ਨੱਪਣ ਦਾ ਅਸਲ ਇਲਾਜ ਹੈ। ਵਾਸ਼ਨਾ ਮਨ ਵਿਚੋਂ ਉਪਜਦੀਆਂ ਤੇ ਸਰੀਰ ਨੂੰ ਪਰੇਰ ਕੇ ਮਾੜੇ ਕੰਮਾਂ ਵਲ ਲੈ ਟੁਰਦੀਆਂ ਹਨ। ਵਾਸ਼ਨਾ ਹੀ ਪਰਮੇਸ਼ਰ ਨੂੰ ਭੁਲਾਉਂਦੀਆਂ ਹਨ। ਸੋ ਵਾਸ਼ਨਾ ਤੇ ਕਾਬੂ ਪਾ ਲਈਏ, ਮਨ ਕਾਬੂ ਹੋ ਗਿਆ। ਮਨ ਕਾਬੂ ਹੋ ਗਿਆ ਤਾਂ ਸਰੀਰ ਆਪੇ ਮਾੜੇ ਕਰਮਾਂ ਵਿਚ ਨਹੀਂ ਜਾਏਗਾ। ਸਾਡੇ ਸਤਿਗੁਰਾਂ ਨੇ ਫੁਰਮਾਇਆ ਹੈ ਵਰਮੀ ਮਾਰਿਆਂ ਸੱਪ ਨਹੀਂ ਮਰਦਾ, ਪਰ ਸੱਪ ਮਾਰਿਆਂ ਵਰਮੀ ਮਾਰਨ ਦੀ ਲੋੜ ਨਹੀਂ ਰਹਿੰਦੀ। ਸੱਪ ਹੈਨ ਵਾਸ਼ਨਾ, ਤ੍ਰਿਸ਼ਨਾ, ਜੋ ਸਰੀਰ ਰੂਪੀ ਵਰਮੀ ਦੇ ਅੰਦਰ ਮਨ ਵਿਚ ਵਸਦੀਆਂ ਹਨ। ਸੋ ਸਿੱਧਾ ਸੱਪ ਨੂੰ ਹੀ ਕਿਉਂ ਨਾ ਮਾਰੀਏ।

ਡਯੋਸੋਜ਼ਾ - ਉਹ ਕਿਵੇਂ?

ਸੰਤ - ਪਹਿਲਾ ਕਦਮ ਹੈ ਵੀਚਾਰ। ਮਾੜੇ ਕਰਮਾਂ ਦੇ ਫਲ ਨੂੰ ਵੀਚਾਰ ਕੇ ਮਨ ਨੂੰ ਉਸ ਪਾਸਿਓਂ ਜਾਣ ਤੋਂ ਰੋਕੀਏ, ਇਸ ਗੱਲ ਵਾਸਤੇ ਅਸੀਂ ਤਾਂ ਗੁਰੂ ਕੀ ਬਾਣੀ ਰੋਜ਼ ਪੜ੍ਹਦੇ ਹਾਂ ਤ੍ਰੈ ਵੇਲੇ ਤਾਂ ਜ਼ਰੂਰ, ਸਵੇਰੇ ਸੰਝਾਂ ਤੇ ਰਾਤ ਨੂੰ ਤੇ ਵਧੀਕ ਜਿਤਨੀ ਕੋਈ ਪੜ੍ਹ ਸਕੇ। ਇਸ ਪਾਠ ਵੀਚਾਰ ਨਾਲ ਸਾਨੂੰ ਉਚੇ ਖਿਆਲ ਮਿਲਦੇ ਹਨ। ਤੁਸੀਂ ਜਾਣਦੇ ਹੋ ਕਿ ਖਿਆਲ ਦੀ ਤਾਕਤ ਕਿਤਨੀ ਹੈ। ਸੋ ਇਸ ਤਰ੍ਹਾਂ ਪਾਠ ਨਾਲ ਬਾਣੀ ਤੋਂ ਸਾਨੂੰ ਉਪਦੇਸ਼ ਰੂਪ ਹੋ ਕੇ ਜੋ ਖਿਆਲ ਪ੍ਰਾਪਤ ਹੁੰਦੇ ਹਨ ਉਹ ਮਨ ਤੇ ਸਿੱਧਾ ਅਸਰ ਕਰਦੇ ਹਨ। ਬਾਣੀ ਦਾ ਪਾਠ ਸਮਝ ਦੇਣ ਤੋਂ ਛੁਟ ਮਨ ਨੂੰ ਏਕਾਗਰਤਾ ਵਲ ਬੀ ਲੈ ਆਉਂਦਾ ਹੈ। ਫਿਰ ਚਾਹੀਦਾ ਹੈ ਕਿ ਅੰਮ੍ਰਿਤ ਵੇਲੇ ਉੱਠ ਕੇ ਰੱਬ ਜੀ ਦੇ ਚਿੰਤਨ ਵਿਚ ਜੀਵ ਕੁਛ ਚਿਰ ਬੈਠੇ। ਮਨ ਨੂੰ ਹੋਰ ਸੰਕਲਪਾਂ ਤੋਂ ਹੋੜੇ, ਇਕ ਪਰਮੇਸ਼ਰ ਦਾ ਖਿਆਲ ਕਾਇਮ ਕਰੇ, ਦਿਹਾੜੀ ਕੰਮ ਕਾਜ ਕਰੇ। ਜਦ ਵਿਚੋਂ ਵਿਚੋਂ ਵਿਹਲ ਮਿਲੇ, ਰੱਬ ਜੀ ਦਾ ਚਿੰਤਨ ਕਰਦਾ ਰਹੇ। ਇਸ ਤਰ੍ਹਾਂ ਮਨ ਦੀਆਂ ਵਾਸ਼ਨਾ ਨੂੰ ਸਿੱਧਾ ਬੰਨ੍ਹ ਪੈਣ ਦਾ ਸਹਿਜੇ ਪ੍ਰਬੰਧ ਹੁੰਦਾ ਰਹੇਗਾ। ਸਨੇ ਸਨੇ ਮਨ ਤੇ ਕਾਬੂ ਹੋ ਜਾਵੇਗਾ।

ਡਯੂਸੋਜ਼ਾ - ਪਰ ਕੀ ਸਰੀਰ ਨੂੰ ਖੁੱਲ੍ਹਾ ਛੱਡ ਦਿਤਾ ਜਾਏ?

ਸੰਤ - ਖੁੱਲ੍ਹਾ ਨਹੀਂ ਛੱਡਣਾ, ਪਰ ਸਰੀਰ ਨੂੰ ਕੋਹਣਾ ਵੀ ਨਹੀਂ, ਸਰੀਰ ਨੂੰ ਦਬਾਉਣਾ ਬੀ ਨਹੀਂ, ਨਾ ਹੀ ਸਰੀਰ ਨੂੰ ਰਸਾਂ ਕਸਾਂ ਵਿਚ ਖੁੱਲ੍ਹਾ ਛੱਡ ਕੇ ਸ਼ੁਦਾਈ ਕਰਨਾ ਹੈ, ਪਰ ਇਸ ਨੂੰ ਸੰਜਮ ਵਿਚ ਰੱਖਣਾ ਹੈ। ਜਿਹਾ ਕੁ ਖਾਣਾ ਹੈ, ਐਸਾ ਖਾਣਾ ਖਾਏ ਜੋ ਸੁਥਰਾ ਹੋਵੇ ਕਿ ਸਰੀਰ ਅਰੋਗ ਰਹੇ। ਫਿਰ ਇਤਨਾ ਨਾ ਖਾਏ ਕਿ ਆਲਸ ਪਵੇ ਤੇ ਵਿਕਾਰ ਉਪਜਣ। ਇਤਨਾ ਘੱਟ ਨਾ ਖਾਏ ਕਿ ਸਰੀਰ ਨਿਤਾਣਾ ਹੋ ਜਾਏ। ਇਸ ਤਰ੍ਹਾਂ ਇਤਨਾ ਨਾ ਸਵੇਂ ਕਿ ਦਲਿੱਦਰ ਹੀ ਪੈ ਜਾਏ, ਪਰ ਇਤਨਾ ਘੱਟ ਬੀ ਨਾ ਸਵੇਂ ਕਿ ਸਾਰਾ ਦਿਨ ਅੰਗ ਹੀ ਭੱਜਦੇ ਰਹਿਣ। ਇਸ ਤਰ੍ਹਾਂ ਸਰੀਰ ਦੀਆਂ ਸਾਰੀਆਂ ਲੋੜਾਂ ਤੇ ਭੁੱਖਾਂ ਨੂੰ ਸੰਜਮ ਵਿਚ ਕਰ ਲਵੇ। ਮਨ ਤੇ ਸਰੀਰ ਨੂੰ ਨਾ ਸੰਢੇ ਵਾਂਗੂੰ ਪਾਲਣਾ ਹੈ ਨਾ ਦਿੱਕ ਤਪੀਏ ਵਾਂਗੂੰ ਗਾਲਣਾ ਹੈ, ਹਾਂ ਮਨ ਤੇ ਸਰੀਰ ਨੂੰ ਸੁਸਿਖਯਤ ਕਰਨਾ ਹੈ। ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਨੂੰ ਸਿੱਖ ਆਖਦੇ ਹਨ ਜੋ ਮਨ ਨੂੰ ਸੁਸਿਖਅਤ

ਕਰਦੇ ਹਨ। ਜਿਵੇਂ ਤੁਸੀਂ ਅੰਗ੍ਰੇਜ਼ੀ ਭਾਸ਼ਾ ਵਿਚ ਕਹੋਗੇ ਕਿ ਸੈਲਫ ਡਿਸਿਪਲਿਨ ਸਿੱਖਣੀ ਹੈ।

ਡਯੂਸੋਜ਼ਾ - ਪਰ ਕੀ ਆਪਣੀ ਤਾਕਤ ਇਤਨੀ ਹੋ ਆਉਂਦੀ ਹੈ ਕਿ ਆਪੇ ਨੂੰ ਆਪ ਸੈਲਫ ਡਿਸਿਪਲਿਨ ਵਿਚ, ਤੁਸਾਂ ਕੀ ਕਿਹਾ ਸੀ, ਸੁਸਖਿਅਤਾ ਵਿਚ ਲੈ ਆਵੇ.

ਸੰਤ - ਸੁਸਿਖਯਤ ਹੋਣ ਲਈ ਆਪਣਾ ਤਾਣ ਲਾਵੇ, ਮਨ ਦੀ ਇੱਛਾ ਸ਼ਕਤੀ ਨਾਲ ਮਨ ਨੂੰ ਬੰਨ੍ਹੇ, ਬਾਣੀ ਦੀ ਵੀਚਾਰ ਨਾਲ ਮਨ ਨੂੰ ਉਚਾ ਕਰੇ, ਨਾਮ ਦੇ ਅਭਿਆਸ ਨਾਲ ਮਨ ਨੂੰ ਸੁੱਚਾ ਕਰੇ ਤੇ ਇਕ ਨੁਕਤੇ ਤੇ ਜੋੜੇ। ਠੀਕ ਹੈ, ਆਪਣੇ ਤੋਂ ਵਧੇਰੇ ਬਲ ਦੀ ਲੋੜ ਹੈ ਮਨ ਨੂੰ ਮਨ ਨਾਲ ਕਾਬੂ ਕਰਨੇ ਦੀ, ਸੋ ਅਰਦਾਸ ਕਰੇ ਤੇ ਰੱਬ ਜੀ ਤੋਂ ਬਲ ਮੰਗੇ, ਸਹਾਇਤਾ ਮੰਗੇ। ਉਹ ਭਗਤ ਵੱਛਲ ਹੈ, ਅਰਥਾਤ ਆਪਣੇ ਪ੍ਰੇਮੀਆਂ ਨੂੰ ਪਿਆਰ ਕਰਦਾ ਹੈ, ਉਹ ਆਪਣਾ ਬਲ ਸਾਡੇ ਬਲ ਵਿਚ ਪਾ ਕੇ ਸਾਨੂੰ ਸਾਡੇ ਮਨ ਦੀਆਂ ਨੀਵੀਆਂ ਰੁਚੀਆਂ ਨੂੰ ਕਾਬੂ ਕਰ ਲੈਣ ਵਿਚ ਕਾਮਯਾਬ ਕਰੇਗਾ। ਇਹ ਉਸਦਾ ਬਿਰਦ ਹੈ। ਤੁਸੀਂ ਸਮਝਦੇ ਹੋ ਕਿ ਸਾਧਨਾ ਕਰਨ ਵਾਲਾ ਅਰਦਾਸ ਦੇ ਆਸਰੇ ਜੀਉਂਦਾ ਹੈ। ਅਰਦਾਸ ਉਸਦੀ ਭਗਤੀ ਹੈ, ਅਰਦਾਸ ਉਸਦੇ ਤੇ ਸਾਂਈ ਦੇ ਵਿਚਕਾਰ ਮੇਲਣਹਾਰ ਪੁਲ ਹੈ, ਅਰਦਾਸ ਉਸਦੇ ਬਲ ਵਿਚ ਉਚੇਰਾ ਬਲ ਭਰਦੀ ਹੈ। ਇਹ ਬੀ ਤੁਸੀਂ ਸਿਆਣੇ ਹੋ ਸਮਝਦੇ ਹੋ ਕਿ ਪਰਮੇਸ਼ਰ ਦਾ ਪਿਆਰਾ ਅਰਦਾਸ ਆਪਣੀ ਆਤਮ ਉਨਤੀ ਲਈ ਕਰਦਾ ਹੈ, ਸਰੀਰ ਦੇ ਗਿਰਾਵਟਾਂ ਤੋਂ ਬਚਨਣ ਲਈ ਮਨ ਦੇ ਮਾੜੀਆਂ ਰੁਚੀਆਂ ਵਿਚ ਜਾਣ ਤੋਂ ਰੱਖਿਆ ਲਈ ਉਸਦੀ ਅਰਦਾਸ ਹੋਇਆ ਕਰਦੀ ਹੈ। ਸੋ ਐਉਂ ਜਦ ਉਸਦੇ ਆਸਰੇ ਪਰਨੇ ਹੋ ਗਏ ਤਾਂ ਉਹ ਸ਼ਰਣ ਸੂਰਾ ਸਹਾਇਤਾ ਕਰੇਗਾ। ਐਉਂ ਭਗਤੀ ਭਾਵਨਾ ਵਾਲੇ ਮਜ਼ਲੇ ਜਾ ਚੜ੍ਹਦੇ ਹਨ।

੩

ਇਸ ਤਰ੍ਹਾਂ ਦੀ ਵਾਰਤਾਲਾਪ ਵਿਚ ਅਫਸਰ 'ਰੀਗੋ' ਨੂੰ ਤਾਂ ਇਕ ਦਿਨ ਕਿਸੇ ਸਰਕਾਰੀ ਕੰਮ ਤੇ ਡੇਹਰੇ ਚਲੇ ਜਾਣਾ ਪਿਆ ਤੇ ਦੁਇ ਸਾਧੂ ਓਥੇ ਟਿਕੇ ਰਹੇ। ਡਯੂਸੋਜ਼ਾ ਸੰਤ ਜੀ ਦਾ ਅੰਮ੍ਰਿਤ ਵੇਲੇ ਉੱਠਣਾ ਤੇ ਸਮਾਧੀ ਵਿਚ ਬੈਠ ਜਾਣਾ, ਦੇਖ ਰਿਹਾ ਸੀ। ਕਦੇ ਆਪ ਮੁਹਾਰੇ ਸੰਤਾਂ ਦਾ ਬਾਣੀ ਦੇ ਕੀਰਤਨ ਵਿਚ ਲਗ ਪੈਣਾ ਸੁਣ ਰਿਹਾ ਸੀ ਤੇ ਉਸ ਦੇ ਅਸਰ ਨਾਲ ਪ੍ਰਭਾਵਿਤ ਹੋ ਰਿਹਾ ਸੀ। ਪਰ ਆਪ ਕਈ ਵੇਰ ਤਪ ਹਠ ਵਿਚ 'ਆਪਾ ਕੋਹੂ' ਹੱਦ ਤਕ ਚਲੇ ਜਾਣ ਕਰਕੇ ਉਸ ਦੇ ਮਨ ਵਿਚ ਤਪ ਤਪਣ ਦੀ ਮਹੱਤਤਾ ਤੇ ਤਿਆਗ ਦਾ ਮਹਾਤਮ ਕਾਇਮ ਸੀ। ਇਕ ਦਿਨ ਆਖਣ ਲੱਗੇ, ਸੰਤ ਜੀ ਤੁਸੀਂ ਜੋ ਗੱਲਾਂ ਕੀਤੀਆਂ ਉਹ ਮੈਂ ਗਹੁ ਕਰਕੇ ਵੀਚਾਰਿਆ ਹੈ ਕਿ ਵਿਸ਼ੇਸ਼ ਕਰਕੇ ਗ੍ਰਿਹਸਤੀ ਪ੍ਰੇਮੀਆਂ ਲਈ ਹਨ। ਅਸੀਂ ਅਤੀਤ ਲੋਕ ਹਾਂ ਸਾਨੂੰ ਇੰਦਰੇ ਕਾਬੂ ਰੱਖਣ ਨਾਲ ਸਰੀਰ ਘਾਲਣ ਦੀ ਵਧੇਰੇ ਲੋੜ ਹੈ। ਦੁੱਧ ਜੇ ਜੰਮ ਜਾਵੇ ਤਾਂ ਕਿਸੇ ਕੰਮ ਆਇਆ, ਜੇ ਫਿੱਟ ਗਿਆ ਤਾਂ ਕਿਸ ਕੰਮ? ਸਾਧੂ ਦਾ ਵਿਗੜਨਾ ਦੁੱਖ ਦਾ ਫਿਟਣਾ ਹੈ, ਇਸ ਲਈ ਸਾਧੂ ਲਈ ਤਿਆਗ, ਹਠ, ਤਪ, ਤਾੜਨਾ ਦੀ ਰਾਖੀ ਦੀ ਲੋੜ ਬਹੁਤ ਵਧੇਰੇ ਹੈ।

ਸੰਤ - ਠੀਕ ਆਖਿਆ ਨੇ, ਸਾਡੇ ਦੇਸ਼ ਵਿਚ ਬੀ ਭਲੇ ਲੋਕ ਪਰਮਾਰਥ ਪ੍ਰਾਪਤ ਕਰਨ ਦੀ ਲਾਲਸਾ ਵਿਚ ਬਨਾਂ ਨੂੰ ਟੁਰ ਜਾਂਦੇ ਹਨ। ਪਿਛੇ ਸਾਧਾਰਨ ਲੋਕ ਰਹਿ ਜਾਂਦੇ ਸਨ। ਇਉਂ ਭਾਈਚਾਰਾ ਕਹੋ ਯਾ ਸੁਸਾਇਟੀ ਕਹੋ ਨੀਵੀਂ ਪੈ ਜਾਂਦੀ ਸੀ, ਨਾ ਵਿਦਿਆ ਨਾ ਭਲਿਆਈ, ਨਾ ਬਲ ਪੱਲੇ ਰਹਿ ਜਾਂਦਾ ਸੀ। ਭਲੇ ਭਲੇ ਤਾਂ ਨਿਕਲ ਗਏ, ਪਿਛੇ ਨੀਵੇਂ, ਸਾਧਾਰਣ ਤੇ ਨਿਤਾਣੇ ਲੋਕ ਰਹਿ ਜਾਂਦੇ ਸਨ। ਪਛਮੋਤ੍ਰ ਵਲੋਂ ਜਰਵਾਣੇ ਲੋਕੀ ਆ ਕੇ ਲੁੱਟ ਪੁੱਟ ਲਿਆ ਕਰਦੇ ਸੀ। ਸੁਸਾਇਟੀ ਦੀ ਹੀਣੀ ਦਾਸ਼ਾ ਵਿਚ ਨਾ ਸੰਸਾਰਕ ਤੇ ਨਾ ਪਰਮਾਰਥਿਕ ਸੁਖ ਕਾਇਮ ਰਹਿ ਸਕਦੇ ਸਨ। ਇਸ ਕਰਕੇ ਸਾਡੇ ਸਤਿਗੁਰੂ ਨੇ ਇਕ ਨਵਾਂ ਆਦਰਸ਼ ਕਾਇਮ ਕੀਤਾ ਤੇ ਆਦਰਸ਼ਕ ਬੰਦਾ ਪੈਦਾ ਕੀਤਾ ਜਿਸ ਦਾ ਨਾਮ ਉਨ੍ਹਾਂ ਨੇ 'ਗੁਰਮੁਖ' ਧਰਿਆ, ਉਸਨੂੰ ਪਰਮਾਰਤ ਵਿਚ ਉਚਤਾ ਬਖਸ਼ੀ ਤੇ ਗ੍ਰਿਹਸਤ ਵਿਚ ਹੀ ਬਿਠਾ ਦਿਤਾ ਅਰਥਾਤ ਸੁਸਾਇਟੀ ਦੇ ਵਿਚ ਰਹਿਣ ਦਾ ਹੁਕਮ ਦਿਤਾ, ਤਾਂ ਜੋ ਉਸਦੀ ਨੇਕੀ ਦੇ ਖਮੀਰ ਨਾਲ ਸੁਸਾਇਟੀ ਦੇ ਸਾਰੇ ਬੰਦੇ ਨੇਕ ਹੁੰਦੇ ਰਹਿਣ ਤੇ ਸੁਸਾਇਟੀ ਉਚੇ ਪਾਏ ਦੀ ਬਣੇ। ਇਸ ਕਰਕੇ ਮੇਰੀ ਗੁਫਤਗੂ ਉਸ 'ਆਦਰਸ਼' ਦੀ ਹੁੰਦੀ ਰਹੀ ਹੈ ਜਿਸਨੂੰ ਅਸੀਂ ਪਰਵਾਣ ਗ੍ਰਿਹਸਤ ਉਦਾਸ ਆਖਦੇ ਹਾਂ।

ਡਯੂਸੋਜ਼ਾ - ਇਸਦਾ ਕੀ ਮਤਲਬ ਹੈ?

ਸੰਤ - ਜਿਵੇਂ ਕਵਲ ਪਾਣੀ ਵਿਚ ਰਹਿ ਕੇ ਪਾਣੀ ਦੇ ਅਸਰ ਨਾਲ ਗਲਦਾ ਸੜਦਾ ਨਹੀਂ, ਜਿਵੇਂ ਮੁਰਗਾਬੀ ਪਾਣੀ ਵਿਚ ਵਸਦੀ ਪਾਣੀ ਦੇ ਅਸਰ ਨਾਲ ਭਿੱਜ ਸਿੱਜ ਕੇ ਦੁਖੀ ਨਹੀਂ ਹੁੰਦੀ ਤੇ ਪਾਣੀ ਦੇ ਅਸਰ ਨਾਲ ਪ੍ਰਭਾਵਿਤ ਨਹੀਂ ਹੁੰਦੀ, ਸਗੋਂ ਨਿਰਲੇਪ ਰਹਿੰਦੀ ਹੈ, ਤਿਵੇਂ ਇਨਸਾਨ ਗ੍ਰਿਹਸਤ ਵਿਚ ਰਹਿ ਕੇ ਯਾ ਸੁਸਾਇਟੀ ਵਿਚ ਵਸ ਕੇ ਇਸਦੇ ਮਾੜੇ ਲੋਕਾਂ ਦੇ ਮਾੜੇ ਅਸਲ ਨਾਲ ਆਪਣੇ ਆਚਰਣ ਨੂੰ ਮਾੜਾ ਨਾ ਕਰ ਲਵੇ, ਨੇਕਾਂ ਵਿਚ ਵਸਦਾ ਸਗੋਂ ਮਾੜੀਆਂ ਗੱਲਾਂ ਵਲੋਂ ਉਦਾਸ ਰਹਿ ਕੇ ਨੇਕੀ ਵਿਚ ਵਸਦਾ ਅੰਤਰ ਆਤਮੇ ਰੱਬ ਜੀ ਨੂੰ ਯਾਦ ਕਰੇ, ਅਰਥਾਤ

ਆਪਣੀ ਸੁਰਤ ਵਿਚ ਸ਼ਬਦ (ਪਰਮੇਸਰ ਦੇ ਨਾਮ) ਵਸਾ ਲਵੇ, ਜਿਸ ਨਾਲ ਉਹ ਮੁਰਗਾਬੀ ਦੀ ਤਰ੍ਹਾਂ ਜਗਤ ਲਬੇੜੂ ਅਸਰਾਂ ਤੋਂ ਅਲੇਪ ਰਹੇ ਤੇ ਸੰਸਾਰ ਤੋਂ ਤਰ ਨਿਕਲੇ।

ਇਸ ਤਰ੍ਹਾਂ ਸਾਡਾ ਮਤਿ ਗ੍ਰਿਹਸਤ ਵਿਚ ਰਹਿ ਕੇ ਆਤਮਿਕ ਸਾਧਨਾ ਦੇ ਕਰਨੇ ਦਾ ਹੈ। ਯਾ ਇਉਂ ਕਹੋ ਕਿ ਗੁਰੂ ਨਾਨਕ ਦੇਵ ਜੀ ਨੇ ਇਹ ਆਦਰਸ਼ ਕਾਇਮ ਕੀਤਾ ਕਿ ਅਰਥ ਤੇ ਪਰਮਾਰਥ ਅੱਡ-ਅੱਡ ਨਾ ਰਹਿਣ, ਦੁਇ ਇਕੱਠੇ ਹੋ ਕੇ ਇਨਸਾਨ ਦੇ ਜੀਵਨ ਨੂੰ ਭਾਗ ਲਾਉਣ।

ਡਯੂਸੋਜ਼ਾ - ਪਰ ਜੀ! ਸਾਰੇ ਮਨ ਇਕੋ ਜਿਹੇ ਨਹੀਂ। ਤੁਸੀਂ ਮੈਨੂੰ ਹੀ ਲਓ, ਮੈਂ ਗ੍ਰਿਹਸਤ ਵਿਚ ਨਹੀਂ ਰਹਿ ਸਕਦਾ। ਮੇਰੇ ਵੱਸ ਨਹੀਂ, ਮੈਨੂੰ ਗ੍ਰਿਹਸਤ ਤੋਂ ਸੂਗ ਹੈ। ਮੈਨੂੰ ਅਸਮਾਨੀ ਜੀਵਨ ਪਿਆਰਾ ਹੈ। ਮੈਂ ਤਾਂ ਇਸ ਜਗਤ ਦੇ ਵੱਸਣ ਨੂੰ ਰੱਬ ਦੇ ਦੇਸ਼ ਤੋਂ ਦੇਸ਼-ਨਿਕਾਲਾ ਸਮਝਦਾ ਹਾਂ।

ਸੰਤ - ਤੁਸੀਂ ਠੀਕ ਆਖਦੇ ਹੋ, ਸਾਰੇ ਮਨ ਇਕੋ ਜਿਹੇ ਨਹੀਂ, ਮੇਰਾ ਜੀ ਬੀ ਗ੍ਰਿਹਸਤ ਵਿਚ ਨਹੀਂ ਭਿੱਜਾ। ਮੈਨੂੰ ਜਗਤ ਦਾ ਦੁਖ ਦੇਖ ਦੇਖ ਕੇ ਅੱਗ ਲਗ ਉਠਦੀ ਸੀ ਕਿ ਦੁਖ ਕਿਉਂ ਹੈ ਤੇ ਮੈਂ ਇਸ ਦੁੱਖ ਭਰੇ ਜਗਤ ਵਿਚ ਕਿਉਂ ਹਾਂ ਤੇ ਜਗਤ ਹੈ ਹੀ ਕਿਉਂ? ਛੁਟਕਾਰਾ ਕਿਵੇਂ ਹੈ? ਮਾਨੋਂ ਮੈਨੂੰ ਕਿਸੇ ਸੁਖ ਦੀ ਲਾਲਸਾ ਸੀ ਜੋ ਜਗਤ ਦੇ ਸੁਖਾਂ ਵਿਚ ਨਹੀਂ ਸੀ। ਕਈ ਖੇਚਲੇ ਤੱਕੇ, ਕਠਨ ਸਾਧਨ ਕੀਤੇ, ਸਰੀਰ ਕ੍ਰਿਸ਼ ਕੀਤਾ, ਪਰ ਠੰਢ ਨਾ ਪਈ। ਅੰਤ ਮੈਨੂੰ ਸਤਿਸੰਗ ਮਿਲਿਆ, ਇਕ ਪਹੁੰਚ ਵਾਲੇ ਗੁਰਮੁਖ ਮਿਲੇ। ਮੈਨੂੰ ਉਨ੍ਹਾਂ ਨੇ 'ਨਾਮ' ਦੇ ਰਸਤੇ ਪਾਇਆ। ਨਾਮ ਨੇ ਠੰਢ ਪਾਈ।

ਡਯੂਸੋਜ਼ਾ - 'ਨਾਮ' ਕੀਹ?

ਸੰਤ - ਪਰਮੇਸ਼ਰ ਜੀ ਦੀ ਯਾਦ, ਯਾ ਇਉਂ ਸਮਝੋ ਕਿ ਆਪਣੇ ਆਪ ਨੂੰ ਪਰਮੇਸਰ ਦੀ ਹਜ਼ੂਰੀ ਵਿਚ ਹਰ ਵੇਲੇ ਰੱਖਣਾ, 'ਨਾਮ' ਨਾਮ ਮਾਤ੍ਰ ਨਾ, ਸੰਗਿਆ ਮਾਤ੍ਰ ਨਾ, ਨਾਮ ਪਦਾਰਥ ਤੇ ਪਦਾਰਥ ਹੀ ਨਾ, ਰਤਨਾ ਪਦਾਰਥ।

ਡਯੂਸੋਜ਼ਾ - ਪਦਾਰਥ ਕਿਵੇਂ?

ਸੰਤ - ਇਵੇਂ ਹੀ ਮੇਰੇ ਗੁਰੂ ਨਾਨਕ ਨੇ ਆਖਿਆ ਹੈ, ਨਾਮ ਪਦਾਰਥ ਹੈ ਜੋ ਜੀਅ ਦਾ ਆਧਾਰ ਬਣ ਜਾਂਦਾ ਹੈ। ਇਹ ਉਸਦਾ ਰੂਪ ਹੈ ਜੋ ਉਸ ਨਾਲ ਜੋੜੀ ਰਖਦਾ ਹੈ। ਇਹ ਇਕ ਲਗਾਤਾਰੀ ਲਗਾਉ ਹੈ ਜੋ ਅਲੱਗ ਨਹੀਂ ਹੋਣ ਦਿੰਦਾ।

ਡਯੂਸੋਜ਼ਾ - ਇਹ ਹਾਲਤ ਹਰ ਵੇਲੇ ਨਹੀਂ ਰਹਿ ਸਕਦੀ।

ਸੰਤ - ਠੀਕ ਹੈ, ਪਰ ਜੇ ਪਰਮੇਸ਼ੁਰ ਦਾ ਨਾਮ ਪਹਿਲੋਂ ਰਸਨਾ ਤੇ ਬਿਠਾ ਲਈਏ ਤਾਂ ਸਰੀਰਧਾਰੀ ਹੋਣ ਕਰਕੇ ਅਸੀਂ ਇਹ ਕਰਮ ਸੌਖਾ ਸਿਖ ਲੈਂਦੇ ਹਾਂ। ਰਸਨਾ ਤੋਂ ਇਹ ਨਾਮ ਫੇਰ ਆਪੇ ਮਨ ਵਿਚ ਚਲਾ ਜਾਂਦਾ ਹੈ। ਮਨ ਵਿਚ ਗਿਆ ਇਹ ਰੱਬ ਜੀ ਦੀ ਯਾਦ ਬਣ ਜਾਂਦਾ ਹੈ। ਯਾਦ ਦੇ ਹੁਲਾਰੇ ਹਜ਼ੂਰੀ ਵਿਚ ਵਾਸਾ ਦੇ ਦਿੰਦੇ ਹਨ। ਫੇਰ ਹਜ਼ੂਰੀ ਤੋਂ ਬਾਹਰ ਨਹੀਂ ਆਈਦਾ, ਅੰਤਰ ਆਤਮੇ ਸਦਾ ਮਿਲੇ ਰਹੀਦਾ ਹੈ ਮਾਲਕ ਜੀ ਨਾਲ। ਦੂਜਾ ਫਲ ਇਹ ਹੁੰਦਾ ਹੈ ਕਿ ਹਜ਼ੂਰੀ ਪ੍ਰਤੀਤ ਕਰਨ ਵਾਲਾ ਨਾ ਮਾੜਾ ਕਰਮ ਕਰਦਾ ਹੈ ਨਾ ਵਿਛੁੜਦਾ ਹੈ। ਮੈਂ ਸੁਣੀ ਸੁਣਾਈ ਯਾ ਪੜ੍ਹੀ ਪੜ੍ਹਾਈ ਗੱਲ ਨਹੀਂ ਕਰਦਾ। ਮੈਂ ਤਾਂ ਅਮਲੀ ਤਜਰਬਾ ਦੱਸਦਾ ਹਾਂ। ਮੈਂ ਅਮਲ ਕੀਤਾ, ਮੈਨੂੰ ਹਜ਼ੂਰੀ ਪ੍ਰਾਪਤ ਹੋ ਗਈ, ਮੇਰੀ ਯਾਦ ਮੈਨੂੰ ਸਾਂਈ ਵਿਚ ਲਗਾ ਗਈ। ਮਨ ਇਕ ਪਾਸੇ ਅੰਤਰ ਆਤਮੇ ਲੱਗਾ ਰਹੇ, ਦੂਜੇ ਪਾਸੇ ਸਾਧਾਰਨ ਕੰਮ ਸਰੀਰ ਦੇ ਆਪੇ ਹੁੰਦੇ ਰਹਿਣ। ਐਉਂ ਕਰਦਿਆਂ ਕਰਦਿਆਂ ਮੈਨੂੰ ਠੰਢ ਵਰਤ ਗਈ ਤੇ ਰੱਬ ਜੀ ਦੀ ਹਜ਼ੂਰੀ ਵਿਚ ਵੱਸਣ ਨੇ ਵਾਸ਼ਨਾ ਵੱਸ ਵਿਚ ਕਰ ਦਿਤੀਆਂ, ਰੱਬ ਜੀ ਵਿਚ ਕਦੇ ਕਦੇ ਗੁੰਮ ਹੋ ਜਾਣ ਦੇ ਤਜਰਬੇ ਨੇ ਕੋਈ ਸੁਆਦ ਪਾ ਦਿਤਾ ਤਾਂ ਮਨ ਵਿਚ ਇਕ ਦਿਨ ਆਈ ਕਿ ਜਗਤ ਜਲ ਰਿਹਾ ਹੈ ਈਰਖਾ, ਦ੍ਵੈਖ ਦੇ ਸਾੜਿਆਂ ਵਿਚ, ਦੁਖੀ ਹਨ ਸਾਰੇ ਅਗਿਆਨ ਵਿਚ, ਪਸ਼ੂਆਂ ਵਾਂਗ ਖਾਂਦੇ ਪੀਂਦੇ ਭੋਗਦੇ ਅਗਿਆਤ ਮਰ ਜਾਂਦੇ ਹਨ। ਹੁਣ ਲੋਕੀਂ ਪੜ੍ਹਦੇ ਵੀ ਹਨ ਅਕਲਾਂ ਸਾਣ ਚਾੜ੍ਹਦੇ ਹਨ। ਅਲੌਕਿਕ ਸ਼ਕਤੀਆਂ ਪੈਦਾ ਕਰਦੇ ਤੇ ਨਵੀਆਂ ਤੋਂ ਨਵੀਆਂ ਕਾਢਾਂ ਕੱਢਦੇ ਹਨ, ਪਰ ਵਰਤਦੇ ਵੈਰ ਭਾਵ ਵਿਚ ਹਨ। ਇਕ ਇਕ ਹੈ ਤਾਂ ਆਪਣੀ ਖੁਦਗਰਜ਼ੀ ਵਿਚ ਦੂਜੇ ਨੂੰ ਹੁੱਜਾਂ ਮਾਰਦਾ ਤੇ ਅਰਕਾਂ ਚੋਭਦਾ ਹੈ। ਜੇ ਕੌਮਾਂ ਹਨ ਤਾਂ ਇਕ ਦੂਜੇ ਨੂੰ ਮਾਰਨ ਕੁਹਣ ਵਿਚ ਹਨ। ਜਿੰਨੀ ਅਕਲ ਵਿਦਿਆ, ਵਿਗਿਆਨ ਵਧੀ ਹੈ, ਉਨਾ ਹੀ ਇਨਸਾਨ ਦਾ ਇਨਸਾਨ ਨੂੰ ਤਸੀਹੇ ਦੇਣਾ, ਕਤਲ ਕਰਨਾ, ਲੁੱਟਣਾ ਮਾਰਨਾ, ਬੇਹੁਰਮਤ ਕਰਨਾ ਵਧ ਰਿਹਾ ਹੈ। ਤਾਂ ਮੈਂ ਸੋਚਿਆ ਕਿ ਜੋ ਠੰਢ ਮੈਨੂੰ ਵਰਤੀ ਹੈ, ਇਹ ਮੈਂ ਖੁਦਗਰਜ਼ੀ ਵਿਚ, ਸੁਆਰਥ ਵਿਚ ਰਤੇ ਪਰ ਦੁਖੀ ਜਗਤ ਨਾਲ ਰਲਵਰਤਾਂ। ਕਿਉਂਕਿ ਮੈਨੂੰ ਹੁਣ ਸਾਰੇ ਭਰਾ ਦਿਸਦੇ ਹਨ, ਕੋਈ ਓਪਰਾ ਨਹੀਂ ਦਿਸਦਾ, ਮਾੜੇ ਚੰਗੇ ਸਾਰੇ ਆਪਣੇ ਅੰਗ ਭਾਸਦੇ ਹਨ। ਮੇਰੇ ਗੁਰੂ ਨਾਨਕ ਜੀ ਨੇ ਜੇ ਜਪੀਆਂ ਤਪੀਆਂ, ਜੋਗੀਆਂ, ਭਗਤਾਂ, ਸਤੀਆਂ, ਦਾਤਿਆਂ, ਹਰ ਪ੍ਰਕਾਰ ਦੇ ਭਲਿਆਂ ਦੀ ਗਿਣਤੀ ਕੀਤੀ ਤਾਂ ਪਾਪੀਆਂ, ਹੱਤਿਆਂ ਕਰਨ ਵਾਲਿਆਂ, ਕੂੜਿਆਰਾਂ, ਮਲੇਛਾਂ, ਨਿੰਦਕਾਂ ਦੀ ਵੀ ਗਿਣਤੀ ਕੀਤੀ ਤੇ

ਫੁਰਮਾਇਆ - ਜੋ ਤੁਧੁ ਭਾਵੈ ਸਾਈ ਭਲੀਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ਮੈਂ ਸਮਝਿਆ ਮੇਰਾ ਗੁਰੂ ਕਿਸੇ ਤੋਂ ਨਫਰਤ ਨਹੀਂ ਸਿਖਾਲਦਾ। ਜੇ ਭਲਿਆਂ ਦੀ ਗਿਣਤੀ ਦੱਸੀ ਤਾਂ ਉਨ੍ਹਾਂ ਦੇ ਸਤਿਕਾਰ ਲਈ, ਜੇ ਮਾੜਿਆਂ ਦੀ ਦੱਸੀ ਤਾਂ ਉਨ੍ਹਾਂ ਤੋਂ ਸੂਗ ਨਾ ਕਰਨ ਦੀ, ਸਗੋਂ ਮੱਤ ਦਿਤੀ ਉਨ੍ਹਾਂ ਵਿਚ ਨਾਮ ਤੇ ਸਿਫਤ ਸਲਾਹ ਦੇ ਪ੍ਰਚਾਰ ਕਰਨ ਦੀ। ਸੋ ਮੈਨੂੰ ਚਾਉ ਉਮਡ ਪਿਆ ਕਿ ਮੈਂ ਜਗਤ ਵਿਚ ਸ਼ਬਦ ਦਾ ਸੋਹਿਲਾ ਸੁਣਾਵਾਂ ਤੇ ਪਿਆਰ ਦੀ ਵੀਣਾਂ ਵਜਾਵਾਂ। ਪਰ ਫੇਰ ਡਰ ਆਯਾ, ਮੈਂ ਸੋਚਿਆ ਇੱਡਾ ਵੱਡਾ ਜਗਤ! ਮੇਰੀ ਕੋਸ਼ਿਸ਼ ਕੀ ਫਲ ਲਿਆਵੇਗੀ? ਕਿਸੇ ਖੂਹ ਵਿਚ ਮੁੱਠ ਸ਼ਕਰ ਦੀ ਕੀਹ ਮਿੱਠਾ ਕਹੂ? ਮੈਂ ਕਾਸਨੂੰ ਐਵੇਂ ਬਦੀ ਤੇ ਬਦੀ ਤੇ ਬਦਾਂ ਨਾਲ ਟੱਕਰ ਲਵਾਂ? ਆਪਮੇ ਪੈਰ ਜੁਤੀ ਪਾ ਕੇ ਕੰਡੈਲੇ ਬਨ ਵਿਚੋਂ ਲੰਘ ਜਾਵਾਂ। ਇਨ੍ਹਾਂ ਸੋਚਾਂ ਵਿਚ ਇਕ ਦਿਨ ਮੈਂ ਆਪਣੇ ਪਵਿੱਤਰ ਧਰਮ ਪੁਸਤਕ ਵਿਚ ਪੜ੍ਹਿਆ। 'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮ ਜਪਾਵੈ, ਪਰ ਅਤੀ ਪਿਆਰ ਤੇ ਨਿੰਮ੍ਰਤਾ ਵਿਚ ਕਿਹਾ ਕਿ ਜੋ ਆਪ ਜਪੇ ਤੇ ਹੋਰਨਾਂ ਨੂੰ ਜਪਾਵੇ ਮੈਂ ਓਸਦਾ ਐਤਨਾ ਮਾਣ ਕਰਾਂ। ਮੈਂ ਸਮਝ ਲਿਆ ਇਹ ਦਾਤੇ ਦਾ ਮਿੱਠਾ ਹੁਕਮ ਹੈ। ਹੁਣ ਮੈਨੂੰ ਸੋਚ ਫੁਰੀ ਕਿ ਮੈਨੂੰ ਕੀਹ ਕਿ ਫਲ ਕੀ ਹੁੰਦਾ ਹੈ, ਮੈਂ ਹੁਕਮ ਬਜਾ ਲਿਆਵਾਂ, ਫਲ ਪ੍ਰਦਾਤਾ ਉਹ ਆਪ ਹੈ। ਫੇਰ ਵੀਚਾਰ ਫੁਰੀ ਕਿ ਇਹ ਸੇਵਾ ਸਭ ਤੋਂ ਉਚੀ ਸੇਵਾ ਹੈ, ਜੋ ਸੇਵਾ ਕਿ ਇਨਸਾਨ ਨੂੰ ਸ੍ਰੀ ਰੱਬ ਜੀ ਨਾਲ ਜੋੜਦੀ ਹੈ ਤੇ ਆਪੋ ਵਿਚ ਪਿਆਰ ਸਿਖਾਲਦੀ ਹੈ, ਖੁਦਗਰਜ਼ੀ ਤੋਂ ਹੋੜਦੀ ਹੈ ਤੇ ਪਰਉਪਕਾਰ ਵਲ ਪ੍ਰੇਰਦੀ ਹੈ, ਜੇ ਇਹ ਗੱਲ ਜਗਤ ਵਿਚ ਫੈਲ ਜਾਵੇ ਤਾਂ ਜਗਤ-ਪੀੜਾ ਕਿਤਨੀ ਘਟ ਜਾਵੇ। ਪਰ ਫੇਰ ਮੈਨੂੰ ਆਪਣੀ ਨਯੂਨਤਾ ਦਿਸ ਪਵੇ, ਦੇਖਾ ਕਿ ਮੇਰਾ ਜਤਨ ਕਿਤਨਾ ਕੁ ਅਸਰ ਪਾ ਸਕਦਾ ਹੈ, ਤਦ ਮੈਂ ਨਿਰਾਸ ਹੋ ਕੇ ਸੋਚਾਂ ਕਿ ਮਨਾਂ ਤੈਨੂੰ ਅੰਮ੍ਰਿਤ ਲੱਭ ਪਿਆ ਹੈ, ਪੀ ਤੇ ਮਸਤੁ ਰਹੁ। ਅੰਮ੍ਰਿਤ ਦੀ ਛਬੀਲ ਨਾ ਲਾ। ਇਹ ਪਤਾਸੇ ਦਾ ਪਾਣੀ ਦੇ ਚੰਨੇ ਵਿਚ ਪੈ ਕੇ ਆਪਾ ਗਾਲਣਾ ਹੈ, ਛੰਨੇ ਨੇ ਮਿੱਠਾ ਨਹੀਂ ਹੋਣਾ।

ਫਿਰ ਇਕ ਦਿਨ ਸੋਚ ਆਈ ਤੈਨੂੰ ਕਿਸੇ ਨਾਮ ਵਿਚ ਲਾਇਆ ਸੀ ਤਾਂ ਤੂੰ ਸੁਖੀ ਹੋਇਆ ਸੈਂ, ਜੇ ਤੇਰੇ ਤਰਲੇ ਤੇ ਗੁਰੂ ਕੀ ਪਾਣੀ ਬਰਕਤ ਨਾਲ ਇਕ ਹੋਰ ਜੀਵਨ ਵਿਚ ਲਗ ਪਿਆ ਤਾਂ ਕਿੰਨਾ ਭਲਾ ਹੋ ਜਾਸੀ। ਇਸ ਤਰ੍ਹਾਂ ਦੀਆਂ ਲਹਾ ਚੜ੍ਹਾ ਦੀਆਂ ਵੀਚਾਰਾਂ ਵਿਚ ਇਕ ਦਿਨ ਫੇਰ ਖਿਆਲ ਆਇਆ ਕਿ ਗੁਰੂ ਦਾ ਹੁਕਮ ਹੈ, ਤਾਂ ਮੈਂ ਹੁਕਮ ਤੇ ਵੀਚਾਰ ਆਰੰਭੀ। ਜਦ ਮੈਨੂੰ ਆਪਣੇ ਗੁਰੂ ਦੀ ਬਾਣੀ ਪੜ੍ਹ ਕੇ ਹੁਕਮ ਦੀ ਸੋਝੀ ਆ ਗਈ ਕਿ ਨਾਨਕ ਹੁਕਮੇ ਜੇ ਬੁਝੇ ਤ ਹਉਮੈ ਕਹੈ ਨ ਕੋਇ, ਤਾਂ ਮੈਂ ਜਾਤਾ ਤੂੰ ਕੌਣ ਹੈ ਕਰਨ ਕਰਾਉਣ ਵਾਲਾ, ਉਹ ਤਾਂ ਨਾਥ ਆਪ ਕਰਨੇ ਕਰਾਉਣ ਵਾਲਾ ਹੈ, ਤੂੰ ਹੁਕਮ ਬਜਾ ਲਿਆ। ਅਰਦਾਸ ਕਰ ਕਿ ਹੁਕਮ ਤੈਥੋ ਹੁਕਮ ਪੂਰਾ ਕਰਾਵੇ, ਤਾਂ ਮੇਰੀ ਪਕੜ ਛੁਟ ਗਈ ਤੇ ਮੈਂ ਹੁਕਮ ਸਿਰ ਧਰ ਲਿਆ। ਫਿਰ ਮੈਨੂੰ ਸੋਝੀ ਆਈ ਕਿ ਤੂੰ ਅਤੀਤ ਅਵਸਥਾ ਵਿਚ ਹੀ ਟਿਕਿਆ ਰਹੀਂ, ਜੋ ਤੇਰਾ ਸਾਰਾ ਵਕਤ ਗੁਰੂ ਦੇ ਜਲਾਲ ਦੇ ਅਨੁਭਵ ਵਿਚ ਤੇ ਗੁਰੂ ਦੇ ਜਲਾਲ ਵਿਚ ਦੁਖੀ ਜਗਤ ਨੂੰ ਲਿਆਉਣ ਵਿਚ ਖਰਚ ਹੋਵੇ। ਸੋ ਇਸ ਤਰ੍ਹਾਂ ਮੈਂ ਲਗ ਗਿਆ। ਮੇਰਾ ਕੁਛ ਨਹੀਂ ਮੇਰਾ ਆਪਾ ਹੋਮ ਹੈ ਗੁਰੂ ਦੇ ਹੁਕਮ ਦੀ ਬਜਾਆਵਰੀ ਵਿਚ।

ਡਯੂਸੋਜ਼ਾ - ਮੈਨੂੰ ਤੁਸਾਂ ਦੇ ਵਾਕ ਸੁਣ ਕੇ ਠੰਢ ਪਈ ਹੈ, ਪਰ ਇਕ ਗੱਲ ਪੁੱਛਾਂ?

ਸੰਤ - ਜੀ ਸਦਕੇ ਪੁੱਛੋ।

ਡਯੂਸੋਜ਼ਾ - ਜਦ ਤੁਸੀਂ ਅਤੀਤ ਹੋ ਕੇ ਇਨ੍ਹਾਂ ਬਨਾਂ ਵਿਚ ਆ ਬੈਠੇ ਤਾਂ ਖੁਦਗਰਜ਼ੀ ਦੀ ਪ੍ਰੇਰਨਾ ਹੇਠ ਆਏ, ਈਰਖਾ ਦ੍ਵੈਖ ਨਾਲ ਸੜ ਰਹੇ ਤੇ ਆਪੇ ਵਿਚ ਮਾਰ ਕੁਟਾਈ ਵਿਚ ਰਚ ਰਹੇ ਜਗਤ ਵਿਚ ਤੁਸਾਂ ਕਿਹੜੇ ਵੇਲੇ ਤਾਣ ਲਾਇਆ? ਚਾਹੋ ਆਪ ਚਾਹੋ ਹੁਕਮ ਦੀ ਪ੍ਰੇਰਨਾ ਵਿਚ। ਤੁਸੀਂ ਤਾਂ ਮੇਰੇ ਵਾਂਗੂੰ ਹੀ ਅਤੀਤ ਹੋ ਕੇ ਇਕਲਵੰਜੇ ਆ ਬੈਠੇ ਹੋ।

ਸੰਤ - ਮੈਂ ਤਾਂ ਹਾਂ ਹੀ ਕੁਛ ਨਹੀਂ, ਤਾਣ ਦੀਬਾਣ ਸਭ ਮੇਰੇ ਗੁਰੂ ਦੇ ਹਨ, ਉਸਦੀ ਆਗਿਆ ਵਿਚ ਮੈਂ ਆਪਣਾ ਸਮਾਂ ਜਗਤ ਵਿਚ ਲਾਉਂਦਾ ਹਾਂ। ਲੋਕਾਂ ਵਿਚ ਨੇਕੀ ਕਰਨ ਦਾ, ਬਾਣੀ ਦਾ, ਨਾਮ ਦਾ, ਵਾਹਿਗੁਰੂ ਪ੍ਰੇਮ ਦਾ ਸ਼ਬਦ ਸੋਹਿਲਾ ਸੁਣਾਉਂਦਾ ਹਾਂ। ਜਦੋਂ ਇਹ ਸੇਵਾ ਕਰਦਿਆਂ ਸਰੀਰ ਥੱਕ ਜਾਂਦਾ ਹੈ ਯਾ ਮਨ ਹਾਰ ਜਾਂਦਾ ਹੈ, ਯਾ ਅੰਦਰ ਕੁਛ ਮੈਲ ਦਾ ਆਵੇਸ਼ ਪ੍ਰਤੀਤ ਹੁੰਦਾ ਹੈ ਤਾਂ ਮੈਂ ਇਕ ਦਮ ਪਰਵਿਰਤੀ ਵਿਚ ਵਾਸਾ ਛੋੜ ਕੇ ਏਕਾਂਤ ਹੋ ਜਾਂਦਾ ਹਾਂ। ਕਦੇ ਪਹਾੜ, ਕਦੇ ਬਨ, ਕਦੇ ਨਦੀ ਕਿਨਾਰੇ ਕੁਛ ਸਮਾਂ ਏਕਾਂਤ ਆ ਬੈਠਦਾ ਹਾਂ, ਇਉਂ ਮਨ ਵਿਚ, ਸਰੀਰ ਵਿਚ, ਨਵਾਂ ਬਲ ਭਰ ਜਾਂਦਾ ਹੈ ਤਾਂ ਫੇਰ ਉਠ ਕੇ ਦ੍ਵੈਖਾਂ ਨਾਲ ਭਰੇ ਜਗਤ ਵਿਚ ਜਾ ਬੈਠਦਾ ਹਾਂ ਤੇ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਸੋਹਿਲਾ ਜਾ ਸੁਣਾਉਂਦਾ ਹਾਂ। ਹੁਣ ਬੀ ਇਸੇ ਤਰ੍ਹਾਂ ਆਇਆ ਸਾਂ। ਐਤਕੀ ਬਨ ਵਿਚ ਹੀ ਸੇਵਾ ਮਿਲ ਗਈ। ਫੇਰ ਆਪ ਸਾਹਿਬਾਂ ਦੇ ਦਰਸ਼ਨ ਮੇਲੇ ਹੋ ਗਏ, ਆਪ ਨਾਲ ਬੈਠ ਕੇ

ਆਪਣੇ ਗੁਰੂ ਦੇ ਗੁਣ ਗਾਏ ਹਨ, ਫੇਰ ਏਕਾਂਤ ਬੀ ਪ੍ਰਾਪਤ ਹੈ।

ਡਯੂਸੋਜ਼ਾ – (ਖੁਸ਼ ਹੋ ਕੇ) ਲਓ ਸੰਤ ਜੀ ਮੇਰੀ ਗੱਲ ਬੀ ਬੱਲ ਹੋ ਗਈ। ਆਪ ਜੀ ਨੇ ਆਪ ਮੰਨ ਲਿਆ ਕਿ ਸਾਧੂ ਲਈ ਏਕਾਂਤ ਤੇ ਤਪ ਹਠ ਜ਼ਰੂਰੀ ਸ਼ੈ ਹੈ।

ਸੰਤ – ਮੈਂ ਤਾਂ ਜਪ, ਤਪ, ਸੰਜਮ, ਤਕ, ਸਤ, ਹਠ ਇਨ੍ਹਾਂ ਗੁਣਾਂ ਤੋਂ ਕਦੇ ਇਨਕਾਰੀ ਨਹੀਂ, ਗ੍ਰਿਹਸਤੀ ਲਈ ਬੀ ਚੰਗੇ ਹਨ। ਪਰ ਸਾਧੂ ਲਈ ਤਾਂ ਜੜਾਊ ਗਹਿਣੇ ਹਨ। ਸੱਜਣ ਜੀ! ਗ੍ਰਿਹਸਤੀ ਸਾਧੂ ਕਿਲ੍ਹੇ ਵਿਚ ਬੈਠਾ ਹੈ, ਉਸਨੂੰ ਗੌਲੀ ਗੋਲਾ ਆਵੇ ਤਾਂ ਵਸੋਂ ਵਸੋਂ ਉਸ ਤਕ ਅੱਪੜਦਾ ਨਹੀਂ ਤੇ ਅਸਾਂ ਅਤੀਤਾਂ ਵਲ ਤਾਂ ਕਿਸੇ ਦੇ ਰੋੜੇ ਦੀ ਫਉਂਡ ਬੀ ਸਿੱਧੀ ਸਾਡੇ ਮੱਥੇ ਨੂੰ ਆਉਂਦੀ ਹੈ। ਅਸੀਂ ਜੇ ਜਪ, ਤਪ, ਸੰਜਮ, ਹਠ ਵਿਚ ਨਿਪੁੰਨ ਨਾ ਹੋਵਾਂਗੇ ਤਾਂ ਜਗਤ ਨੂੰ ਸਾਂਈ ਦੇ ਲੜ ਲਾਉਣਾ ਤਾਂ ਕਿਤੇ ਰਿਹਾ ਆਪ ਹੀ ਮਾਰੇ ਜਾਵਾਂਗੇ।

ਡਯੂਸੋਜ਼ਾ – ਇਨ੍ਹਾਂ ਚੌਹਾਂ ਦੇ ਕੀਹ ਰੂਪ ਸਮਝਦੇ ਹੋ?

ਸੰਤ – 'ਜਪ' ਪਰਮੇਸੁਰ ਜੀ ਦੇ ਨਾਮ ਦਾ। ਪਹਿਲਾ ਜਪ ਹੈ, 'ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ'। ਇਹ ਜਪ ਹਠ ਧਾਰ ਕੇ ਕਰਨਾ ਜਦ ਤਕ ਕਿ ਇਹ ਸਿਮਰਨ ਨਾ ਬਣ ਜਾਵੇ, ਇਹ ਤਪ ਹੈ। ਇਸ ਸਿਮਰਨ ਨੇ ਵਾਸ਼ਨਾ ਨੂੰ ਕੱਟਣਾ ਹੈ। ਦੂਸਰਾ ਤਪ ਹੈ ਇੰਦ੍ਰਿਆਂ ਨੂੰ ਵੱਸ ਕਰਨਾ। ਵਾਸ਼ਨਾ ਕਟੀਣ ਨਾਲ ਤਾਂ ਇੰਦ੍ਰੇ ਆਪੇ ਵੱਸ ਹੋ ਜਾਣਗੇ ਪਰ ਉਸ ਸਮੇਂ ਦੇ ਆਉਂਦਿਆਂ ਤਕ ਤਾਂ ਇੰਦ੍ਰਿਆਂ ਨੂੰ ਹਠ ਤੇ ਵੀਚਾਰ ਨਾਲ ਵੱਸ ਰੱਖਣਾ ਹੈ, ਇੰਦ੍ਰੇ ਦਮਨ ਕਰਨਾ ਤਪ ਹੈ। ਮਨ ਜੇ ਮਾੜੇ ਪਾਸੇ ਜਾਏ ਤਾਂ ਹਠ ਕਰਕੇ ਤੇ ਵੀਚਾਰ ਵਰਤ ਵਰਤ ਕੇ ਦੇਹ ਨੂੰ ਰੋਕ ਲੈਣਾ ਇਹ ਹੈ ਤਪ। ਸਾਧੂ ਲਈ ਪਹਿਲੋਂ ਕੁਛ ਸਮਾਂ ਇਹ ਤਪ ਏਕਾਂਤ ਰਹਿ ਕੇ ਸਾਧਣਾ ਅਤਿ ਜ਼ਰੂਰੀ ਹੈ। ਨਹੀਂ ਤਾਂ ਗ੍ਰਿਹਸਤੀਆਂ ਵਿਚ ਜਾ ਕੇ ਜਦ ਸ਼ਬਦ ਸੋਹਿਲਾ ਸੁਣਾਏਗਾ ਤਾਂ ਉਨ੍ਹਾਂ ਵਿਚੋਂ ਸਤਿਕਾਰ ਵੀ ਮਿਲੇਗਾ, ਪਿਆਰ ਵੀ ਮਿਲੇਗਾ, ਜੋ ਕਈ ਵੇਰ ਇਸਦੇ ਗਿਰਾਉ ਦਾ ਕਾਰਨ ਬਣ ਜਾਵੇਗਾ। ਜੇ ਇਸਨੇ ਇਕਾਂਤ ਰਹਿ ਕੇ ਦੇਹ ਨੂੰ ਕਾਬੂ ਕਰਨ ਦੇ ਤਪ ਕੀਤੇ ਹੋਏ ਹਨ ਤਾਂ ਅਜ਼ਮਾਇਸ਼ਾਂ ਦੇ ਸਮੇਂ ਬਚ ਰਿਹਾ ਕਰੇਗਾ। ਮਨ ਜਿੱਤਿਆਂ ਸਰੀਰ ਜਿਤਿਆ ਜਾਣਾ ਹੈ, ਸਰੀਰ ਦੇ ਜਿਤਿਆਂ ਮਾਨੋ ਜਗਤ ਜਿਤਿਆ ਜਾਣਾ ਹੈ। 'ਮਨਿ ਜੀਤੈ ਜਗੁ ਜੀਤ' ਮੇਰੇ ਗੁਰੂ ਦਾ ਵਾਕ ਹੈ। ਪਰ ਇਸ ਮਨ ਦੇ ਸਾਧਨ ਦੇ ਨਾਲ ਨਾਲ ਸਰੀਰ ਨੂੰ ਹੱਠ ਨਾਲ ਵੀ ਕਾਬੂ ਰਖਣਾ ਸਾਧੂ ਦਾ ਧਰਮ ਹੈ। ਫਿਰ ਹੈ ਸੰਜਮ, ਉਹ ਹੈ ਆਪਣੀਆਂ ਲੋੜਾਂ ਨੂੰ ਘਟਾਉਣਾ। ਖਾਣ ਪੀਣ, ਪਹਿਰਣ, ਜਦ ਤਕ ਦੇਹ ਹੈ ਰਹਿਣੇ ਹਨ। ਸਾਧੂ ਨੇ ਆਕਾਸ਼ੀ ਬਿਰਤ ਤੇ ਰਹਿਣਾ ਹੈ, ਕਦੇ ਸ਼ੈ ਲੱਭਣੀ ਹੈ ਕਦੇ ਨਹੀਂ, ਇਸ ਲਈ ਦੁੱਖ ਭੁੱਖ ਸਹਿਣ ਦੀ ਤਤਿਖਯਾ ਕਰਨੀ ਪੈਂਦੀ ਹੈ, ਅਰਥਾਤ ਉਸਨੂੰ ਏਕਾਂਤ ਰਹਿ ਕੇ ਭੁੱਖ ਤ੍ਰੇਹ ਦੇ ਸਾਧਨ ਪਹਿਲੋਂ ਹੀ ਸਾਧਣੇ ਪੈਣਗੇ। ਗਰਮੀ ਸਰਦੀ ਝੱਲ ਲੈਣ ਦੀ ਜਾਚ ਸਿੱਖਣੀ ਪਵੇਗੀ। ਕਿਉਂਕਿ ਪਤਾ ਨਹੀਂ ਕਿ ਕਿਸ ਵੇਲੇ ਕਿਸ ਦੀ ਲੋੜ ਆ ਪੈਣੀ ਹੈ। ਇਸ ਲਈ ਆਪਣੇ ਖਾਣੇ ਵਿਚ, ਆਪਣੇ ਪਹਿਨਣੇ ਵਿਚ ਸਾਧੂ ਨੂੰ ਅਤਿ ਸੰਜਮ ਦੀ ਲੋੜ ਹੈ। ਅੰਦਰੋਂ ਤਾਂ ਵਾਸ਼ਨਾਯਾਮ ਕਰਨ ਤੇ ਨਾਮ ਦੇ ਸਾਧਨ ਨੇ ਇਸ ਦੇ 'ਲੋਭ' ਨੂੰ ਕੱਟਣਾ ਹੈ, ਪਰ ਨਾਲ ਹੀ ਬਾਹਰੋਂ ਬੀ ਲੋੜਾਂ ਘਟਾਉਣੀਆਂ ਤੇ ਬਹੁਤ ਥੋੜ੍ਹੇ ਵਿਚ ਨਿਰਬਾਹ ਕਰ ਲੈਣਾ ਤੇ ਥੁੜ ਵੇਲੇ ਸਹਿ ਸਕਣਾ ਇਹ ਯਤਨ ਸੰਜਮ ਹੈ। ਫਿਰ 'ਜਤ' ਹੈ। ਸਭ ਤੋਂ ਵੱਡਾ ਸਰੀਰ ਦਾ ਰਸ ਹੈ ਬੰਦੇ ਵਿਚ 'ਕਾਮ' ਦਾ ਨਿਵਾਸ। ਸਾਡਾ ਨਾਮ ਦਾ ਸਾਧਨ ਮਨ ਨੂੰ ਰੱਬ ਜੀ ਦੇ ਪਿਆਰ ਵਿਚ ਲੈ ਜਾਂਦਾ ਹੈ, ਉਸ ਪਿਆਰ ਨੇ ਸਾਡੇ ਹੋਰ ਪਿਆਰ ਆਪਣੇ ਵਿਚ ਹੋਮ ਕਰ ਲੈਣੇ ਹਨ। ਯਾ ਉਸਦੇ ਨਾਮ ਦਾ ਰਸ ਉਸਦੇ ਪਿਆਰ ਦਾ ਸੁਆਦ ਸੰਸਾਰਕ ਰਸਾਂ ਨੂੰ ਭੁਲਾਉਂਦਾ ਹੈ। ਉਹ ਰਸੁ ਪੀਆ ਇਹ ਰਸੁ ਨਹੀਂ ਭਾਵਾ, ਇਉਂ ਸਾਡੇ ਵਿਚ ਅਸਲ 'ਜਤ' ਪੈਦਾ ਹੋਣਾ ਹੈ, ਪਰ ਅਸਾਂ ਇਕੱਲਿਆਂ ਜਗਤ ਵਿਚ ਵਿਚਰਨਾ ਹੈ, ਮਾਈ ਭਾਈ ਸਭ ਵਿਚ ਵਿਚਰਨਾ ਹੈ, ਮਾਈ ਭਾਈ ਸਭ ਵਿਚ ਫਿਰਦਾ ਹੈ, ਸਾਡੇ ਸਰੀਰ ਨੂੰ ਸਦਾ ਪਵਿੱਤਰਤਾ ਵਿਚ ਵਾਸਾ ਚਾਹੀਏ। ਇਸ ਲਈ ਕੁਛ ਸਮਾਂ ਏਕਾਂਤ ਵਿਚ ਰਹਿ ਕੇ ਤਪ ਹਠ ਨਾਲ ਸਰੀਰ ਨੂੰ ਜਤੀ ਹੋਣ ਦੇ ਗੁਣ ਵਿਚ ਪਰਪੱਕ ਕਰ ਲੈਣਾ ਬੀ ਸਾਧੂ ਦਾ ਧਰਮ ਹੈ। ਤਪ ਤਾਂ ਸਾਰਾ ਮਨ ਦਾ ਹੈ ਜਿਸ ਨੇ ਸਰੀਰ ਨੂੰ ਰੋਕਣਾ ਹੈ, ਪਰ ਏਕਾਂਤ ਕੁਛ ਸਮਾਂ ਰਹਿ ਕੇ ਸਰੀਰ ਨੂੰ ਸਾਧਨਾ ਤੇ ਇਸਨੂੰ ਆਪਣੇ ਰੱਬ ਦੇ ਹੁਕਮ ਵਿਚ ਟੋਰਨਾ, ਇਸ ਤਪਸਿਆ ਦੇ ਕਰਨੇ ਦੀ ਲੋੜ ਹੈ ਅਤੀਤ ਰਹਿਣੇ ਵਾਲੇ ਸਾਧੂ ਨੂੰ ਵਿਸ਼ੇਸ਼ ਕਰਕੇ। ਬਾਕੀ ਰਿਹਾ 'ਸਤਿ' ਉਹ ਹੈ ਸਚ ਵਿਚ ਟਿਕਾਉ। ਇਸਦੇ ਮਨ ਵਿਚ ਜੋ ਰੱਬ ਜੀ ਦਾ ਨਿਵਾਸ ਹੋਣਾ ਹੈ, ਉਹ ਪਹਿਲੋ 'ਹੈ' ਦੀ ਪ੍ਰਤੀਤੀ ਹੋਣਾ ਹੈ। ਇਹ ਹੈ ਸਤਿ ਯਾ ਸੱਚ। ਪਰ ਇਹ ਸੱਚ ਆਤਮਾ ਵਿਚ ਨਿਵਾਸ ਰਖਦਾ ਹੈ। ਇਹੋ ਜਦ ਅਮਲ ਵਿਚ ਆਉਂਦਾ ਹੈ, ਤਾਂ ਸਾਧੂ ਉਹੋ ਕੁਛ ਬੋਲਦਾ ਹੈ, ਜੋ ਹੈ। ਅਰਥਾਤ ਜੋ ਠੀਕ ਠੀਕ ਯਥਾਰਥ ਰੂਪ ਜਿਵੇਂ ਹੈ ਉਵੇਂ ਪ੍ਰਤੀਤ ਕਰਨਾ ਤੇ ਆਖਣਾ। ਇਉਂ ਇਹ ਕੰਮ ਵੀ ਰਸਨਾ ਉਪਰ ਵਸੀਕਾਰ ਪਾਉਣੇ ਦਾ ਹੈ, ਹੈ ਇਹ ਬੀ ਮਨ ਦਾ ਕੰਮ, ਪਰ ਇਸ ਲਈ ਵੀ ਅਤੀਤ ਸਾਧੂ ਨੂੰ ਕੁਛ ਸਮਾਂ ਏਕਾਂਤ ਰਹਿਣੇ ਦੀ ਲੋੜ ਹੈ। ਏਕਾਂਤ ਵਿਚ ਬੋਲਣਾ ਘਟ ਜਾਏਗਾ, ਸੁਤੇ ਹੀ ਮੌਨ ਦਾ ਮੌਕਾ ਆ ਜਾਏਗਾ। ਇਹ ਮੌਨ,

ਇਹ ਚੁੱਪ ਉਸ ਦਾ ਤਪ ਹੋਏਗਾ, ਜੋ ਉਸਨੂੰ ਰਸਨਾ ਦੇ ਸੱਚ ਝੂਠ ਤੋਂ ਮੌਨ ਦੀ ਸ਼ੂਨਤਾ ਵਿਚ ਲੈ ਜਾਏਗਾ। ਉਸ ਵੇਲੇ ਸਾਧੂ ਨੂੰ ਅਸਲ ਸੱਚ ਦੀ ਸੋਝੀ ਪਏਗੀ। ਫਿਰ ਜਦ ਬੋਲੇਗਾ ਤਾਂ ਰਸਨਾ ਸੱਚ ਹੀ ਬੋਲੇਗੀ। ਇਸ ਪ੍ਰਕਾਰ ਅਤੀਤ ਸਾਧੂ ਲਈ ਨਾਮ ਅਭਿਆਸ ਦੇ ਨਾਲ ਇਨ੍ਹਾਂ ਸਾਧਨਾ ਤੇ ਤਖਿਯਾ ਦੀ ਬੀ ਲੋੜ ਹੈ।

ਡਯੂਸੋਜ਼ਾ –ਕੀ ਇਸ ਤਰ੍ਹਾਂ ਕੁਛ ਸਮਾਂ ਤਪ ਕਰਕੇ ਜਗਤ ਸੇਵਾ ਦਾ ਕੰਮ ਨਿਰਭੈ ਟੁਰ ਪਏਗਾ?

ਸੰਤ – ਟੁਰ ਤਾਂ ਪਏਗਾ, ਪਰ ਤਜਰਬਾ ਫੇਰ ਕੁਝ ਹੋਰ ਸਿਖਾਏਗਾ। ਸਾਧੂ ਤਾਂ ਜਾਏਗਾ ਜਗਤ ਵਿਚ ਜਗਤ ਦਾ ਦੁਖ ਹਰਨ ਲਈ। ਪਰ ਜੀਕੂੰ ਕਈ ਬੀਮਾਰੀਆਂ ਛੂਤ ਦੀਆਂ ਹੁੰਦੀਆਂ ਹਨ, ਜੋ ਨਾ ਖਬਰਦਾਰ ਡਾਕਟਰ ਵੈਦ ਨੂੰ ਦੁਖ ਦੂਰ ਕਰਦਿਆਂ ਆਪ ਨੂੰ ਫੜ ਲੈਂਦੀਆਂ ਹਨ, ਜਿਵੇਂ ਡੁਬਦੇ ਨੂੰ ਕੱਢਣ ਗਏ ਤਾਰੂ ਨੂੰ ਡੁੱਬਣ ਵਾਲਾ ਕਈ ਵੇਰ ਜੱਫਾ ਮਾਰ ਕੇ ਆਪ ਬਚਣ ਦੀ ਥਾਂ ਉਸ ਨੂੰ ਨਾਲ ਲੈ ਡੁੱਬਦਾ ਹੈ, ਪਰ ਜੋ ਤਾਰੂ ਖਬਰਦਾਰ ਹੈ ਉਹ ਜਿਸਨੂੰ ਬਚਾਉਣ ਲੱਗਾ ਹੈ ਉਸਦੇ ਜੱਫੇ ਵਿਚ ਕਦੇ ਨਹੀਂ ਆਵੇਗਾ। ਤਿਵੇਂ ਆਪਣੇ ਸਾਧੇ ਹੋਏ ਸਰੀਰ ਤੇ ਮਨ ਤੇ ਕਾਬੂ ਰੱਖਣ ਵਾਲਾ ਸਾਧੂ ਜਦ ਡੁਬਦੇ ਲੋਕਾਂ ਨੂੰ ਬਚਾਏਗਾ ਤਾਂ ਸਦਾ ਖਬਰਦਾਰ ਰਹੇਗਾ ਕਿ ਇਨ੍ਹਾਂ ਦੀ ਮੋਹ ਮਾਯਾ ਦਾ ਕੋਈ ਅਸਰ ਮੇਰੇ ਉਤੇ ਨਾ ਪਵੇ, ਮੈਂ ਇਨ੍ਹਾਂ ਨੂੰ ਬਚਾਵਾਂ।

ਡਯੂਸੋਜ਼ਾ – ਕੀ ਇਸ ਲਈ ਕੋਈ ਨਵਾਂ ਸਾਧਨ ਹੈ?

ਸੰਤ – ਉਸ ਦਾ ਮੁੱਖ ਕੰਮ ਤਾਂ ਹੋਵੇਗਾ ਆਪਣੇ ਰੱਬ ਜੀ ਦੇ ਪਿਆਰ ਵਿਚ ਵੱਸਣਾ, ਉਹ ਸਾਰੇ ਹੋਠੇ ਰਸਾਂ ਤੋਂ ਅਤੀਤ ਰਹੇਗਾ ਤੇ ਨਾਮ ਰਸ ਪੀਏਗਾ, ਉਹ ਹੁਕਮ ਵਿਚ ਟੁਰਦਾ ਹੁਕਮੀ ਦੀ ਹਜ਼ੂਰੀ ਤੋਂ ਦੂਰੀ ਵਿਚ ਨਹੀਂ ਜਾਏਗਾ। ਗੁਰੂ ਕੀ ਬਾਣੀ ਦੀ ਵੀਚਾਰ ਦੇ ਚਾਨਣੇ ਵਿਚ ਟੁਰੇਗਾ। ਕਿਸੇ ਆ ਪਏ ਔਖ ਵੇਲੇ ਹਠ ਤਪ ਤੋਂ ਵੀ ਪੂਰਾ ਕੰਮ ਲਏਗਾ। ਥੋੜ੍ਹੇ-ਥੋੜ੍ਹੇ ਸਮੇਂ ਬਾਦ ਏਕਾਂਤ ਵਿਚ ਆ ਜਾਏਗਾ, ਜਿਥੇ ਨਿਰੋਲ 'ਆਪੇ' ਪਰਮ ਆਪੇ ਦੇ ਅਨੁਭਵ ਵਿਚ ਰਹਿ ਕੇ ਸਾਰ ਸੁਖ, ਸਿਰ ਸੁਖਾਂ ਦੇ ਸੁਖ ਸਾਗਰ ਵਿਚ ਆਪੇ ਨੂੰ ਗੋਤੇ ਦੇ ਦੇ ਕੇ ਸ਼ੁਧ ਆਤਮ ਅਨੁਭਵਤਾ ਵਿਚ ਨਿਰਮਲ ਕਰੇਗਾ। **'ਚਲਦਾ'**

« « « « « « «

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ........................................

ਪਤਾ/Address ........................................

........................................

........................................

....................Pin Code....................

Phone.................... E-mail :....................

ਮੈਂ....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ....................ਮਿਤੀ....................ਰਾਹੀਂ ਭੇਜ ਰਿਹਾ ਹਾਂ।

ਦਸਖਤ....................

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India
Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 03, 10, 17, 24, 31 ਦਸੰਬਰ।

**ਸੰਗਰਾਂਦ** – 16 ਦਸੰਬਰ, ਦਿਨ ਸ਼ਨੀਵਾਰ।

**ਪੂਰਨਮਾਸ਼ੀ** – 4 ਦਸੰਬਰ, ਦਿਨ ਸੋਮਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 30 ਦਸੰਬਰ 2006, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. S.A.S Nagar (Mohali) (Pb)-140901(India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |




POSTAL Regd. No. CHD/0081/2006
RNI 61816/5 PP/CHD-3/003

ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੀ ਪੰਜਵੀਂ ਬਰਸੀ ਤੇ ਕੀਰਤਨ ਕਰਦੇ ਹੋਏ। ਕੀਰਤਨ ਦਾ ਅਨੰਦ ਮਾਣਦੀਆਂ ਹਜ਼ਾਰਾਂ ਸੰਗਤਾਂ।